


The True Story

ਸਾਕਾ ਨੀਲਾ ਤਾਰਾ







ਲੈਫ. ਜਨ. ਕੁਲਦੀਪ ਸਿੰਘ ਬਰਾੜ

ਅਸਲ ਕਹਾਣੀ

ਲੈਫ. ਜਨ. ਕੇ. ਐਸ. ਬਰਾੜ

ਸੱਚੀ ਕਹਾਣੀ ਕਿਤਾਬ


ਅੰਗਰੇਜੀ ਤੋਂ ਪੰਜਾਬੀ ਵਿੱਚ ਅਨੁਵਾਦ
ਡਾ: ਦਵਿੰਦਰ ਸਿੰਘ

* ਕੁਲ ਕਿਤਾਬ 1994 ਤੋਂ 2008 ਤੱਕ ਕੁਲ 15 ਵਾਰ ਛਪੀ
8400 x 15= 12600

* ਪਹਿਲੀ ਵਾਰ ਨਵਾਂ ਐਡੀਅਨ, ਨਵੀਆਂ ਗੱਲਾਂ ਭਿੰਡਰਾਂਵਾਲੇ ਦੀਆਂ ਅਸਲੀ ਕਰਤੂਤਾਂ, ਸਰਕਾਰ ਦੀਆਂ ਕਾਰਵਾਈਆਂ ਅਤੇ ਹਮਲੇ ਦਾ ਅਸਲੀ ਯੁੱਧ ਛਾਪਿਆਂ ਹੈ।

* ਨਵਾ ਐਡੀਸ਼ਨ 2009
ਕੁਲ ਕਾਪੀ 32000

ਸ਼ਿਵਾ ਜੀ ਪ੍ਰੈਸ
ਮਹਾਪਾਲੀਕਾ ਮਾਰਗ, ਮੁੰਬਈ - 400 001



ਹੱਥ ਖੜੇ ਕਰਕੇ ਬਾਹਰ ਆਉਂਦੇ ਹੋਏ ਅਤਵਾਦੀ



ਟੈਂਕਾਂ ਦੇ ਗੋਲਿਆ ਨਾਲ ਢਿਹ
ਢੇਰੀ ਹੋਈ ਇਮਾਰਤ

****** ਲੈਫ. ਜਰਨਲ ਕੇ. ਐਸ. ਬਰਾੜ ******

ਫੌਜ ਵਿੱਚ 3 ਕੈਟਾਗਿਰੀਆਂ ਹੁੰਦੀਆਂ ਹਨ। ਇੱਕ ਲੜ੍ਹਨ ਵਾਲੇ ਫੌਜੀ ਵੀਰਾਂ ਦੀ ਇੱਕ ਉਨ੍ਹਾਂ ਦੇ ਸੀਨੀਅਰ ਅਫ਼ਸਰਾਂ ਦੀ ਅਤੇ ਤੀਸਰੀ ਸਿਰਫ਼ ਉਪਰਲਈ ਅਫ਼ਸਰੀ ਹੁੰਦੀ ਹੈ।

1. ਫੌਜੀ ਕੈਟਾਗਿਰੀ ਵਿੱਚ ਸਭ ਤੋਂ ਛੋਟਾ ਰਿੰਕ ਰੰਗਰੂਟ ਫੇਰ ਲੈਂਸ ਨਾਇਕ ਫੇਰ ਨਾਈਕ ਫੇਰ ਹੌਲਦਾਰ ਫੇਰ ਹੌਲਦਾਰ ਮੇਜ਼ਰ ਹੁੰਦਾ ਹੈ।

2. ਦੂਸਰੀ ਕੈਟਾਗਿਰੀ ਜਿਨ੍ਹਾਂ ਨੇ ਸਰਹੱਦ ਤੇ ਲੜ੍ਹਨਾ ਨਹੀਂ ਹੁੰਦਾ ਇਨ੍ਹਾਂ ਦੇ ਸੀਨੀਅਰਾਂ ਦੀ ਹੁੰਦੀ ਹੈ। ਪਹਿਲਾਂ ਨਾਈਬ ਸੂਬੇਦਾਰ ਫੇਰ ਸੂਬੇਦਾਰ, ਫੇਰ ਸੂਬੇਦਾਰ ਮੇਜਰ ਫੇਰ ਉਨਰੀ ਲੈਫ਼ਟੀਨੈਂਟ ਫੇਰ ਕੈਪਟਨ ਹੁੰਦਾ ਹੈ।

3. ਤੀਸਰੀ ਜੰਗ ਦੀ ਸਕੀਮ ਘੜ੍ਹਨ ਵਾਲੇ ਸਭ ਤੋਂ ਉਪਰੇ ਦਰਜੇ ਦੀ ਹੁੰਦੀ ਹੈ ਜਿਸ ਵਿੱਚ ਸਭ ਤੋਂ ਪਹਿਲਾ ਦੂਸਰਾ ਲੈਫ਼ਟੀਨੈਂਟ ਫੇਰ ਲੈਫ਼ਟੀਨੈਂਟ ਫੇਰ ਕੈਪਟਨ ਫੇਰ ਮੇਜਰ ਫੇਰ ਲੈਫਟੀਨੈਂਟ ਕਰਨਲ ਫੇਰ ਕਰਨਲ ਫੇਰ ਬ੍ਰਿਗੇਡੀਅਰ ਫੇਰ ਅਖੀਰ ਤੇ ਸਾਰੇ ਦੇਸ਼ ਦੀ ਫੌਜ ਦਾ ਮੁਖੀ ਜਰਨਲ ਹੁੰਦਾ ਹੈ।

ਲੈਫ: ਜਰਨਲ ਕੇ. ਐਸ. ਬਰਾੜ 1984 ਵਿੱਚ ਮੇਜਰ ਜਰਨਲ ਸਨ ਅਤੇ ਇੰਨ੍ਹਾਂ ਦੇ ਉਪੱਰ ਕਈ ਲੈਫਟੀਨੈਂਟ ਜਰਨਲ ਅਤੇ ਜਰਨਲ ਵੈਦਿਆ ਜੀ ਸਨ ਅਤੇ ਆਪ ਰਿਟਾਇਰ ਹੋਣ ਸਮੇ ਲੈਫਟੀਨੈਂਟ ਜਰਨਲ ਦੇ ਅਹੁਦੇ ਤੋਂ ਰਿਟਾਇਰ ਹੋਏ। ਇੱਥੇ ਇਹ ਦੱਸਣਾ ਬਣਦਾ ਹੈ ਕਿ ਮੇਜ਼ਰ ਜਰਨਲ ਥੱਲੇ 2 ਲੱਖ ਅਤੇ ਲੈਫਟੀਨੈਂਟ ਜਰਨਲ ਥੱਲੇ 3 ਲੱਖ ਫੌਜੀ ਜਵਾਨ ਹੁੰਦੇ ਹਨ। ਆਪ ਜੀ ਨੇ 1984 ਵਿੱਚ ਸਾਰੀ ਘਟਨਾ ਵਿੱਚ ਹਰ ਪਲ ਹਾਜਰ ਰਹਿ ਕੇ ਅਤੇ ਆਪਣੀ ਜਾਨ ਤਲੀ ਤੇ ਧਰ ਕੇ ਅਕਾਲ ਤਖਤ ਨੂੰ ਅਜ਼ਾਦ ਕਰਵਾਇਆ।

ਆਪ ਜੀ ਦਾ ਇੱਕੋ-ਇੱਕ ਲੜਕਾ ਗੋਆ ਵਿੱਚ ਕਾਰ ਹਾਦਸੇ ਵਿੱਚ ਸ਼ਹੀਦ ਹੋ ਗਿਆ। ਲੜਕੇ ਨੂੰ ਸਮੇ ਦੇ ਉਪਰ ਕੋਈ ਡਾਕਟਰੀ ਸਹਾਇਤਾ ਨਾ ਮਿਲ ਸਕੀ। ਇਸ ਤੋਂ ਉਪਰੰਤ ਬਾਦ ਵਿੱਚ ਆਪ ਦਿਮਾਗੀ ਪ੍ਰੇਸ਼ਾਨੀ ਵਿੱਚ ਚਲੇ ਗਏ ਅਤੇ ਆਪ ਕਾਫੀ ਸਮੇਂ ਤੋਂ ਕੈਂਸਰ ਦੀ ਬੀਮਾਰੀ ਨਾਲ ਪੀੜਤ ਹਨ ਅਤੇ ਸੰਨ 2003 ਤੋਂ ਬਾਅਦ ਸਰਕਾਰ ਨੇ ਇਨ੍ਹਾਂ ਨਾਲ ਕੁਝ ਵਧੀਕੀਆਂ ਕੀਤੀਆ। ਜਿਸ ਤਰ੍ਹਾਂ ਬਾਹਰਲੇ ਦੇਸ਼ ਵਿੱਚੋਂ ਇਲਾਜ ਲਈ ਨਾਂਹ ਕਰਨਾ, ਸਰਕਾਰੀ ਸੁਰਖਿਆ ਘਟਾ ਦੇਣੀ, ਸਰਕਾਰੀ ਰਿਹਾਇਸ਼ ਵਾਪਸ ਲੈ ਲੈਣੀ ਆਦਿ ਤੋਂ ਬਹੁਤ ਤੰਗ ਆ ਗਏ।

ਇਥੇ ਇਹ ਵਰਨਣ ਯੋਗ ਹੈ ਭਾਰਤੀ ਫੌਜ ਵਿੱਚ ਉੱਚ ਅਹੁਦੇ ਤੇ ਬਿਰਾਜਮਾਨ ਸਮੇਂ ਬਹੁਤ ਸਕਿਉਰਟੀ ਹੁੰਦੀ ਹੈ। ਪਰ ਰਿਟਾਇਰਮੈਂਟ ਤੋਂ ਬਾਅਦ ਸਿਰਫ ਇੱਕ ਗੰਨਮੈਨ ਮਿਲਦਾ ਹੈ। ਜਿਸ ਦੀ ਜਿਉਂਦੀ ਜਾਗਦੀ ਮਿਸਲ ਵੈਦਿਆ ਜੀ ਸਨ। ਜਿੰਨ੍ਹਾ ਨੇ ਕਾਫੀ ਸੁੱਰਖਿਆ ਲਈ ਬੇਨਤੀਆਂ ਕੀਤੀਆਂ ਹਨ। ਪਰ ਸਭ ਬੇਅਰਥ। ਇਸੇ ਤਰ੍ਹਾਂ ਦੇਸ਼ ਦੀ ਸੁੱਰਿਖਆ ਏਜੰਸੀ "ਰਾਅ" (ਭਾਰਤੀ ਗੁਪਤਚਰ ਵਿਭਾਗ) ਦੇ ਸਾਬਕਾ ਜਾਇੰਟ ਡਾਇਰੈਕਟਰ "ਮਲੋਇ ਕ੍ਰਿਸ਼ਨਾਧਰ" ਨੇ ਸਰਕਾਰ ਤੋਂ ਨਿਰਾਸ਼ ਹੋ ਕੇ ਖੁੱਲੇ ਖੁੱਲੇ ਭੇਦ ਕਿਤਾਬ ਲਿਖ ਦਿੱਤੀ। ਜਿਸ ਕਾਰਣ ਬਾਦ ਵਿੱਚ ਸਲੋਇ ਕ੍ਰਿਸ਼ਨਾਧਰ ਜੀ ਤੇ ਕਈ ਕੇਸ ਪੈ ਗਏ ਅਤੇ ਉਨ੍ਹਾਂ ਨੂੰ ਘਰ ਵਿੱਚ ਨਜਰ ਬੰਦ ਕਰ ਦਿਤਾ।

ਹੁਣ ਇਹ ਸਵਾਲ ਉਠਦਾ ਹੈ ਕਿ ਮਲੋਇਧਾਰ ਜੀ ਨੇ ਕਿਤਾਬ ਕਿਉਂ ਲਿਖੀ। ਇਹ ਸਭ ਸਰਕਾਰਾ ਬਦਲਣ ਤੋਂ ਬਾਅਦ ਦੇਸ਼ ਦੀ ਸੇਵਾ ਵਿੱਚ ਆਪਣਾ ਜੀਵਨ ਲਾਉਣ ਵਾਲੀਆਂ ਤੋਂ ਆਪਣਾ ਮੂੰਹ ਫੇਰਨ ਕਰਕੇ ਵਾਪਰਦੀਆਂ ਹਨ।

ਮਲੋਇਧਾਰ ਜੀ ਨੇ ਵੱਧ ਰਹੀਆਂ ਸਰਕਾਰੀ ਵਧੀਕੀਆਂ ਦੇ ਜਵਾਬ ਵਿੱਚ "ਮਿਸ਼ਨ ਟੂ ਪਾਕਿਸਤਾਬ" ਲਿਖ ਰਹੇ ਹਨ। ਜਿਸ ਵਿੱਚ ਦੋਨਾਂ ਦੇਸ਼ਾਂ ਦੇ ਜਾਸੂਸਾ ਦੇ ਜੀਵਨ ਬਾਰੇ ਹੈ।

ਇਸੇ ਤਰ੍ਹਾਂ ਲੈਫਟੀਨੈਂਟ ਜਰਨਲ ਕੁਲਦੀਪ ਸਿੰਘ ਬਰਾੜ ਜੀ ਨੇ ਇੱਕ ਅਜਿਹੇ ਖੂੰਖਾਰ ਅੱਤਵਾਦੀ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੱਥਾ ਲਾਇਆ । ਜਿਹੜਾ ਭਿੰਡਰਾਂਵਾਲਾ ਆਪਣੇ ਭਾਸ਼ਣਾ ਵਿੱਚ ਆਪਣੇ ਚੇਲਿਆ ਨੂੰ ਕਹਿੰਦਾ ਸੀ ਕਿ ਜਦੋ ਸ਼ੇਰ ਦਾ ਸ਼ਿਕਾਰ ਹੁੰਦਾ ਹੈ ਤਾਂ ਸ਼ਿਕਾਰ ਕਿਹਾ ਜਾਂਦਾ ਹੈ। ਜਦੋ ਸ਼ੇਰ ਆਦਮੀ ਦਾ ਸ਼ਿਕਾਰ ਕਰ ਦੇਵੇ ਤਾਂ ਵਹਿਸ਼ੀਪੁਣਾ ਕਹਿੰਦੇ ਹਨ। ਇਹੋ ਜਿਹੇ ਬਿਆਨ ਦੇ ਕੇ ਪੰਜਾਬ ਦੀ ਅੰਨਪੜ੍ਹ ਜਨਤਾ ਨੂੰ ਭੜਕਾਉਣ ਵਾਲੇ ਨਾਲ ਜਨਰਲ ਸਾਹਿਬ ਨੇ ਮੱਥਾ ਲਾਇਆ।

ਆਪ ਜੀ ਤੇ ਵੀ ਇਸੇ ਕਾਰਵਾਈ ਵਿੱਚ ਜਾਨਲੇਵਾ ਹਮਲਾ ਹੋਇਆ ਪਰ ਆਪ ਵਾਲ ਵਾਲ ਬਚ ਗਏ। ਇਸ ਕਿਤਾਬ ਵਿਚ ਜਰਨਲ ਜੀ ਨੇ ਸਰਕਾਰੀ ਵਧੀਕੀਆਂ, ਅਫਸਰਾ ਪ੍ਰਤੀ ਰਿਟੈਰਮੈਂਟ ਤੋਂ ਬਾਅਦ ਦਿਖਾਉਣ ਦਾ ਯਤਨ ਕੀਤਾ ਹੈ। ਸਾਡਾ ਕਾਨੂੰਨ ਆਰਮੀ ਅਫਸਰਾਂ ਦੇ ਇਲਾਜ ਇੰਡੀਆਂ ਵਿੱਚ ਕਰਵਾਉਣ ਲਈ ਤਾਂ ਪੈਸੇ ਦਿੰਦਾ ਹੈ । ਪਰ ਅਗਰ ਇਲਾਜ ਵਿਦੇਸ਼ ਵਿੱਚ ਕਰਵਾਉਣਾ ਹੋਵੇ ਤਾਂ ਗੌਰਮਿੰਟ ਨਾਂਹ ਕਰ ਦਿੰਦੀ ਹੈ।

ਅੰਗਰੇਜੀ ਤੋਂ ਪੰਜਾਬੀ ਅਨੁਵਾਦਕ ਡਾ: ਦਵਿੰਦਰ ਸਿੰਘ

(ਧੰਨਵਾਦ)

ਭਿੰਡਰਾਂਵਾਲਾ

ਭਿੰਡਰਾਂਵਾਲਾ ਇੱਕ ਅੱਤ ਦਰਜੇ ਦਾ ਚਲਾਕ ਕਿਸਮ ਦਾ ਆਦਮੀ ਸੀ। ਭਾਵੇਂ ਕਿ ਉਸ ਸਮੇਂ ਅਕਾਲੀ ਲੀਡਰਸ਼ਿਪ ਉਸ ਨੂੰ ਅਨਪੜ੍ਹ ਕਹਿੰਦੀ ਰਹੀ। ਪਰ ਉਸ ਪੜ੍ਹੇ ਲਿਖਿਆ ਤੋਂ ਵਗੈਰਾ ਸਭ ਸਰਕਾਰੀ ਲੀਡਰਸ਼ਿਪ ਨੂੰ ਘੁਮਾਈ ਫਿਰਦਾ ਸੀ। ਉਸ ਨੇ ਪੂਨੇ ਵਿੱਚ ਪੈਦਾ ਹੋਇਆ ਓਸ਼ੋ ਬਾਬਾ ਜਿਸ ਨੂੰ ਰਜਨੀਸ਼ ਵੀ ਕਿਹਾ ਜਾਂਦਾ ਹੈ। ਉਸ ਓਸ਼ੋ ਜਾਦੂਗਰ ਵਾਂਗ ਆਪਣੇ ਪ੍ਰਚਾਰ ਵਿੱਚ ਇਹੋ-ਜਿਹੀਆ ਗੱਲਾ ਰੱਖਦਾ ਸੀ। ਜਿਸ ਨਾਲ ਉਹ ਇੱਕ ਵਰਗ ਦੇ ਲੋਕਾਂ ਨੂੰ ਆਪਣੇ ਮਗਰ ਲਾਉਣ ਵਿੱਚ ਕਾਮਯਾਬ ਹੋ ਗਿਆ।

ਉਹ ਇੱਕ ਉਚ ਦਰਜੇ ਦਾ ਖਤਰਨਾਕ ਅੱਤਵਾਦੀ ਬਣਨਾ ਚਾਹੁੰਦਾ ਸੀ। ਜਿਸ ਨੇ ਪਹਿਲੀ ਪਾਉੜੀ ਦੇ ਉਪਰ ਪੈਰ 1978 ਵਿੱਚ ਕੁਝ ਨਿੰਰਕਾਰੀਆਂ ਨੂੰ ਮਾਰ ਕੇ ਰੱਖਿਆ ਉਸ ਤੋਂ ਬਾਅਦ ਲਗਾਤਾਰ ਆਪਣਾ ਦਬਦਬਾ ਬਣਾਉਣ ਗਿਆ। ਜਿਹੜਾ ਵੀ ਆਦਮੀ ਉਸ ਨੂੰ ਆਪਣੀ ਨਿਗ੍ਹਾਂ ਵਿੱਚ ਮਾੜਾ ਲਗਦਾ ਤਾਂ ਆਪਣੇ ਸਾਥੀਆ ਕੋਲੋ ਕਤਲ ਕਰਵਾ ਦਿੰਦਾ।

ਵੱਡੇ ਵੱਡੇ ਅਫਸਰ ਲੀਡਰ ਅਤੇ ਆਪਣੇ ਆਪ ਨੂੰ ਖੱਬੀ ਖਾਨ ਕਹਾਉਣ ਵਾਲੇ ਬਦਮਾਸ਼ ਉਸ ਦੀ ਦਿੱਤੀ ਇੱਕ ਵਾਰਨਿੰਗ ਨਾਲ ਉਸ ਦੇ ਅੱਗੇ ਪਿਛੇ ਮਿੰਨਤਾ ਕਰਦੇ ਫਿਰਦੇ । ਇਸੇ ਤਰ੍ਹਾਂ ਉਹ ਕਤਲ ਕਰ ਕੇ ਇਕ ਨਰਦਈ ਅਤੇ ਜ਼ਾਲਮ ਆਦਮੀ ਦਾ ਦਰਜਾ ਵੀ ਪ੍ਰਾਪਤ ਕਰਨ ਲੱਗਾ ਜਿਹੜਾ ਕਿ ਹੁਣ ਤੱਕ ਮੁਸਲਮਾਨਾਂ ਨੂੰ ਮਿਲਦਾ ਸੀ। ਉਹ ਆਪਣੇ ਜਣੇ ਸਿੱਖ ਕੌਮ ਵਿੱਚ ਦਹਿਸ਼ਤਪਸੰਦੀ ਕੰਮ ਕਰਕੇ ਸਿੱਖ ਕੌਮ ਨੂੰ ਭੁੱਲੇਖੇ ਵਿੱਚ ਪਾ ਗਿਆ ਸਿੱਖ ਕੌਮ ਉਸ ਨੂੰ ਮੁਆਫ਼ ਕਰ ਸਕਦੀ ਹੈ ਕਿ ਨਹੀਂ, ਜਿਹੜੇ ਫੌਜੀ ਜਵਾਨ ਵੀਰ ਸ਼ਹੀਦ ਹੋਏ ਉਨ੍ਹਾਂ ਦੇ ਘਰ ਦੇ ਵੀ ਮੁਆਫ ਨਹੀਂ ਕਰਨਗੇ। ਜਿਹੜੇ ਫੌਜੀ ਜਵਾਨ 1984 ਵਿੱਚ ਸ਼ਹੀਦ ਹੋ ਗਏ। ਉਨ੍ਹਾਂ ਦੇ ਬੱਚੇ ਜਾ ਘਰ ਦੇ ਕਿਵੇ ਮਾਫ਼ ਕਰਨਗੇ। ਦੇਖਣ ਤੋਂ ਉਹ ਇੱਕ ਸਿੱਧਾ ਸਾਦਾ ਪੈਂਡੂ ਲੱਗਦਾ ਹੈ। ਪਰ ਦਿਮਾਗੀ ਤੌਰ ਤੇ ਉਹ ਵੱਡੇ ਵੱਡੇ ਵਕੀਲਾਂ ਨੂੰ ਬਹਿਸ ਵਿੱਚ ਪਿੱਛੇ ਛੱਡ ਦਿੰਦਾ ਸੀ। ਜਿਸ ਦੀ ਜਿਉਂਦੀ ਜਾਗਦੀ ਮਿਸਾਲ ਦੇਸ਼ ਦਾ ਸਭ ਤੋਂ ਮਹਿੰਗਾ ਵਕੀਲ ਜੇਠ ਮਲਾਨੀ ਜੀ ਹਨ। ਜੋ ਕਿ ਮੌਜੂਦਾ ਸੁਪਰੀਮ ਕੋਰਟ ਦੇ ਵਕੀਲ ਹਨ। ਜਿਨ੍ਹਾ ਨੇ ਬਹਿਸ ਦੌਰਾਨ ਆਪਣੀ ਹਾਰ ਮਨ ਜੇ ਅਖਬਾਰਾਂ ਵਿੱਚ ਬਿਆਨ ਦੇ ਦਿੱਤਾ ਕਿ 'ਭਿੰਡਰਾਂਵਾਲੇ ਕੋ ਜਿਤਨਾਂ ਮੁਸ਼ਕਲ ਹੈ"। ਉਸ ਦੀ ਛੋਟੀ ਇੰਟਰਵਿਊ ਇਸ ਤਰ੍ਹਾ ਹੈ।

ਜੇਠਮਲਾਨੀ : ਆਪ ਸੰਤ ਹੋ।

ਭਿੰਡਰਾਂਵਾਲਾ : ਨਹੀਂ

ਜੇਠਮਲਾਨੀ : ਲੇਕਿਨ ਆਪ ਕੋ ਲੋਗ ਸੰਤ ਕਹਤੇ ਹੈ

ਭਿੰਡਰਾਂਵਾਲਾ : ਲੋਕਾਂ ਕੋਲੋ ਪੁੱਛੋ, ਮੇਰਾ ਸਵਾਲ ਨਹੀਂ ਹੈ। ਜਿਹੜੇ ਕਹਿੰਦੇ ਹਨ ਉਨ੍ਹਾਂ ਤੋਂ ਪੁਛੋ।

ਜੇਠਮਲਾਨੀ : ਆਪ ਹਥਿਆਰ ਰੱਖਤੇ ਹੋ ਇਸ ਸੇ ਅਸ਼ਾਤੀ ਫੈਲਤੀ ਹੈ।

ਭਿੰਡਰਾਂਵਾਲਾ : ਹਥਿਆਰ ਰਖਣੇ ਸਾਡੇ ਗੁਰੂ ਦਾ ਹੁਕਮ ਹੈ। ਇਨ੍ਹਾਂ ਨਾਲ ਸ਼ਤੀ ਰਹਿੰਦੀ ਹੈ।

ਜੇਠਮਲਾਨੀ : ਯੇ ਕਿਸੀ ਭੀ ਹਾਲਤ ਮੇਂ ਨਹੀਂ ਹੋ ਕਸਤਾ । ਹਥਿਆਰੋ ਸੇ ਅਸ਼ਾਤੀ ਆਤੀ ਹੈ।

ਭਿੰਡਰਾਂਵਾਲਾ : ਪਹਿਲਾ ਸੋਚ ਲਵੋ। ਕਿ ਤੁਸੀ ਠੀਕ ਕਹਿ ਰਹੇ ਹੋ ।

ਜੇਠਮਲਾਨੀ : ਬਿੱਲਕੁਲ, ਹਥਿਆਰੋ ਸੇ ਅਸ਼ਾਤੀ ਆਤੀ ਹੈ।

ਭਿੰਡਰਾਂਵਾਲਾ : ਜਿਹੜੀਆਂ ਪਾਕਿਸਤਾਨ ਅਤੇ ਚੀਨ ਦੇ ਬਾਰਡਰ ਦੇ ਉੱਪਰ ਬੀੜੀਆਂ ਤੋਪਾਂ ਮਸ਼ੀਨਗੰਨਾ ਅਤੇ ਟੈਂਕ ਸਾਰੇ ਹਟਾ ਲਵੋ। ਕਿਉ ਕਿ ਚੰਗੀ ਤਰ੍ਹਾਂ ਸ਼ਾਂਤੀ ਕਾਇਮ ਹੋ ਜਾਵੇਗੀ।

ਜੇਠਮਲਾਨੀ : ਅਬ ਪਤਾ ਚਲਾ ਆਪ ਲੋਗੋ ਕੋ ਕਿਸ ਤਰ੍ਹਾਂ ਮਗਰ ਲਗਾ ਕਰ ਰੱਖਾ ਹੈ। ਇਸ ਤਰ੍ਹਾਂ ਭਿੰਡਰਾਂਵਾਲਾ ਅਤਿ ਦਰਜੇ ਦਾ ਚਲਾਕ ਕਿਸਮ ਦਾ ਆਦਮੀ ਸੀ।

ਮੈਂ ਤਾਂ ਉਸ ਨੂੰ ਇਕ ਦੇਸ਼ ਧਰੋਹੀ ਕਹਾਗਾ ਜਿਸ ਨੇ ਅਪਣੇ ਕਪਟ ਦਿਮਾਗ ਨਾਲ ਸਰਕਾਰ ਦੀਆ ਕਮਜੋਰੀਆਂ ਨੂੰ ਅੱਗੇ ਲਿਆ ਕੇ ਦੇਸ਼ ਦੇ ਟੋਟੇ ਕਰਨੇ ਚਾਹੇ। ਪਰ ਸਾਡੇ ਵਰਗੇ ਜਰਨੈਲਾ ਨੇ ਵਰਦੀ ਅੱਗ ਵਿੱਚ ਸਿਰ-ਧੜ ਦੀ ਬਾਜੀ ਲਾ ਕੇ ਹਿੰਦੋਸਤਾਨ ਬਚਾਇਆ।

ਮੈਂ ਪਹਿਲੀ ਕਿਤਾਬ ਵਿੱਚ 1984 ਤੋਂ ਬਾਅਦ ਇਸ ਕਿਤਾਬ ਦੀ ਸਾਰੀ ਇੱਕਠੀ ਕੀਤੀ ਸਮਗ੍ਰੀ ਨੂੰ ਨਹੀਂ ਛਾਪਿਆ। ਪਰ ਹੁਣ ਮੈਂ ਤੁਹਾਨੂੰ ਦਸਾਗਾਂ ਕਿ ਉਸ ਨੇ ਕਿਨ੍ਹਾਂ ਢੰਗਾਂ ਨਾਲ ਲੋਕਾਂ ਨੂੰ ਵਸ ਕਰਕੇ ਇਸ ਦੇਸ਼ ਨੂੰ ਅੱਗ ਲਾਈ। ਉਹ ਕਿੰਨਾ ਚਲਾਕ ਸੀ। ਪਹਿਲੀ ਕਿਤਾਬ ਵਿੱਚ ਮੈਂ ਇਸ ਕਰਕੇ ਨਹੀਂ ਲਿਖਿਆ ਕਿ ਮਸਾ ਮਸਾ ਪੰਜਾਬ ਵਰਦੀ ਅੱਗ ਵਿੱਚੋਂ 1992 ਵਿੱਚ ਮੁੱਕਤ ਹੋਇਆ। ਇਸ ਨੂੰ ਅੱਗ ਲਾਉਣ ਵਾਲੇ ਦੀਆਂ ਹੱਥ ਦੀ ਸਫਾਈ ਵਾਲੀਆਂ ਕਰਾਮਾਤਾਂ ਵਾਗ ਲੋਕ ਉਦ ਦੇ ਜੀਵਨ ਦੇ ਘਟਨਾਕ੍ਰਮ ਨੂੰ ਪੜ੍ਹ ਕੇ ਮਗਰ ਨਾਂ ਲੱਗ ਜਾਣ।

ਪਰ ਹੁਣ ਜਮਾਨਾਂ ਬਦਲ ਗਿਆ ਲੋਕ ਭਿੰਡਰਾਂਵਾਲੇ ਦੇ ਮਗਰ ਤਾਂ ਕੀ ਉਸ ਦੀ ਫੋਟੋ ਵੀ ਦੇਖਣਾ ਨਹੀਂ ਮੰਗਦੇ ਸੋ ਮੈਂ 1984 ਤੋਂ ਬਾਅਦ ਬਿੱਲਕੁਲ ਉਸੇ ਤਰ੍ਹਾਂ ਲਿਖ ਰਿਹਾ ਹਾਂ ਜਿਸ ਤਰ੍ਹਾਂ ਮੈਂ ਗੱਲਾ ਸੁਣੀਆਂ ਲੋਕਾਂ ਨੇ ਸੁਣਾਈਆਂ ਅਤੇ ਇਨ੍ਹਾਂ ਗੱਲਾਂ ਦੀਆਂ ਅਸਲੀਅਤਾਂ ਮੈਂ ਪਹਿਲਾ ਹੀ ਲਿਖਣ ਲੱਗਿਆ। ਤਾਂ ਜੋ ਭੋਲੇ ਭਾਲੇ ਲੋਕ ਉਸ ਨੂੰ ਰਹਿਬਰ ਨਾ ਸਮਝ ਜਾਣ ਜਾਂ ਉਸ ਦੀਆਂ ਪੁੱਠੀਆਂ ਸਿੱਧੀਆ ਕੋਈ ਵਿਧਿਆ ਅਪਣਾ ਕੇ ਨੁਕਸਾਨ ਨਾ ਕਰਵਾ ਲੈਣ ਉਹ ਸਾਰੇ ਪਖੰਡ, ਸ਼ਕਤੀਆਂ ਜੋ ਕਰਦਾ ਹੈ। ਉਸ ਪਿਛੇ ਸਾਇੰਸ ਛੁਪੀ ਪਈ ਹੈ। ਹੱਥ ਦੇਖਣ ਵਾਲੇ ਲੋਕਾਂ ਨੇ ਹਰ ਪਿੰਡ ਦੇ ਘਰ ਜਾਣਾ ਹੁੰਦਾ ਹੈ। ਇਸ ਤਰ੍ਹਾਂ ਭਿੰਡਰਾਂਵਾਲਾ ਜਦੋ ਆਪਣੇ ਨਾਨਕੇ ਘਰ ਪੈਦਾ ਹੋਇਆ ਤਾਂ ਇਸ ਦੇ ਨਾਨਕੇ ਪ੍ਰੀਵਾਰ ਨੇ ਜੋਤਸ਼ੀ ਨੂੰ ਕੋਈ ਲਾਲਚ ਦੇਕੇ ਪਿੰਡ ਵਿੱਚ ਝੂਠੀ ਖਬਰ ਫੈਲਾਉਣ ਦਾ ਯਤਨ ਕੀਤਾ। ਇਸ ਤਰ੍ਹਾਂ ਤੁਸੀ ਵੀ ਕਰ ਸਕਦੇ ਹੋ।

ਫੇਰ ਇਸ ਦੇ ਅਸਲੀ ਪਿੰਡ ਵਿੱਚ ਜਦੋਂ ਇਸ ਬਾਰੇ ਪਤਾ ਕੀਤਾ ਤਾਂ ਮੇਰਾ ਦਿਮਾਗ ਤੁਰੰਤ ਗੱਲ ਫੜ ਗਿਆ। ਕਿ ਇਸ ਦੇ ਘਰ ਦਿਆ ਨੇ ਇਸ ਨੂੰ ਇੱਕ ਭਗਤੀ ਵਾਲਾ ਦਰਵੇਸ਼ ਦਿਖਾਉਣ ਵਾਸਤੇ ਸਾਰੇ ਪਿੰਡ ਵਿੱਚ ਇਸ ਦੇ ਪਾਠਾਂ ਦੀ ਗਿਣਤੀ-ਮਿਣਤੀ ਦਾ ਜਾਲ ਵਿਛਾਇਆ ਅਤੇ ਇਸ ਨੂੰ 22 ਘੰਟੇ ਦਾ ਤਪੱਸਵੀ ਦਿਖਾਇਆ ਗਿਆ।

ਹੁਣ ਤੁਸੀਂ ਦੇਖੋ ਕਿ ਦੁਨੀਆਂ ਵਿੱਚ ਕੋਈ ਅੱਜ ਤੱਕ ਇਹੋ ਜਿਹਾ ਆਦਮੀ ਸੁਣਿਆ ਹੈ ਜੋ ਸਿਰਫ਼ 2 ਘੰਟੇ ਸੌਂਦਾਂ ਹੋਵੇ। ਹਰ ਕਿਸੇ ਦਾ ਮਾਂ-ਪਿਓ ਆਪਣੇ ਪੁਤਰਾਂ ਦੀ ਸ਼ੋਭਾ ਵਧਾਉਣ ਖਾਤਿਰ ਸਭ ਤਰ੍ਹਾਂ ਦੇ ਪਾਖੰਡ ਰਚਦਾ ਹੈ। ਉਸ ਸਮੇਂ ਲੋਕ ਸਾਧੂ-ਸੰਤਾਂ ਦੇ ਸਤਿਕਾਰ ਵਿੱਚ ਵਿਸ਼ਵਾਸ ਰੱਕਦੇ ਸੀ। ਜੋ ਇੰਨ੍ਹਾਂ ਦੇ ਘਰ ਦਿਆ ਨੇ ਇਹ ਸੁਪਨਾ ਪਾਲ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਪੂਰਾ ਕਰ ਦਿੱਤਾ। ਅੱਗੇ ਇੱਕ ਬਾਰੂਮੱਲ ਦੀ ਕਹਾਣੀ ਲਿਖਾਗਾ।

ਅਸਲ ਵਿੱਚ ਜਿਸ ਜਗ੍ਹਾਂ ਮੱਛੀਆਂ ਜਾਂ ਡੱਡੂ ਰਹਿੰਦੇ ਹੋਣ ਉੱਥੇ ਉਨ੍ਹਾਂ ਦੀ ਰਗੜ ਨਾਲ ਪਾਣੀ ਵਿੱਚ ਬਿਜਲੀ ਪੈਦਾ ਹੋ ਜਾਂਦੀ ਹੈ। ਜਿਹੜੇ ਕਈ ਤਰ੍ਹਾਂ ਦੀਆਂ ਭਿਆਨਕ ਬੀਮਾਰੀਆਂ ਦਾ ਇਲਾਜ ਕਰ ਦਿੰਦੀ ਹੈ।ਅੰਮ੍ਰਿਤਸਰ ਸਰੋਵਰ ਵਿੱਚ ਬਹੁਤ ਮੱਛੀਆਂ ਹਨ ਭਿੰਡਰਾਂਵਾਲਾ ਇਸ ਗੱਲ ਤੋਂ ਜਾਣੂ ਸੀ ਕਿ ਬਾਰੂ ਮੱਲ ਦਾ ਪੋਤਾ ਇਸੇ ਕਰ ਕੇ ਠੀਕ ਹੋ ਜਾਂਦਾ ਹੈ। ਪਰ ਉਹ ਅਗਿਆਨਤਾ ਵਿੱਚ ਭਾਵੁਕ ਹੋਇਆ ਭਿੰਡਰਾਂਵਾਲੇ ਨੂੰ ਰੱਬ ਪੇਸ਼ ਕਰਨ ਦਾ ਯਤਨ ਕਰਦਾ ਹੈ ਅਤੇ ਭਿੰਡਰਾਂਵਾਲਾ ਦਿੱਲੀ ਵਿੱਚ ਹਿੰਦੂ ਭਾਈਚਾਰੇ ਨੂੰ ਮਗਰ ਲਾਉਣ ਦੀ ਖਾਤਿਰ ਇਹੋ ਜਿਹੇ ਤੁੱਕੇ ਲਾਉਂਦਾ ਹੈ। ਜਿਹੜੇ ਤੀਰ ਦੀ ਤਰ੍ਹਾਂ ਲੱਗਦੇ ਹਨ। ਪੰਜਾਬੀ ਵਸੋਂ ਉਸ ਸਮੇਂ ਕਾਫੀ ਗਰੀਬ ਹੋਣ ਕਰਕੇ ਉਹ ਸਰਕਾਰ ਦੀਆਂ ਕਮਜੋਰੀਆਂ ਨੂੰ ਹਥਿਆਰ ਬਣਾ ਕੇ ਗਰੀਬ ਲੋਕਾਂ ਦੇ ਕੰਮ ਕਰਕੇ ਆਪਣੀ ਬੱਲੇ ਬੱਲੇ ਕਰਵਾਉਂਦਾ ਹੈ।

ਉਹ ਕਈ ਸਾਲਾਂ ਤੋਂ ਲਟਕਦੇ ਕੇਸਾਂ ਨੂੰ ਕੁਝ ਘੰਟਿਆ ਵਿੱਚ ਨਿਪਟਾ ਕੇ ਆਪਣੀ ਪ੍ਰਸਿੱਧੀ ਕਰਵਾਉਣ ਦਾ ਯਤਨ ਕਰਦਾ ਹੈ। ਉਹ ਦਰਬਾਰਾ ਸਿੰਘ ਵਰਗੇ ਮੁੱਖ ਮੰਤਰੀ ਨੂੰ ਊਟ-ਪਟਾਂਗ ਗੱਲਾਂ ਅਖਬਾਰਾਂ ਵਿੱਚ ਕਹਿੰਦਾ ਹੈ ਅਤੇ ਦਰਬਾਰੇ ਵਰਗਾ ਮਾੜੇ ਦਿਲ ਦਾ ਆਦਮੀ ਅੰਦਰੋ-ਅੰਦਰੀ ਭਿੰਡਰਾਂਵਾਲੇ ਨੂੰ ਕਰਮਾਤੀ ਸਮਝ ਕੇ ਹੋਰ ਡਰਦਾ ਹੈ।

ਅੱਗੇ ਮੈਂ ਦੱਸਾਗਾਂ ਕਿ ਕਿਵੇ ਆਪਣੇ ਆਪ ਨੂੰ ਉਚ ਕੋਟੀ ਦੇ ਬਦਮਾਸ਼ ਕਹਾਉਣ ਵਾਲਿਆਂ ਨੂੰ ਉਹ ਆਪਣੀ ਜੁੱਤੀ ਥੱਲੇ ਰੱਖ ਕੇ ਆਪਣਾ ਡਰ ਅਤੇ ਜਾਲਮਪੁਣਾ, ਅਫਸਰਾਂ ਅਤੇ ਲੋਕਾਂ ਵਿੱਚ ਪਾਉਂਦਾ ਹੈ ਫੇਰ ਦੱਸਾਗਾ ਕਿ ਜਿਨ੍ਹਾਂ ਦੇ ਘਰ ਕੁੜੀਆਂ ਹਨ। ਆਪਣੀ ਟਕਸਾਲ ਦਾ ਨਾਂ ਚਮਕਾਉਣ ਲਈ ਟਕਸਾਲੀ ਪਾਠੀਆਂ ਤੋਂ ਪਾਠ ਕਰਵਾਉਣ ਲਈ ਕਹਿੰਦਾ ਹੈ। ਅਸਲ ਵਿੱਚ ਮੈਨੂੰ ਲੱਗਦਾ ਹੈ ਕਿ ਉਹ ਕਿਸੇ ਤਰ੍ਹਾਂ ਪ੍ਰਸਾਦ ਵਿੱਚ ਕੋਈ ਦਵਾਈ ਪਾ ਕੇ ਅਗਲੇ ਨੂੰ ਖੁਆ ਦਿੰਦਾ ਹੈ। ਵਿਗਿਆਨ ਅਤੇ ਡਾਕਟਰੀ ਦੀ ਕਰਾਮਾਤ ਨਾਲ ਅਗਲੇ ਦੇ ਘਰ ਮੁੰਡਾ ਪੈਦਾ ਹੋ ਜਾਂਦਾ ਹੈ ਅਤੇ ਘੱਟ ਪੜ੍ਹੇ ਲਿਖੇ ਜਾਂ ਅੰਨ੍ਹੀ ਸਰਧਾ ਵਾਲੇ ਮਗਰ ਲੱਗ ਜਾਂਦੇ ਹਨ।

ਭਿੰਡਰਾਂਵਾਲਾ ਇੰਨ੍ਹਾਂ ਚੁਸਤ ਸੀ। ਕਿ ਉਹ ਮਜ਼ਬੀ ਸਿੱਖਾਂ ਨੂੰ ਆਪਣੇ ਮਗਰ ਲਾਉਣ ਵਾਸਤੇ ਇੱਕ ਮਜ਼ਬੀ ਸਿੱਖ ਦੀ ਕੁੜੀ ਨਾਲ ਹੋਈ ਵਧੀਕੀ ਦੀ ਸਜਾ ਕਿੰਨੇ ਜਾਲਮਪੁਣੇ ਨਾਲ ਦਿੰਦਾ ਹੈ। ਉਸ ਦੀ ਹਰ ਇੱਕ ਕਹਾਣੀ ਵਿੱਚ ਵਿਗਿਆਨ ਅਤੇ ਉਸ ਦਾ ਤੇਜ ਤਰਾਰ ਦਿਮਾਗ ਲੁਕਿਆ- ਛੁਪਿਆ ਹੈ। ਉਸ ਦੇ ਅੱਗ ਲਾਊ ਭਾਸ਼ਣਾ ਨੇ ਲੱਖਾਂ ਲੋਕਾਂ ਨੂੰ ਮਰਵਾ ਦਿੱਤਾ।

ਉਸ ਨੇ ਆਪਣੇ ਆਪ ਨੂੰ ਤੇਜ਼ ਤਰਾਰ ਕਹਾਉਂਦੀ ਸਮੇਂ ਦੀ ਅਕਾਲੀ ਸਰਕਾਰ ਨੂੰ ਹਰ ਪਾਸੇ ਤੋਂ ਫੇਲ੍ਹ ਕਰ ਦਿੱਤਾ। ਮੌਕੇ ਦੀ ਸਰਕਾਰ ਉਸ ਨੂੰ ਅਨਪੜ੍ਹ ਅਤੇ ਕਾਗਰਸੀ ਹੋਣ ਦਾ ਇਲਜਾਮ ਲਾਉਂਦੀ। ਸਰਕਾਰ ਕਹਿੰਦੀ ਇਹ ਅਨਪੜ੍ਹ ਐਵੇਂ ਗਲਤ ਬਿਆਨ ਦੇ ਰਿਹਾਂ ਹੈ। ਅਕਾਲੀ ਗੌਰਮਿੰਟ ਆਖਦੀ ਕੇਂਦਰ ਸਰਕਾਰ ਸਭ ਕੁੱਝ ਠੀਕ ਕਰ ਰਹੀ ਹੈ। ਇਹ ਅਨਪੜ੍ਹ ਸਭ ਨੂੰ ਗਲਤ ਭਾਸ਼ਣ ਦੇ ਕੇ ਗਲਤ ਰਾਹ ਪਾ ਰਿਹਾ ਹੈ।

ਅੱਗੇ ਭਿੰਡਰਾਂਵਾਲਾ ਉਸ਼ੋ ਰਜਨੀਸ਼ ਵਾਂਗ ਕਈ ਕਹਾਣੀਆਂ ਪੇਸ਼ ਕਰਦਾ। ਜਿਹੜੀਆਂ ਬਹੁਤ ਪ੍ਰਭਾਵ ਪਾਉਂਦੀਆਂ। ਉਹ ਕਹਿੰਦਾ ਅਕਾਲੀ ਇਸ ਤਰ੍ਹਾਂ ਦੇ ਹਨ। ਕਿ ਇੱਕ ਵਾਰ ਮੁਸਲਮਾਬ, ਹਿੰਦੂ,ਈਸਾਈ ਅਤੇ ਇੱਕ ਅਕਾਲੀ ਸਰਕਾਰ ਦਾ ਲੀਡਰ ਡਾਕੂਆਂ ਦੇ ਹੱਥ ਆ ਗਏ। ਇਨ੍ਹਾਂ ਸਭ ਨੂੰ ਮਾਰਨ ਤੋਂ ਪਹਿਲਾ ਡਾਕੂਆਂ ਨੇ ਸਭ ਤੋਂ ਖਾਹਿਸ਼ ਪੁੱਛੀ। ਡਾਕੂ ਗਿਣਤੀ ਵਿੱਚ 6 ਸਨ। ਮੁਸਲਮਾਨ, ਹਿੰਦੂ ਅਤੇ ਈਸਾਈ ਨੇ ਆਪੋ ਆਪਣੇ ਰੱਬ ਨੂੰ ਚੇਤੇ ਕਰਨ ਦੀ ਖਾਹਿਸ਼ ਮੰਗੀ ਅਤੇ ਡਾਕੂਆਂ ਨੇ ਉਨ੍ਹਾਂ ਦੀ ਖਾਹਿਸ਼ ਪੂਰੀ ਕਰਕੇ ਮਾਰ ਦਿੱਤੇ। ਜਦੋ ਅਕਾਲੀ ਲੀਡਰ ਤੋਂ ਪੁਛਿਆ ਤਾਂ ਉਹ ਕਹਿੰਦਾ ਮੇਰੇ 100 ਛਿੱਤਰ ਮਾਰੋ ਜਦੋਂ ਡਾਕੂਆਂ ਨੇ ਉਸ ਦੇ 99 ਛਿੱਤਰ ਮਾਰ ਦਿੱਤੇ ਤਾਂ ਅਕਾਲੀ ਲੀਡਰ ਨੇ ਆਪਣੇ ਲਕੋਏ ਹੋਏ ਪਿਸਤੌਲ ਨੂੰ ਕੱਢ ਕੇ 5 ਡਾਕੂ ਮਾਰ ਦਿੱਤੇ ਅਤੇ ਛੇਵੇ ਨੂੰ ਕਿਹਾ ਹੁਣ ਤੂੰ ਦੱਸ ਤੇਰੀ ਕੀ ਖਾਹਿਸ਼ ਹੈ। ਡਾਕੂ ਕਹਿੰਦਾ ਬੱਸ ਮੈਨੂੰ ਦੱਸ ਦੇ ਤੂੰ 100 ਛਿੱਤਰ ਮਾਰਨ ਨੂੰ ਕਿਉ ਕਿਹਾ ਸੀ ਅਤੇ 99 ਖਾ ਕੇ ਪਿਸਤੌਲ ਕੱਢ ਲਿਆ ਤਾ ਅਕਾਲੀ ਕਹਿੰਦਾ। ਅਸਲ ਵਿੱਚ ਮੈਨੂੰ ਛਿੱਤਰ ਖਾ ਕੇ ਅਕਲ ਆਉਂਦੀ ਹੈ ਅਤੇ ਮੈਂ ਕੁਝ ਭੁੱਲ ਰਿਹਾ ਸੀ । ਜਦੋਂ ਤੁਸੀਂ ਮੇਰੇ 99 ਛਿੱਤਰ ਮਾਰੇ ਤਾਂ ਮੈਨੂੰ ਸਭ ਕੁਝ ਚੇਤੇ ਆ ਗਿਆ। ਸੋ ਇਸ ਤਰ੍ਹਾਂ ਭਿੰਡਰਾਂਵਾਲਾ ਅਕਾਲੀ ਸਰਕਾਰ ਨੂੰ ਗੱਲਾਂ ਵਿੱਚ ਪਿਛੇ ਕਰ ਦਿੰਦਾ। ਉਹ ਕਾਂਗਰਸੀ ਇਲਜਾਮਾਂ ਨੂੰ ਕਹਿੰਦਾ ਪਹਿਲਾ ਬਾਦਲ ਸਾਹਿਬ ਨੂੰ ਪੁੱਛੋ ਉਨ੍ਹਾਂ ਨੇ ਆਪਣੀ ਲੜਕੀ ਦਾ ਰਿਸ਼ਤਾ ਕਾਂਗਰਸੀ ਪ੍ਰੀਵਾਰ ਕੈਰੋ ਦੇ ਘਰ ਕਿਉਂ ਕੀਤਾ। ਦੂਸਰਾ ਜਦੋਂ ਸਾਰੇ ਅਕਾਲੀ ਦਿੱਲੀ ਮੀਟਿੰਗਾਂ ਤੇ ਜਾਂਦੇ ਹਨ ਅਤੇ ਜਿਨ੍ਹਾਂ ਦਿਲੀ ਦੇ ਲੀਡਰਾਂ ਦੀਆਂ ਕੋਠੀਆਂ ਵਿੱਚ ਰਹਿੰਦੇ ਹਨ। ਉਹ ਸਾਰੇ ਲੀਡਰ ਕਾਂਗਰਸੀ ਹਨ। ਮੈਂ ਅੱਜ ਤੱਕ ਕਿਸੇ ਕਾਂਗਰਸੀ ਲੀਡਰ ਦੇ ਘਰ ਪਾਣੀ ਵੀ ਪੀਤਾ ਹੋਵੇ। ਤਾਂ ਕੋਈ ਵੀ ਸਜਾ ਦੇ ਸਕਦੇ ਹੋ ਅਤੇ ਜਦੋਂ ਕੇਂਦਰੀ ਕਾਂਗਰਸੀ ਲੀਡਰ ਪੰਜਾਬ ਜਾ ਚੰਡੀਗੜ੍ਹ ਆਉਂਦੇ ਹਨ। ਤਾਂ ਇਹ ਅਕਾਲੀ ਕਿਸ ਖੁਸ਼ੀ ਨਾਲ ਰਾਤਾਂ ਨੂੰ ਖਾਣਿਆਂ ਦੀ ਦਾਅਵਤਾਂ ਦੇ ਕੇ ਆਪਣੀਆਂ ਕੋਠੀਆਂ ਵਿੱਚ ਸੱਦਦੇ ਹਨ। ਇਸ ਤਰ੍ਹਾਂ ਉਹ ਲੋਕਾਂ ਨੂੰ ਅਕਾਲੀਆਂ ਅਤੇ ਕਾਂਗਰਸੀਆਂ ਦੀਆਂ ਆਪਸ ਵਿੱਚ ਪਾਈਆਂ

ਗੱਲਵਕੜੀਆਂ ਦੀਆਂ ਫੋਟੋ ਦਿਖਾਉਂਦਾ ਅਤੇ ਆਪਣੇ ਮੂੰਹ ਵਿੱਚੋਂ ਅੱਗ ਦੀਆਂ ਨਾਲਾ ਸੁੱਟਦਾ। ਜਿਸ ਨਾਲ ਭੋਲੇ ਭਾਲੇ ਲੋਕਾਂ ਨੂੰ ਸੇਕ ਲੱਗਦਾ ਅਤੇ ਉਹ ਹਥਿਆਰ ਚੁੱਕ ਲੈਂਦੇ ਸੋ ਆਖੀਰ ਵਿੱਚ ਮੈਂ ਭਿੰਡਰਾਂਵਾਲੇ ਨੂੰ ਅਤਿ ਦਰਜੇ ਦਾ ਵੱਡਾ ਅੱਤਵਾਦੀ ਦੇਸ਼ ਧ੍ਰੋਹੀ ਅਤੇ ਚਲਾਕ ਕਿਸਮ ਦਾ ਆਦਮੀ ਆਖਾਂਗਾ ਅਤੇ ਸਰਕਾਰ ਦਾ ਅਰਬਾਂ ਰੂਪੈ ਦਾ ਨੁਕਸਾਨ ਕਰਨ ਵਾਲਾ ਇੱਕ ਨੁਕਸਾ ਦੇਹ ਆਦਮੀ ਆਖਾਗਾ।

ਲੈਫਟੀਨੈਂਟ ਜਰਨਲ

" ਕੁਲਦੀਪ ਸਿੰਘ ਬਰਾੜ "

(ਮੁਖਬੰਦ)

ਮੈਂ ਪਹਿਲੀ ਵਾਰ 1994 ਵਿੱਚ ਆਪਣੀ ਪਹਿਲੀ ਕਿਤਾਬ ਛਪਵਾਈ। ਉਸ ਤੋਂ ਬਾਅਦ ਮੇਰੀ 8 ਵਾਰ ਐਡੀਸ਼ਨ ਛਾਪੀ ਗਈ। ਮੇਰਾ ਜਨਮ 1934 ਵਿੱਚ ਹੋਇਆ। ਮੇਰਾ ਜਨਮ ਲਾਹੌਰ ਦਾ ਸੀ। ਮੇਰੇ ਦਾਦਾ ਜੀ ਅੰਗਰੇਜਾਂ ਦੇ ਰਾਜ ਵਿੱਚ ਸੀ. ਆਈ. ਡੀ. ਦੀ ਬਰਾਂਚ ਨਾਲ ਕੰਮ ਕਰਦੇ ਸਨ। ਉਨ੍ਹਾਂ ਨੇ 1915 ਵਿੱਚ ਕਰਤਾਰ ਸਿੰਘ ਸਰਾਭਾ ਦੇ 18 ਸਾਥੀਆਂ ਨੂੰ ਬੜੀ ਚਤੁਰਾਈ ਦੇ ਨਾਲ ਗ੍ਰਿਫਤਾਰ ਕਰਵਾਈਆ। ਜਿਸ ਬਦਲੇ ਅੰਗਰੇਜ ਸਰਕਾਰ ਨੇ ਇਨਾਮ ਵੱਜੋਂ ਵੱਡੀ ਜੰਗੀਰ ਦਿੱਤੀ ਅਤੇ ਮੇਰੇ ਪਿਤਾ ਜੀ ਨੂੰ ਉਸ ਸਮੇਂ ਦੇ ਲਾਹੌਰ ਦੇ ਡੀ. ਸੀ. ਖਾਨ ਸਾਹਿਬ ਨੇ ਨਾਲ ਸਰਕਾਰੀ ਨੌਕਰੀ ਦਿੱਤੀ ਗਈ। ਮੇਰੇ ਪਿਤਾ ਜੀ ਨੇ ਆਪਣੀ ਪੂਰੀ ਤਨਦੇਹੀ ਨਾਲ ਆਪਣੀ ਨੌਕਰੀ ਸੀ. ਆਈ. ਡੀ. ਸ਼ੁਰੂ ਕੀਤੀ ਉਹ ਹਮੇਸ਼ਾ ਆਪਣੀ ਸਰਕਾਰ ਦੇ ਪੂਰੇ ਵਫ਼ਾਦਾਰ ਰਹੇ ਅਤੇ ਉਨ੍ਹਾਂ ਨੇ 1927 ਵਿੱਚ 11 ਬੱਬਰਾਂ ਨੂੰ ਗ੍ਰਿਫਤਾਰ ਕਰਵਾਇਆ ਮੇਰੇ ਪਿਤਾ ਜੀ ਨੇ ਸਿਰ ਤੇ ਮੌਤ ਦਾ ਖੱਫਨ ਬੰਨ ਕੇ ਪਹਿਲਾ ਬੱਬਰਾਂ ਦੀਆਂ ਪਾਰਟੀਆਂ ਵਿੱਚ ਸ਼ਾਮਲ ਹੋ ਗਏ ਅਤੇ ਮੌਕਾ ਮਿਲਦੇ ਹੀ ਜੇਕਰ ਰਾਹ ਜਾਂਦੇ ਉਨ੍ਹਾਂ ਨਾਲ ਇੱਕ ਜਾ ਦੋ ਬੱਬਰ ਹੁੰਦੇ ਤਾਂ ਬੱਬਰਾ ਵਲੋਂ ਦਿੱਤੀ ਪਿਸਤੌਲ ਨਾਲ ਹੀ ਉਨ੍ਹਾਂ ਨੂੰ ਅਗਲੇ ਜਹਾਨ ਤੋਰ ਦਿੰਦੇ ਜਾਂ ਚੋਰੀ ਛਿੱਪੇ ਪੁਲਿਸ ਕੋਲ ਲੁਕੇ ਹੋਏ ਬੱਬਰਾਂ ਦੀ ਠਹਿਰ ਦੀ ਖ਼ਬਰ ਪਹੁੰਚਾ ਦਿੰਦੇ।

ਇਸ ਤਰ੍ਹਾਂ ਕਈ ਬੱਬਰਾਂ ਦੇ ਮਰਨ ਜਾਂ ਪੁਲੀਸ ਕੋਲ ਫੜ੍ਹੇ ਜਾਣ ਦੀ ਖ਼ਬਰ ਨੇ ਬੱਬਰਾਂ ਵਿੱਚ ਘਬਰਾਹਟ ਪਾ ਦਿਤੀ। ਪਰ ਜਦੋਂ ਮੇਰੇ ਪਿਤਾ ਜੀ ਨੇ 11 ਬੱਬਰ ਫੜਾਏ। ਤਾਂ ਮੇਰੇ ਪਿਤਾ ਜੀ ਦਾ ਰਾਜ ਖੁੱਲ ਗਿਆ। ਮੇਰੇ ਪਿਤਾ ਜੀ ਮੇਰੀ ਮਾਤਾ ਨੂੰ ਲੈ ਕੇ ਪਿਸ਼ਾਵਰ ਚਲੇ ਗਏ। ਇੱਧਰ ਬੱਬਰਾਂ ਨੇ ਮੇਰੇ ਦਾਦਾ ਜੀ ਦੇ ਦੋਵੇਂ ਅਤੇ ਪੈਰ ਵੱਢ ਦਿੱਤੇ।

ਇਹ ਕਿੱਸਾ ਮੈਨੂੰ ਇਸ ਲਈ ਲਿਖਣਾ ਪਿਆ। ਕਿ ਜਿਸ ਗੌਰਮਿੰਟ ਨਾਲ ਤੁਸੀ ਕੰਮ ਕਰ ਰਹੇ ਹੋ। ਉਸ ਨਾਲ ਪੂਰੀ ਵਫ਼ਾਦਾਰੀ ਨਿਭਾਉਣੀ ਹੀ ਤੁਹਾਡਾ ਪਹਿਲਾਂ ਫਰਜ ਬਣਦਾ ਹੈ। ਜਿਸ ਕਰਕੇ 1984 ਵਿੱਚ ਮੈਨੂੰ ਪੂਰਾ ਆਪਣੀ ਵਫ਼ਾਦਾਰੀ ਦਾ ਸਬੂਤ ਦੇਣਾ ਪਿਆ। ਇਸ ਕਿਤਾਬ ਦੀ ਮੈਂ ਸਾਰੀ ਬਣਤਰ 1988 ਵਿੱਚ ਤਿਆਰ ਕਰ ਲਈ ਸੀ ਅਤੇ 1994 ਵਿੱਚ ਬਜ਼ਾਰ ਵਿੱਚ ਲਿਆਂਦੀ। ਮੈਨੂੰ ਨਾਂ ਤਾਂ ਗਿਆਨੀ ਜੈਲ ਸਿੰਘ ਕੋਲੋ ਅਤੇ ਨਾ ਹੀ ਉਸ ਸਮੇ ਦੀ ਗੋਰਮਿੰਟ ਨੇ ਕੋਈ ਪੁਰਸਕਾਰ ਨਾਲ ਨਵਾਜਿਆ। ਪਰ ਮੈਂ ਗੋਰਮਿੰਟ ਦੀਆਂ ਬਹੁਤ ਗਲਤ ਨੀਤੀਆਂ ਨੂੰ ਅਤੇ ਬਲਿਊ ਸਟਾਰ ਦੇ ਕਈ ਅਹਿਮ ਭੇਦਾ ਨੂੰ ਕਿਤਾਬ ਵਿੱਚ ਲਿਖਣ ਤੋਂ ਗੁਰੇਜ ਕੀਤਾ। ਪਿਛਲੇ ਸਾਲ ਮੇਰੀ ਬਾਈਪਾਸ ਸਰਜਰੀ ਹੋਈ। ਜਿਸ ਕਾਰਣ ਅੱਜ ਮੈਂ ਬਲਿਊ ਸਟਾਰ ਦੇ ਬਾਰੇ ਕੁਝ ਸੋਚਣ ਲਈ ਮਜ਼ਬੂਰ ਹੋਇਆ। ਮੇਰਾ ਇੱਕੋ-ਇੱਕ ਬੇਟਾ ਗੋਆ ਵਿੱਚ ਹੋਏ ਕਾਰ ਐਕਸੀਡੈਂਟ ਵਿੱਚ ਮਾਰਿਆ ਗਿਆ ਅਤੇ 1984 ਦੇ ਬਲਿਊ ਸਟਾਰ ਦੇ ਸਮੇਂ ਰਾਤ ਦੇ 2 ਵਜੇ ਤੱਕ ਮੇਰੀਆਂ ਸਲਾਹਾ ਲੈਣ ਵਾਲੇ ਮੇਰੇ ਕੋਲ ਅਫ਼ਸੋਸ ਕਰਨ ਤੱਕ ਵੀ

ਨਹੀਂ ਆਏ।

ਸੋ ਜਿਸ ਕਾਰਣ ਅੱਜ ਮੈਂ ਡੂੰਘੇ ਸਦਮੇ ਵਿੱਚ ਹਾਂ। ਮੈਂ ਹੋਰ ਤਾਂ ਕੁਝ ਨਹੀਂ ਕਰ ਸਕਦਾ ਪਤਾ ਨਹੀਂ ਮੇਰੀ ਜਿੰਦਗੀ ਹੋਰ 5 ਸਾਲ ਹੈ ਜਾਂ ਨਹੀ ਪਰ ਮੈਂ ਬਲਿਊ ਸਟਾਰ ਦੀ ਹੋਈ ਗਹਿਗੱਚ ਹੋਈ ਲੜਾਈ ਸਰਕਾਰ ਦੀਆਂ ਨੀਤੀਆਂ ਆਦਿ ਬਾਰੇ ਜਰੂਰ ਚਾਨਣਾ ਪਾ ਜਾਊਂਗਾ ਪਰ ਮੈਂ ਹਮੇਸ਼ਾ ਹੀ ਭਿੰਡਰਾਂਵਾਲੇ ਦਾ ਵਿਰੋਧ ਕਰਾਂਗਾ ਜਿਸ ਦੇ ਲੈਕਚਰਾਂ ਨੇ ਹਜ਼ਾਰਾਂ ਮੁੰਡਿਆਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ ਅਤੇ ਦੁਨਿਆਂ ਦੀ ਵੱਡੀਆਂ ਫ਼ੌਜਾਂ ਵਿੱਚ ਗਿਣੀ ਜਾਣ ਵਾਲੀ ਭਾਰਤੀ ਫ਼ੌਜ਼ ਨਾਲ ਦੋ ਹੱਥ ਕੀਤੇ। ਜਿਸ ਨੇ ਦੁਨੀਆ ਦੇ ਮਹਾਨ ਲੀਡਰ ਮਹਾਤਮਾ ਗਾਂਧੀ ਦੇ ਅਸੂਲਾਂ ਦਾ ਘਾਣ ਕੀਤਾ ਹੈ। ਹਿੰਸਾ ਦਾ ਰਾਹ ਫੜਿਆ ਅਤੇ ਇਹ ਵਿਚਾਰ ਨਹੀ ਕੀਤਾ ਕਿ ਸਿੱਖ ਭਾਰਤ ਵਿੱਚ ਘੱਟ-ਗਿੱਣਤੀ ਵਿੱਚ ਹਨ। ਜਿਸ ਕਰਕੇ ਸਰਕਾਰ ਨਾਲ ਪੰਗਾ ਲੈਣਾ ਬੇਵਕੂਫੀ ਸੀ। ਮਹਾਤਮਾ ਗਾਂਧੀ ਜੀ ਦੇ ਅਸੂਲਾ ਤੇ ਚਲਦੇ ਤਾਂ ਜ਼ਰੂਰੀ ਸ੍ਰੀ ਮਤੀ ਇੰਦਰਾ ਗਾਂਧੀ ਕੋਲੋ 2-4 ਮੰਗਾ ਮਨਾ ਲੈਂਦੇ। ਸੱਪ ਵੀ ਮਰ ਜਾਂਦਾ ਅਤੇ ਸੋਟੀ ਵੀ ਬੱਚ ਜਾਂਦੀ ਸੋ ਅਖਰਿ ਵਿੱਚ ਮੈਂ ਕਹਾਂਗਾ ਕਿ ਭਿੰਡਰਾਂਵਾਲਾ ਜਿਆਦਾ ਗਰਮ ਸੁਭਾਅ ਅਤੇ ਬਹੁਤ ਜਿਆਦਾ ਦਲੇਰ ਹੋਣ ਕਰਕੇ ਐਸੇ ਹਾਲਾਤ ਪੈਦਾ ਕੀਤੇ।

ਜਿਸ ਕਾਰਣ ਮੈਨੂੰ ਆਪਣੇ ਲਾਹੋ ਲਸ਼ਕਰ ਨਾਲ ਹਮਲਾ ਕਰਨਾ ਪਿਆ। ਇੱਥੇ ਇਹ ਗੱਲ ਵੀ ਸਹੀ ਹੈ ਕਿ ਹਰ ਗੋਰਮਿੰਟ ਦੁਸ਼ਮਣ ਦੀ ਨਿੱਕੀ ਜਿਹੀ ਗਲ ਨੂੰ ਵਧਾ ਚੜ੍ਹਾ ਕੇ ਦੱਸਦੀ ਹੈ। ਦੁਸ਼ਮਣ ਵਿੱਚ ਵੀ ਕਈ ਗੱਲਾਂ ਠੀਕ ਹੁੰਦੀਆਂ ਹਨ। ਜਿਸ ਨੂੰ ਅੱਖੋ ਪਰੋਖੇ ਕੀਤਾ ਜਾਂਦਾ ਹੈ। ਕਿਉਂ ਕਿ ਸਾਡੇ ਦੁਸ਼ਮਣ ਨਾਲ ਭਰੀ ਗਿਣਤੀ ਵਿੱਚ ਲੋਕ ਸਨ। ਜਿਸ ਦਾ ਕੋਈ ਕਾਰਣ ਗੌਰਮਿੰਟ ਨੇ ਸਮਝਣਾ ਜਰੂਰੀ ਨਹੀ ਸਮਝਿਆ। ਸਾਡੇ ਪੰਜਾਬੀ ਵਿੱਚ ਲੋਕ ਕਹਿੰਦੇ ਹਨ। ਕਿ ਘਰ ਦੇ ਮੈਂਬਰ ਵੀ ਆਪਣੇ ਮਗਰ ਲਾਉਣੇ ਬਹੁਤ ਔਖੇ ਹਨ। ਜਦੋਂ ਕਿ ਸਾਡੇ ਦੁਸ਼ਮਣ ਨੇ ਲੱਖਾ ਬੰਦਾ ਮਗਰ ਲਾਇਆ ਹੋਇਆ ਸੀ ਅਤੇ ਬਲਿਊ ਸਟਾਰ ਖਤਮ ਹੋਇਆ ਕਿਸੇ ਵੀ ਜਵਾਨ ਨੂੰ ਕੋਈ ਖਾਸ ਇਨਾਮ ਨਹੀਂ ਦਿੱਤਾ ਗਿਆ ਅਤੇ ਜਿਹੜੇ ਸ਼ਹੀਦੀਆਂ ਪਾ ਗਏ। ਅੱਜ ਉਨ੍ਹਾਂ ਦੇ ਟੱਬਰ ਗਰੀਬੀ ਦੀ ਮਾਰ ਝੱਲ ਰਹੇ ਹਨ। ਸਰਕਾਰ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ। ਜੇਕਰ ਕੋਈ ਖਾਸ ਇਨਾਮ ਦਿੱਤੇ ਗਏ ਤਾਂ ਸਿੱਖ ਹੋਰ ਭੜਕ ਉਠਣਗੇ।

ਭੂਮਿਕਾ

ਹਰਿਮੰਦਰ ਸਾਹਿਬ ਸਿੱਖਾਂ ਨੂੰ ਉਨ੍ਹਾਂ ਹੀ ਪਿਆਰਾ ਹੈ। ਜਿਤਨਾ ਮੁਸਲਮਾਨਾਂ ਲਈ ਮੱਕਾ, ਇੱਕ ਪਾਸੇ ਆਪਣੇ ਹੀ ਦੇਸ਼ ਦੀਆਂ ਫੌਜਾ ਸਨ। ਦੂਜੇ ਪਾਸੇ ਸਿੱਖ ਕੌਮ ਦੇ ਪਹਿਰੇਦਾਰ ਅਖਵਾਉਣ ਵਾਲੇ ਸਨ। ਜਿਨ੍ਹਾਂ ਵਿੱਚ ਭਾਰਤੀ ਫੌਜ ਦਾ ਹੀ ਉਚੇ ਰੈਂਕ ਵਾਲਾ ਮੇਜਰ ਜਨਰਲ ਸੁਬੇਗ ਸਿੰਘ ਸੀ। ਜੋ ਕੁਝ ਵਰੇ ਪਹਿਲਾ ਮੋਨਾ ਸੀ ਪਰ ਭਿੰਡਰਾਂਵਾਲਾ ਦੇ ਪ੍ਰਚਾਰ ਨੇ ਉਸ ਦੇ ਗਲ ਕ੍ਰਿਪਾਨ ਪੁਆ ਦਿੱਤੀ।

ਇਸ ਜਨਰਲ ਸੁਬੇਗ ਸਿੰਘ ਦੀ ਮੋਰਚਾ ਬੰਦੀ ਨੇ ਸਾਡੇ ਹਜ਼ਾਰਾਂ ਜਵਾਨ ਸ਼ਹੀਦ ਕਰਵਾ ਦਿੱਤੇ ਜਨਰਲ ਸੁਬੇਗ ਸਿੰਘ 1950 ਵਿੱਚ ਡੇਹਰਾਦੂਨ ਵਿਖੇ ਮੇਰਾ ਉਸਤਾਦ ਹੁੰਦਾ ਸੀ। ਮੈਂ ਜਦੋਂ ਵੀ ਲੋਕਾਂ ਵਿੱਚ ਗਿਆ। ਮੈਨੂੰ ਕਈ ਸਵਾਲ ਪੁਛੇ ਗਏ। ਜਿਵੇ ਕਿ ਤੁਸੀ ਸਿੱਖ ਹੋ। ਹਰਿਮੰਦਰ ਸਾਹਿਬ ਤੇ ਹਮਲਾ ਕਿਉ ਕੀਤਾ। ਇਸ ਦਾ ਜਵਾਬ ਕਿਸੇ ਵੀ ਨੌਕਰੀ ਵਾਲੇ ਆਦਮੀ ਲਈ ਪਹਿਲਾ ਆਪਣੀ ਕਿਰਤ ਫੇਰ ਧਰਮ ਹੁੰਦਾ ਹੈ।

ਦੂਸਰਾ ਸਵਾਲ ਕਿ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਹੀ ਹਮਲਾ ਕਿਉ ਕੀਤਾ ਗਿਆ। ਕਿਉ ਕਿ 3 ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਪੁਰਬ ਸੀ। ਇਸ ਦਾ ਜਵਾਬ ਹੈ ਜੇਕਰ ਉਥੇ ਆਏ ਹੋਏ ਹਜ਼ਾਰਾ ਲੋਕਾਂ ਨੂੰ ਕੁਝ ਸੇਕ ਲੱਗਦਾ ਤੋਂ ਜੋ ਭਵਿੱਖ ਵਿੱਚ ਕਦੇ ਵੀ ਸਿੱਖ ਇਹੋ ਜਿਹਾ ਮਾੜਾ ਕਦਮ ਚੁੱਕਣ ਤੋਂ ਪਹਿਲਾ ਕੁਝ ਸੋਚਣ। ਕਿ ਬਲਿਊ ਸਟਾਰ ਦੇ ਦੌਰਾਨ ਕਿੰਨੇ ਮਾਰੇ ਗਏ ਸਨ।

ਤੀਜਾ ਸਵਾਲ ਕਿ ਹਰਿਮੰਦਰ ਸਾਹਿਬ ਨੂੰ ਘੇਰਾ ਪਾ ਕੇ ਬੈਠੇ ਰਹਿੰਦੇ। ਇਸ ਦਾ ਜਵਾਬ ਇਹ ਹੈ ਕਿ ਭਾਰਤੀ ਫੌਜ ਸਿਰਫ਼ ਚੀਨ ਦੀ ਫੌਜ਼ ਦੇ ਹੀ ਅੱਗੇ ਹਾਰੀ ਸੀ। ਬਾਕੀ ਸਭ ਜੰਗ ਜਿੱਤੀਆਂ ਨੇ ਜੇਕਰ ਫੌਜ ਘੇਰਾ ਪਾ ਕੇ ਬੈਠੀ ਰਹਿੰਦੀ ਤਾਂ ਇਹ ਬੁਜਦਿਲੀ ਸੀ।

ਚੌਥਾ ਸਵਾਲ: ਕੁਝ ਕਮਾਂਡੋ ਅੰਦਰ ਜਾਦੇ ਅਤੇ ਭਿੰਡਰਾਂਵਾਲੇ ਨੂੰ ਫੜ੍ਹ ਲੈਂਦੇ ਇਸ ਦਾ ਜਵਾਬ ਇਹ ਹੈ। ਪਹਿਲਾ ਅਸੀਂ ਵੀ ਇਹੀ ਨੀਤੀ ਬਣਾਈ ਸੀ। ਜੋ ਮੈਂ ਅੱਗੇ ਜਾ ਕੇ ਵੇਰਵੇ ਲਿਖਾਗਾ। ਪਰ ਸਾਡੇ 883 ਕਮਾਂਡੋ ਇਸੇ ਨੀਤੀ ਨਾਲ ਸ਼ਹੀਦੀ ਪਾ ਗਏ।

ਪੰਜਵਾਂ:ਸਵਾਲ : ਅਸੀਂ ਮਾਰੂ ਗੈਸਾਂ ਜਾਂ ਟੈਂਕਾਂ ਦੀ ਵਰਤੋਂ ਕਿਉ ਕੀਤੀ ਇਸ ਦਾ ਜਵਾਬ ਇਹ ਹੈ ਕਿ ਜਨਰਲ ਸੁਬੇਗ ਸਿੰਘ ਦੀ ਕੀਤੀ ਹੋਈ ਤਕੜੀ ਮੋਰਚਾ ਬੰਦੀ ਅਤੇ ਮਰਨ ਲਈ ਤਿਆਰ ਬੈਠੇ ਭਿੰਡਰਾਂਵਾਲੇ ਦੇ ਸ਼ਗਿਰਦ ਅਤੇ ਸਾਨੂੰ ਮਿਲੀ ਹੋਈ ਜਾਣਕਾਰੀ ਤੋਂ ਕਿਤੇ ਵੱਧ ਖਤਰਨਾਕ ਹਥਿਆਰਾ ਉਨ੍ਹਾਂ ਦੇ ਕੋਲ ਸਨ। ਜੇਕਰ ਅਸੀਂ ਟੈਂਕਾਂ ਨਾਲ ਹਮਲਾ ਨਾ ਕਰਦੇ ਤਾਂ ਕਦੇ ਵੀ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ ਸੀ। ਸੋ ਜਿਨ੍ਹਾਂ ਮੂੰਹ ਉਤਨੇ ਸਵਾਲ ਵਾਲੀ ਗੱਲ ਬਣ ਜਾਂਦੀ ਹੈ।

ਸਾਡੇ ਦੇਸ਼ ਦੀਆਂ ਫੌਜਾ ਨੇ 1965 ਅਤੇ 1971 ਦੀਆਂ ਸ਼ਾਨਦਾਰ ਜੰਗਾ ਲੜੀਆਂ 1962 ਦੀ ਚੀਨ ਨਾਲ ਹੋਈ ਜੰਗ ਵਿੱਚ ਸਾਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਕਿਉ ਕਿ ਸਾਡੇ ਕੋਲ ਨਾ ਤਾ ਵਧੀਆ ਹਥਿਆਰ ਸਨ। ਦੇਸ਼ ਵਿੱਚ ਭੁੱਖ ਅਤੇ ਨੰਗ ਦਾ ਬੋਲ ਬਾਲਾ ਸੀ। ਅਸੀ 1962 ਦੀ ਲੜਾਈ ਦੋਰਾਨ ਆਪਣੇ ਫੌਜੀ ਜਵਾਨਾਂ ਨੂੰ ਅੱਗੇ ਵਧਣ ਦਾ ਹੌਸਲਾ ਦਿੰਦੇ ਸਨ। ਪਰ ਦੁਸ਼ਮਣ ਕੋਲ ਵਧੀਆ ਕਿਸਮ ਦੇ ਹਥਿਆਰ ਹੋਣ ਕਰਕੇ ਸਾਡੇ ਜਵਾਨ ਰੁਕ ਨਹੀ ਰਹੇ ਸਨ। ਕਿਉ ਕਿ ਜਿੱਥੇ ਅਨਿਆਈ ਮੌਤ ਆਉਂਦੀ ਹੋਵੇ ਉੱਥੇ ਭੱਜਣਾ ਹੀ ਠੀਕ ਹੁੰਦਾ ਹੈ। ਅਸੀਂ ਪਹਾੜਾਂ ਵਿੱਚ ਪੁਟੇ ਹੋਏ ਮੋਰਚੇ ਛੱਡ ਕੇ ਪਿਛੇ ਭੱਜ ਰਹੇ ਸਾਂ। ਜਦੋਂ ਕਿ ਚੀਨੀ ਹੜ੍ਹ ਦੇ ਪਾਣੀ ਵਾਗ ਵੱਧਦੇ ਹੀ ਆ ਰਹੇ ਸਨ। ਜੰਗ ਦੇ ਦੂਸਰੇ ਦਿਨ ਦੁਪਿਹਰ 2 ਵਜੇ ਮੈਂ ਦਿੱਲੀ ਆ ਗਿਆ। ਨਹਿਰੂ ਜੀ ਨਾਲ ਸਲਾਹਾਂ ਹੋਈਆ। ਜੇਕਰ ਚੀਨੀ ਫੋਜ ਨੂੰ ਨਾ ਰੋਕਿਆ ਗਿਆ ਤਾਂ ਸਾਰੇ ਮੁਲਕ ਤੇ ਉਹ ਕਬਜ਼ਾ ਕਰ ਲੈਣਗੇ।

ਕਿਉ ਕਿ ਸਾਡੀਆਂ ਰਫਲਾ ਸਿਰਫ 20 ਗੋਲੀਆਂ ਨਿਕਲਣ ਤੋਂ ਬਾਦ ਗਰਮ ਹੋ ਜਾਂਦੀਆਂ ਸਨ। ਜਦੋ ਕਿ ਚੀਨੀਆਂ ਦੀ ਫੌਜ ਟਿੱਡੀ ਦਲ ਵਾਂਗ ਗੋਲੀਆਂ ਵਰ੍ਹਾਂ ਰਹੀਆਂ ਸਨ।ਸੋ ਫੇਰ ਨਹਿਰੂ ਜੀ ਦੀ ਮਿਹਨਤ ਨਾਲ ਰੂਸ ਨੇ ਸਮਝੌਤਾ ਕਰਵਾਇਆ। ਕਿ ਜਿੰਨਾ ਚੀਨੀ ਫੌਜ ਨੇ ਲੜਾਈ ਦੌਰਾਨ ਇੰਡੀਆ ਦੇ ਥਾਂ ਤੇ ਕਬਜਾ ਕਰ ਲਿਆ। ਭਵਿੱਖ ਵਿੱਚ ਉਹ ਕਦੇ ਨਹੀਂ ਛੱਡੇਗਾ। ਅਸੀਂ ਪਹਿਲਾ ਹੀ ਚੀਨ ਦੀ ਹਰੇਕ ਸ਼ਰਤ ਮੰਨਣ ਲਈ ਤਿਆਰ ਬੈਠੇ ਸੀ। ਸੋ 90.000 ਕਿਲੋ ਮੀਟਰ ਦਾ ਘੇਰਾ ਅੱਜ ਵੀ 45 ਸਾਲ ਬੀਤਣ ਬਾਦ ਅਜੇ ਵੀ ਚੀਨ ਕੋਲ ਹੈ। ਸਾਡੀ ਸਰਕਾਰ ਨੇ ਕਦੇ ਵੀ ਉਸ ਥਾਂ ਨੂੰ ਛੁਡਾਉਣ ਲਈ ਕੋਈ ਕੋਸ਼ੀਸ਼ ਨਹੀਂ ਕੀਤੀ। ਇਸ ਥਾਂ ਵਿੱਚੋਂ ਉਸ ਸਮੇਂ 18 ਲੱਖ ਲੋਕਾਂ ਨੂੰ ਬੇਘਰ ਹੋ ਕੇ ਭੱਜਣਾ ਪਿਆ ਸੀ।

ਸੋ ਇਸੇ ਤਰ੍ਹਾਂ ਜੇਕਰ ਹਰਿਮੰਦਰ ਸਾਹਿਬ ਦੇ ਅੰਦਰ ਫੌਜ ਨਾ ਭੇਜੀ ਜਾਂਦੀ ਤਾ ਦੇਸ਼ ਨੂੰ ਪੰਜਾਬ ਵਿੱਚ ਗ਼ਦਰ ਮੱਚ ਜਾਣ ਦਾ ਖ਼ਦਸ਼ਾ ਸੀ ਤੇ 1962 ਦੀ ਲੜਾਈ ਤੋਂ ਬਾਅਦ ਇੱਕ ਹੋਰ ਹਾਰ ਦਾ ਮੂੰਹ ਦੇਖਣਾ ਪੈਣਾ ਸੀ। ਭਾਵੇ ਅੱਜ ਭਾਜਪਾ ਵਰਗੀਆਂ ਪਾਰਟੀਆਂ ਦਿੱਲੀ ਬੈਠੀਆਂ ਪਾਕਿਸਤਾਨ ਵਿਰੁੱਧ ਕਈ ਤਰ੍ਹਾਂ ਦੀਆਂ ਭੜਾਸ ਕੱਢਦੀਆਂ ਹਨ। ਕਿਉਂ ਕਿ ਵੋਟ ਬੈਂਕ ਭਾਰਾ ਹੁੰਦਾ ਹੈ। ਪਰ ਚੀਨ ਤੋਂ ਇੱਕ ਇੰਚ ਵੀ ਆਪਣਾ ਥਾਂ ਵਾਪਿਸ ਕਰਵਾਉਣ ਲਈ ਨਹੀਂ ਬੋਲਦੀਆਂ ਇਸੇ ਤਰ੍ਹਾਂ ਅਕਾਲ ਤਖ਼ਤ ਤੋਂ ਭਿੰਡਰਾਂਵਾਲਾ ਦੇ ਹੁੰਦੇ ਫੁਰਮਾਨ ਦਾ ਵਿਰੋਧ ਵਿੱਚ ਭਾਜਪਾ ਵਲੋਂ ਦਿੱਤੇ ਬਿਆਨ ਨਾਲ ਵੋਟ ਬੈਂਕ ਬਾਰਾ ਹੁੰਦਾ ਸੀ ਅਤੇ ਸ਼੍ਰੀ ਮਤੀ ਇੰਦਰਾ ਗਾਂਧੀ ਜੀ ਨੂੰ ਆਪਣੀ ਕੁਰਸੀ ਦੀ ਚਿੰਤਾ ਵੱਧਦੀ ਸੀ ਜੇਰਕ ਭਾਜਪਾ ਇੰਨੀ ਫਿਕਰਮੰਦ ਸੀ। ਤਾਂ ਅੱਜ ਤੱਕ ਚੀਨ ਪ੍ਰਤੀ ਆਪਣਾ ਸਖਤ ਸਟੈਂਡ ਰੁਖ ਅਪਣਾਏ। ਪਰ ਚੀਨੀ ਫੌਜ ਦੀ ਤਾਕਤ ਸਾਡੇ ਨਾਲੋ 2.4 ਗੁਣਾ ਵੱਧ ਤਾਕਤਵਰ ਹੈ।ਜਿਸ ਕਰਕੇ ਉਸ ਵਿਰੁਧ ਬੋਲਣਾ ਬੇਵਕੂਫੀ ਹੋਵੇਗੀ। ਭਾਜਪਾ ਵ੍ਰਗੀ ਪਾਰਟੀ ਦੇ ਲੀਡਰਾਂ ਵਲੋਂ ਉਸ ਸਮੇਂ ਬੇਲੋੜਾ ਜਿਆਦਾ ਰੌਲਾ ਪਾਇਆ ਜਾਣ ਕਰਕੇ ਇੰਦਰਾ ਗਾਂਧੀ ਜੀ ਲਈ ਇਹ ਗੁਝਲਦਾਰ ਕੰਮ ਹੋ ਗਿਆ ?

ਕਾਂਡ ਨੰ: 3 1947 ਤੋਂ 1984 ਤੱਕ ਪੰਜਾਬ ਦਾ ਪਿਛੋਕੜ ।

ਜਦੋ ਦੇਸ਼ ਅਜ਼ਾਦ ਹੋਇਆ ਤਾਂ ਅੰਗਰੇਜਾ ਨੇ ਮੁਸਲਮਾਨ, ਹਿੰਦੂ ਅਤੇ ਸਿੱਖ ਤਿੰਨਾ ਕੌਮਾਂ ਨੂੰ ਮਾਨਤਾ ਦਿੱਤੀ। ਨਹਿਰੂ ਜੀ ਨੇ ਮਿਸਟਰ ਜਿਨਾਹ ਨੂੰ ਕਿਹਾ ਕਿ ਆਪਾਂ ਵੋਟਾਂ ਦੇ ਅਧਾਰ ਤੇ ਸਰਕਾਰ ਬਣਾਵਾਗੇ।ਪਰ ਜਿਨਾਹ ਨੇ ਕਿਹਾ ਕਿ ਭਵਿੱਖ ਵਿੱਚ ਮੁਸਲਮਾਨ ਹਿੰਦੂਆਂ ਦੇ ਥੱਲੇ ਰਹਿਣਗੇ। ਕਿਉ ਕਿ ਹਿੰਦੂ ਬਹੁ ਗਿਣਤੀ ਵਿੱਚ ਸਨ। ਮਿਸਟਰ ਜਿਨਾਹ ਨੇ ਕਿਹਾ ਮੈ ਕੋਈ ਰੱਬ ਵਿੱਚ ਬਹੁਤਾ ਵਿਸ਼ਵਾਸ ਕਰਨ ਵਾਲਾ ਨਹੀਂ ਹਾਂ ਅਤੇ ਮੈਂ ਕੈਂਸਰ ਦਾ ਮਰੀਜ ਹਾਂ। ਮੇਰੀ ਜਿੰਦਗੀ ਸਿਰਫ 2 ਸਾਲ ਸੀਮਤ ਹੈ। ਮੈਂ ਕਿਸੇ ਲਾਲਚ ਵਿੱਚ ਨਹੀਂ ਆਵਾਂਗਾ। ਨਹਿਰੂ ਜੀ ਨੂੰ ਜਿਨਾਹ ਨੇ ਕਿਹਾ ਮੇਰੀ ਮੌਤ ਅਵੱਸ਼ ਹੈ। ਮੈਂ ਆਪਣੀ ਕੌਮ ਨਾਲ ਧੋਖਾ ਕਰਕੇ ਹਿੰਦੂਆਂ ਦੇ ਗੁਲਾਮ ਬਣਵਾਂ ਕੇ ਨਹੀਂ ਮਰਾਂਗਾ। ਸੋ ਪਾਕਿਸਤਾਨ ਲੈ ਕੇ ਹੀ ਰਹਾਂਗਾ। ਇਹੀ ਪਾਕਿਸਤਾਨ ਇੰਡੀਆ ਦੀ ਹਰ ਵੇਲੇ ਗਲ ਦੀ ਹੱਡੀ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਜਦੋਂ ਅੰਗਰੇਜ਼ਾ ਨੇ ਸਿੱਖ ਕੌਮ ਦੇ ਲੀਡਰ ਸਰਦਾਰ ਬਲਦੇਵ ਸਿੰਘ ਨੂੰ ਕਿਹਾ ਕਿ ਤੁਸੀ ਆਪਣਾ ਵਖਰਾ ਸਿੱਖ ਰਾਜ ਬਣਾ ਸਕਦੇ ਹੋ। ਤਾਂ ਨਹਿਰੂ ਜੀ ਨੇ ਉਸ ਨੂੰ ਬਹੁਤ ਸਮਝਾਇਆ ਅਤੇ ਵਡੀਆਂ ਵੱਡੀਆਂ ਪਦਵੀਆਂ ਦੀ ਪੇਸ਼ਕਸ਼ ਕੀਤੀ। ਉਸ ਸਮੇਂ ਬਲਦੇਵ ਸਿੰਘ ਜੀ ਦੀਆਂ ਬੰਗਾਲ ਵਿੱਚ ਫੈਕਟਰੀਆਂ ਸਨ ਅਗਰ ਸਿੱਖ ਰਾਜ ਬਣਦਾ ਤਾਂ ਬਲਦੇਵ ਸਿੰਘ ਜੀ ਦਾ ਕੰਮ ਕਾਰ ਖਰਾਬ ਹੁੰਦਾ ਸੀ। ਨਹਿਰੂ ਜੀ ਨੇ ਬਲਦੇਵ ਸਿੰਘ ਨੂੰ ਅੰਗਰੇਜ਼ਾ ਦੇ ਮੱਥੇ ਲਗਣ ਨਾ ਦਿੱਤਾ। ਕਿਉ ਕਿ ਨਹਿਰੂ ਜੀ ਨੂੰ ਪਤਾ ਸੀ ਕਿ ਅੰਗਰੇਜ ਚਲਾਕ ਹਨ। ਉਹ ਬਲਦੇਵ ਸਿੰਘ ਨੂੰ ਜਿਨਾਹ ਵਾਗ ਸਿਖ ਰਾਜ ਲੈਣ ਲਈ ਸਮਝਾ ਸਕਦੇ ਹਨ। ਉਸ ਸਮੇਂ ਨਹਿਰੂ ਜੀ ਨੇ ਬਲਦੇਵ ਸਿੰਘ ਨੂੰ ਸਰਕਾਰ ਵਲੋਂ ਹੋਰ ਵਡੀਆ ਗਰਾਂਟਾ ਦੇ ਕੇ ਸਪੈਸ਼ਲ ਜਹਾਜ ਰਾਹੀ ਬੰਗਾਲ ਭੇਜ ਦਿੱਤਾ ਸੋ ਸਿੱਖਾਂ ਦੀ ਚੰਗੀ ਕਿਸਮਤ ਕਰਕੇ ਅਸੀਂ ਨਹਿਰੂ ਜੀ ਦੇ ਦੋਸਤ ਬਣ ਗਏ।

ਹੋਲੀ ਹੋਲੀ ਅਕਾਲੀਆਂ ਨੂੰ ਇਹ ਖਦਸ਼ਾ ਪੈਣਾ ਸ਼ੁਰੂ ਹੋਗਿਆ ਕਿ ਨਹਿਰੂ ਜੀ ਨੇ ਆਪਣੇ ਕੀਤੇ ਵਚਨਾ ਤੋਂ ਮੁਕਰਦੇ ਜਾ ਰਹੇ ਹਨ ਅਤੇ ਸਿੱਖ ਕੌਮ ਦੀ ਹਸਤੀ ਬੁਧ ਅਤੇ ਜੈਨ ਧਰਮ ਦੀ ਤਰ੍ਹਾ ਖਤਮ ਹੋ ਸਕਦੀ ਹੈ। ਕੁਝ ਅਕਾਲੀ ਨਹਿਰੂ ਜੀ ਨੂੰ ਮਿਲੇ। ਪਰ ਨਹਿਰੂ ਜੀ ਨੇ ਕਿਹਾ ਦੇਸ਼ ਨੂੰ ਇੱਕਠਾ ਰੱਖਣ ਲਈ ਕੁਝ ਝੂਠੇ ਵਾਦੇ ਵੀ ਕਰਨੇ ਪੈਂਦੇ ਹਨ। ਹੁਣ ਸਮਾਂ ਬਦਲ ਚੁੱਕਾ ਹੈ। ਜਦੋ ਕਿ ਅਕਾਲੀ ਆਗੂ ਕਹਿ ਰਹੇ ਸਨ। ਕਿ ਅੰਗਰੇਜੀ ਰਾਜ ਵਿੱਚ 100 ਵਿਚੋਂ 94 ਸਿਖਾਂ ਨੇ ਕੁਰਬਾਨੀਆਂ ਦਿੱਤੀਆਂ। ਪਰ ਨਹਿਰੂ ਜੀ ਦੀ ਤੀਖਣ ਬੁੱਧੀ ਨੇ ਅਕਾਲੀਆਂ ਦੀ ਇੱਕ ਨਾ ਸੁਣੀ ਜਦੋਂ ਬਲਦੇਵ ਸਿੰਘ ਮਰਨ ਲੱਗਿਆਂ ਤਾਂ ਉਸ ਨੇ ਆਪਣਾ ਅਖੀਰਲਾ ਸ਼ਬਦ ਇਹੀ ਕੱਢਿਆਂ ਕਿ ਮੈਂ ਸਿੱਖਾਂ ਨੂੰ ਹਿੰਦੂਆਂ ਦੇ ਗੁਲਾਮ ਬਣਾ ਚੱਲਿਆ। ਇਸ ਤੋਂ ਪਤਾ ਲੱਗਦਾ ਹੈ ਕਿ ਬਲਦੇਵ ਸਿੰਘ ਆਪਣੇ ਅਖੀਰਲੇ ਸਮੇਂ ਪਾਗਲ ਹੋਇਆ ਲੱਗਦਾ ਹੈ।

ਜਦੋਂ ਨਹਿਰੂ ਜੀ ਨੇ ਅਕਾਲੀਆਂ ਨੂੰ ਅੰਗੂਠਾ ਦਿਖਾ ਦਿੱਤਾ ਤਾਂ ਅਕਾਲੀ ਆਗੂ ਪੰਜਾਬੀ ਸੂਬਾ ਲੈਣ ਲਈ ਮੋਰਚੇ ਲਾਉਣ ਲੱਗ ਪਏ। ਨਹਿਰੂ ਜੀ ਨੇ ਅਕਾਲੀਆਂ ਨੂੰ ਇਸ ਤਰ੍ਹਾਂ ਖੁਜੇ ਲਾਈ ਰੱਖਿਆ ਜਿਵੇ ਤਕੜੇ ਦੇਸ਼ ਦੀ ਫੌਜ ਮਾੜੇ ਦੇਸ਼ ਦੇ ਵਾਸੀਆਂ

ਨੂੰ ਲੜਾਈ ਦੌਰਾਨ ਰੱਖਦੀ ਹੈ। ਨਹਿਰੂ ਜੀ ਨੇ 1964 ਤੱਕ ਪੰਜਾਬੀ ਸੂਬਾ ਨਾ ਬਣਨ ਦਿੱਤਾ ਅਤੇ ਨਾ ਹੀ 1946 ਵਿੱਚ ਬਲਦੇਵ ਸਿੰਘ ਨਾਲ ਕੀਤੇ 17 ਸਮਝੋਤਿਆਂ ਵਿੱਚੋਂ ਇੱਕ ਵੀ ਨਾ ਮੰਨਿਆ ਅਤੇ ਪੂਰੇ ਭਾਰਤ ਤੇ 17 ਸਾਲ ਰਾਜ ਕੀਤਾ ਅਸਲ ਵਿੱਚ ਨਹਿਰੂ ਜੀ ਦੂਰ ਅੰਦੇਸੀ ਅਤੇ ਅਕਲਮੰਦ ਸਨ।

ਜੇਕਰ ਉਹ ਅਕਾਲੀਆਂ ਅੱਗੇ ਝੁਕ ਜਾਂਦੇ ਤਾਂ ਉਹ 17 ਸਾਲ ਰਾਜ ਨਹੀਂ ਕਰ ਸਕਦੇ ਸਨ। ਮੈਂ ਹਮੇਸ਼ਾ ਹੀ ਨਹਿਰੂ ਜੀ ਅੱਗੇ ਆਪਣਾ ਸਿਰ ਝੁਕਦਾ ਰੱਖਾਗਾ। ਉਹਨਾਂ ਤੋਂ ਬਾਅਦ ਲਾਲ ਬਹਾਦਰ ਸ਼ਾਸ਼ਤਰੀ ਫੇਰ ਸ੍ਰੀ ਮਤੀ ਇੰਦਰਾ ਗਾਂਧੀ ਜੀ ਗੱਦੀ ਤੇ ਬੈਠੇ। ਅਕਾਲੀ ਆਪਣੇ 1946 ਵਾਲੇ ਵਾਅਦੇ ਲਈ ਬੈਠੇ ਸਨ। ਇੰਦਰਾ ਜੀ ਨੇ 2-3 ਵਾਅਦੇ ਪੂਰੇ ਕਰ ਦਿੱਤੇ ਅਕਾਲੀਆਂ ਦੀ ਤਾਕਤ ਘਟਾਉਣ ਲਈ ਨਿੰਰਕਾਰੀਆਂ ਦਾ ਮੁੱਖੀ ਬਾਬਾ ਗੁਰਬਚਨੇ ਨੂੰ ਪੰਜਾਬ ਅੰਦਰ ਪ੍ਰਚਾਰ ਲਈ ਭੇਜਿਆ। ਉਸ ਨੇ ਆਪਣੇ ਮਿੱਠੇ ਬੋਲਾ ਕਰਕੇ ਪੰਜਾਬ ਵਾਸੀਆਂ ਦਾ ਮਨ ਮੋਹ ਲਿਆ। ਹਜ਼ਾਰਾ ਲੋਕ ਰੋਜ ਉਸ ਦੇ ਚੇਲੇ ਬਨਣ ਲੱਗੇ। ਛੋਟੀਆਂ ਜਾਤੀਆਂ ਦਿਨੋਂ ਦਿਨ ਨਿੰਰਕਾਰੀਆਂ ਵਿੱਚ ਸ਼ਾਮਿਲ ਹੋਣ ਲੱਗੀਆਂ। ਅਕਾਲੀਆਂ ਲਈ ਨਿਰੰਕਾਰੀ 100 ਪਿਆਜ ਖਾ ਵਲੋਂ ਜਾਂ 100 ਛਿੱਤਰ ਖਾ ਲਵੋ ਵਾਲੀ ਗੱਲ ਬਣ ਗਈ।

ਉਮਰਾ ਨੰਗਲ ਅਕਾਲੀ ਆਗੂ ਆਪਣੀਆ ਵੋਟਾ ਦੀ ਖਾਤਰ ਨਿੰਰਕਾਰੀਆਂ ਦੀ ਪਿੱਠ ਤੇ ਖੜ੍ਹ ਗਿਆ। ਉੱਧਰ ਨਿਰੰਕਾਰੀ ਮੁਖੀ ਗੁਰਬਚਨਾ ਦਸਾਂ ਗੁਰੂਆਂ ਦੇ ਉਲਟ ਬੋਲਣ ਲੱਗ ਪਿਆ। ਸ੍ਰੀ ਮਤੀ ਇੰਦਰਾ ਗਾਂਧੀ ਜੀ ਗੁਰਬਚਨੇ ਨੂੰ A Z ਸੁੱਰਖਿਆ ਅਤੇ ਹੋਰ ਹਰ ਸਹੂਲਤਾ ਦੇ ਰਹੇ ਹਨ ਅਤੇ ਵੱਧ ਤੋਂ ਵੱਧ ਪੰਜਾਬ ਵਿੱਚ ਸਮਾਗਮ ਕਰਾਉਣ ਲਈ ਹਰ ਕੋਸ਼ਿਸ਼ ਕਰ ਰਹੇ ਹਨ। ਉਧਰ ਜੇਕਰ ਅਕਾਲੀ ਸਮਾਗਮਾਂ ਦੇ ਉਲਟ ਬੋਲਦੇ ਤਾਂ ਨਿਰੰਕਾਰੀਆਂ ਦੀ ਵੋਟ ਇੰਨੀ ਹੋ ਚੁਕੀ ਸੀ ਕਿ ਅਕਾਲੀਆਂ ਨੂੰ ਚੁੱਪ ਰਹਿਣਾ ਪੈਂਦਾ ਸੀ ਉਧਰ ਕੇਂਦਰ ਗੋਰਮਿੰਟ ਨੇ ਸਾਰੀਆਂ ਤਾਕਤਾ ਆਪਣੇ ਹੱਥ ਰੱਖੀਆਂ ਹੋਣ ਕਰਕੇ ਅਕਾਲੀ ਨਿਰੰਕਾਰੀਆਂ ਦੇ ਸਮਾਗਮਾਂ ਤੇ ਰੋਕ ਵੀ ਨਹੀਂ ਲਾ ਸਕਦੇ ਸਨ।

ਇਸ ਵੇਲੇ ਪੰਜਾਬ ਵਿੱਚ ਇਹੋ ਜਿਹੀ ਸਥਿਤੀ ਪੈਦਾ ਹੋ ਗਈ। ਕਿ ਨਿਰੰਕਾਰੀ ਮੁੱਖੀ ਗੁਰਬਚਨ ਦੇ ਵਿਰੁਧ ਬੋਲਣ ਵਾਲਾ ਕੋਈ ਨਹੀਂ ਰਿਹਾ ਅਤੇ ਨਿਰੰਕਾਰੀ ਮੁਖੀ ਸਿੱਖ ਗੁਰੂਆਂ ਦੇ ਉੱਲਟ ਇਸ ਤਰ੍ਹਾਂ ਕਰਨ ਲੱਗਿਆ, ਜਿਵੇ ਉਸ ਨੇ 5 ਪਿਆਰਿਆਂ ਦੀ ਥਾਂ 7 ਸਤਾਰੇ ਬਣਾ ਦਿੱਤੇ। ਸਿੱਖਾਂ ਦੇ ਗਿਆਰਵੇ ਗੁਰੂ-ਗ੍ਰੰਥ ਸਾਹਿਬ ਦੇ ਉੱਪਰ ਦੀ ਲੰਘ ਕੇ ਕਹਿੰਦਾ ਕਿ ਇਹ ਇੱਕ ਕਿਤਾਬ ਹੈ ਅਤੇ ਕਹਿੰਦਾ ਬੰਦਾ ਹੀ ਰਬ ਹੈ ਅਤੇ ਇੱਕ ਦੂਸਰੇ ਦੇ ਪੈਰੀ ਹੱਥ ਲਾਉ ਅਤੇ 35 ਸਾਲ ਤੱਕ ਕਿਸੇ ਵੀ ਜਨਾਨੀ ਨਾਲ ਸੰਭੋਗ ਕਰ ਸਕਦੇ ਹੋ ਚਾਹੇ ਜਨਾਨੀ ਇਸ ਦਾ ਵਿਰੋਧ ਕਰੇ। ਆਪਣੀ ਸਕੀ ਭੈਣ ਨਾਲ ਹੀ ਵਿਆਹ ਕਰੋ ਤਾਂ ਜੋ ਦਾਜ ਅਤੇ ਹੋਰ ਕੁਰੀਤੀਆਂ ਮੁਕ ਜਾਣ।

ਸੰਗਰਾਂਦ ਦੀ ਥਾਂ ਤੇ ਉਸ ਨੇ ਆਪਣਾ ਜਨਮ ਦਿਨ ਅਤੇ ਆਪਣੀ ਜਿੰਦਗੀ ਦੇ ਕਈ ਅਹਿਮ ਦਿਨਾਂ ਦੀ ਤਾਰੀਖਾਂ ਦੇ ਕੇ ਹਰ ਮਹੀਨੇ ਉਹ ਮਨਾਉਣ ਲਈ ਕਿਹਾ। ਜਦੋ ਨਿੰਰਕਾਰੀ ਮੁੱਖੀ ਦਾ ਇਹ ਪ੍ਰਚਾਰ 1978 ਪੂਰੇ ਸਿਖਰਾਂ ਤੇ ਸੀ। ਇੱਧਰ ਪੰਜਾਬ

ਨੇ ਕਾਲੇ ਦੌਰ ਵਿੱਚ ਜਾਣਾ ਕਰਕੇ ਭਿੰਡਰਾਂਵਾਲਾ ਗੱਦੀ ਉੱਤੇ ਬੈਠ ਗਿਆ। ਜਿਸ ਦੀ ਹਿਸਟਰੀ ਮੈਂ ਅੱਗੇ ਲਿਖਾਂਗਾ ਉਹ ਇੰਨ੍ਹਾ ਗਰਮ ਅਤੇ ਦਲੇਰ ਸੀ ਕਿ ਉਸ ਨੇ ਬਿਨ੍ਹਾਂ ਕਿਸੇ ਦੀ ਸਲਾਹ ਲਈ ਤੋਂ ਬਗੈਰ ਇਹ ਬਿਆਨ ਦਾਗ ਦਿੱਤਾ ਕਿ ਜਿੱਥੇ ਵੀ ਨਿਰੰਕਾਰੀ ਸਮਾਗਮ ਕਰਨਗੇ। ਉਥੇ ਹੀ ਮੈਂ ਆਪਣਾ ਦੀਵਾਨ ਲਾਵਾਂਗਾ।

ਮੌਕੇ ਦੀ ਸਰਕਾਰ ਨੇ ਉਸ ਨੂੰ ਡਰਾਉਣ ਦੀ ਬਹੁਤ ਕੋਸ਼ਿਸ ਕੀਤੀ ਪਰ ਉਹ ਅੜੀਅਲ ਸੁਭਾ ਦਾ ਹੋਣ ਕਰਕੇ ਅੜ੍ਹ ਗਿਆ। ਇੱਧਰ 13 ਅਪ੍ਰੈਲ 1978 ਨੂੰ ਗੁਰਬਚਨੇ ਨੇ ਆਪਣਾ ਪ੍ਰੋਗਰਾਮ ਅੰਮ੍ਰਿਤਸਰ ਰੱਖ ਦਿੱਤਾ। ਉਧਰ ਭਿੰਡਰਾਂਵਾਲੇ ਨੇ ਐਲਾਨ ਕਰ ਦਿੱਤਾ ਚਾਹੇ ਮੈ ਮਰ ਜਾਵਾ ਇਹ ਸਮਾਗਮ ਨਹੀਂ ਹੋਣ ਦੇਵਾਗਾ। ਸਮਾਗਮ ਵਾਲੇ ਦਿਨ ਕੋਈ ਸਿੱਖ ਰੀਤੀ ਅਨੁਸਾਰ ਪੰਜ ਸਿੱਖਾਂ ਨੇ ਭਿੰਡਰਾਂਵਾਲੇ ਨੂੰ ਜਾਣ ਤੋਂ ਰੋਕ ਦਿੱਤਾ ਅਤੇ ਉਸ ਦੀ ਟਕਾਸਲ ਦੇ ਸਿੱਖ ਚਲੇ ਗਏ। ਉਨ੍ਹਾਂ ਨੇ ਜਾਣ ਸਾਰ ਕ੍ਰਿਪਾਨਾ ਕੱਢ ਕੇ ਮਾਰਨ ਲੱਗੇ ਅਤੇ ਉਧਰ ਪੰਜਾਬ ਸਰਕਾਰ ਅਕਾਲੀ ਗੌਰਮਿੰਟ ਦੀ ਲਾਈ ਪੁਲਿਸ ਨੇ ਅਤੇ ਨਿਰੰਕਾਰੀ ਮੁੱਖੀ ਦੇ ਸਕਿਉਰਟੀ ਨੇ ਗੋਲੀ ਚਲਾ ਦਿੱਤੀ ਜਿਸ ਨਾਲ ਭਿੰਡਰਾਂਵਾਲਾ ਦੇ 17 ਸਾਥੀ ਮਾਰੇ ਗਏ। ਪੰਜਾਬ ਸਰਕਾਰ ਨੇ ਗੁਰਬਚਨੇ ਨੂੰ ਸਖ਼ਤ ਪ੍ਰਬੰਧਾਂ ਹੇਠ ਦਿੱਲੀ ਪਹੁੰਚਾ ਦਿੱਤਾ ਬੱਸ ਇਸ ਦਿਨ ਤੋਂ ਪੰਜਾਬ ਦੇ ਕਾਲੇ ਦਿਨ ਦੀ ਪਹਿਲੀ ਇੱਟ ਰੱਖੀ ਗਈ। ਹੁਣ ਜਿੱਥੇ ਵੀ ਨਿਰੰਕਾਰੀ ਸਮਾਗਮ ਹੁੰਦਾ ਸਿੱਖ ਉਥੇ ਜਾਂਦੇ ਸਨ। ਜਿਨ੍ਹਾਂ ਦੀ ਅਕਲ ਘੱਟ ਕੰਮ ਕਰਦੀ ਸੀ ਅਤੇ ਨਿਰੰਕਾਰੀ ਗੋਲੀ ਨਾਲ ਮਾਰ ਦਿੰਦੇ ਸਨ। ਇਸ ਤਰ੍ਹਾਂ ਕੁਝ ਮੀਨਿਆਂ ਵਿੱਚ 105 ਸਿੱਖ ਮਾਰੇ ਗਏ। ਇੱਧਰ ਭਿੰਡਰਾਂਵਾਲਾ ਸ਼ਰੇਆਮ ਐਲਾਨ ਕਰਕੇ ਨਿਰੰਕਾਰੀਆਂ ਨੂੰ ਮਾਰਨ ਲੱਗਿਆ।ਉਹ ਸਿੱਧਾ ਚੈਲਿੰਜ ਕਰ ਦਿੰਦਾ ਅਤੇ ਨਿਰੰਕਾਰੀਆ ਨੂੰ ਸਦਾ ਦੀ ਨੀਂਦ ਸੁਆਂ ਦਿੰਦੇ। ਨਿਰੰਕਾਰੀਆਂ ਦੇ ਵਿਰੋਧੀ ਸਿੱਖ ਵੱਡੀ ਗਿਣਤੀ ਵਿੱਚ ਭਿੰਡਰਾਂਵਾਲਾ ਨਾਲ ਜੁੜਨ ਲੱਗੇ। ਭਿੰਡਰਾਂਵਾਲਾ ਆਪਣੀ ਤਕਰੀਰ ਨਾਲ ਉਹਨਾਂ ਨੂੰ ਭੜਕਾਉਂਦਾ ਅਤੇ ਅੱਤਵਾਦੀ ਬਣਾ ਕੇ ਨਿਰੰਕਾਰੀਆਂ ਨੂੰ ਮਾਰਨ ਲਈ ਤੋਰਦਾ। ਇੱਧਰ ਨਿਰੰਕਾਰੀ ਦਿਨ ਦਿਹਾੜੇ ਹੀ ਮਰਨ ਲੱਗ ਪਏ। ਹੁਣ ਸਰਕਾਰ ਭਿੰਡਰਾਂਵਾਲੇ ਨੂੰ ਸੁਲਾ ਸਫ਼ਾਈ ਲਈ ਸਿਫ਼ਾਰਸ਼ਾਂ ਪਾਉਣ ਲੱਗੀ। ਅੱਗੋ ਭਿੰਡਰਾਂਵਾਲੇ ਨੇ ਕਹਿ ਦਿੱਤਾ ਸਾਡੇ 105 ਸਿੱਖ ਮਰੇ ਹਨ ਜਦੋ 106 ਨਿਰੰਕਾਰੀ ਮਾਰ ਦਿੱਤੇ ਫੇਰ ਰਜਾਮੰਦੀ ਕਰਾਂਗੇ।

ਪੰਜਾਬ ਵਿੱਚ ਮਾਹੌਲ ਖਰਾਬ ਹੋਣਾ ਸ਼ੁਰੂ ਹੋ ਗਿਆ। ਅਕਾਲੀਆਂ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਕਾਂਗਰਸ ਨਿਰੰਕਾਰੀਆਂ ਨੂੰ ਪੰਜਾਬ ਵਿੱਚ ਸਮਾਗਮ ਕਰਵਾਉਣ ਭੇਜਦੀ ਹੈ ਅਤੇ ਭਿੰਡਰਾਂਵਾਲੇ ਨੂੰ ਹੱਲਾ ਸ਼ੇਰੀ ਦੇ ਕੇ ਉਨ੍ਹਾਂ ਨਾਲ ਲੜਾਉਂਦੀ ਹੈ। ਜਦੋਂ ਕਿ ਨਿਰੰਕਾਰੀਆਂ ਵੱਲ ਆਉਣ ਵਾਲੀ ਗੋਲੀ ਨੂੰ ਪਹਿਲਾ ਉਸ ਦੀ ਹਿੱਕ ਵਿੱਚੋਂ ਲੰਘਣਾ ਪਵੇਗਾ ਭਿੰਡਰਾਂਵਾਲੇ ਨੇ 1978 ਤੋਂ 1984 ਤੱਕ ਇੱਕ ਵੀ ਕਾਂਗਰਸੀ ਲੀਡਰ ਦੇ ਘਰ ਜਾਂ ਦਫ਼ਤਰ ਨਹੀਂ ਗਿਆ। ਕੋਈ ਸਾਂਝ ਨਾਹੀ ਰੱਖੀ।

ਜਦੋਂ ਕਿ ਆਕਲੀ ਖੁਦ ਦਿੱਲੀ ਜਾ ਕੇ ਕਾਂਗਰਸੀਆਂ ਦੀਆਂ ਕੋਠੀਆਂ ਵਿੱਚ ਰਹਿੰਦੇ। ਇੱਕਠੀ ਰੋਟੀ ਖਾਂਦੇ, ਗਲਵੱਕੜੀਆਂ ਪਾਉਂਦੇ, ਇਹ ਸਾਰੇ ਪਰੂਫ਼ ਫੋਟੋਆਂ ਦੇ ਰੂਪ ਵਿੱਚ ਮੈਂ ਖੁਦ 1984 ਦੇ ਦਸੰਬਰ ਮਹੀਨੇ ਦਿੱਲੀ ਦੇਖੇ ਉਹ ਚਿੱਠੀਆਂ ਵੀ ਦੇਖੀਆਂ

ਜਿਨ੍ਹਾਂ ਵਿੱਚ ਅਕਾਲੀਆਂ ਨੇ ਛੇਤੀ ਤੋਂ ਛੇਤੀ ਹਰਿਮੰਦਰ ਸਾਹਿਬ ਤੇ ਹਮਲਾ ਲਖੀਆ। ਪਰ ਅਕਾਲੀਆਂ ਨੇ ਪੰਜਾਬ ਦੀ ਅਨਪੜ੍ਹ ਜਨਤਾ ਨੂੰ ਆਪਣੇ ਪੂਰੇ ਜਾਲ ਵਿੱਚ ਫਸਾ ਕੇ ਭਿੰਡਰਾਂਵਾਲੇ ਨੂੰ ਕਾਂਗਰਸੀ ਕਰਾਰ ਦੇ ਦਿੱਤਾ। ਹੁਣ ਪਿੰਡਾਂ ਵਿੱਚ ਕੋਰੇ ਅਨਪੜ੍ਹ ਅਕਾਲੀ ਦਿਨ-ਰਾਤ ਇੱਕ ਰੱਟ ਲਾਈ ਰੱਖਦੇ ਕਿ ਭਿੰਡਰਾਂਵਾਲਾ ਕਾਂਗਰਸੀ ਹੈ।

ਪਰ ਭਿੰਡਰਾਂਵਾਲਾ ਨੇ ਆਪਣੀ ਨਿਡਰਤਾ ਅਤੇ ਅੱਗ ਲਾਊ ਤਕਰੀਰਾਂ ਨਾਲ ਪੰਜਾਬ ਦੇ ਲੋਕਾਂ ਤੇ ਐਸਾ ਜਾਦੂ ਪਾ ਰਿਹਾ ਸੀ। ਕਿ ਬਹੁਤ ਵੱਡੀ ਗਿਣਤੀ ਭਿੰਡਰਾਂਵਾਲੇ ਸਰਕਾਰ ਲੱਗਣੀ ਸ਼ੁਰੂ ਹੋ ਗਈ। ਹੁਣ ਨਿਰੰਕਾਰੀ ਆਪਣੀ ਜਾਨ ਬਚਾਉਣ ਲਈ ਇੱਧਰ ਉਧਰ ਭੱਜਣ ਲੱਗੇ। ਇਨ੍ਹਾਂ ਦਿਨਾਂ ਵਿੱਚ ਹੀ ਨਿਰੰਕਾਰੀ ਮੁਖੀ ਗੁਰਬਚਨਾ ਜਿਸ ਨਾਲ ਹਰ ਵੇਲੇ 175 ਬਾਡੀਗਾਰਡ ਰਹਿੰਦੇ ਸਨ। ਭਿੰਡਰਾਂਵਾਲੇ ਦੇ ਸਾਥੀਆਂ ਨੇ ਮਾਰ ਦਿਤਾ।

ਇੱਧਰ ਜੱਗਬਾਣੀ ਅਖਬਾਰ ਦਾ ਨੇਤਾ ਹਮੇਸ਼ਾਂ ਹੀ ਨਿਰੰਕਾਰੀਆਂ ਦੇ ਪੱਖ ਵਿੱਚ ਪੂਰੀ ਹਾਮੀ ਭਰਦਾ ਜਦੋਂ ਕਿ ਭਿੰਡਰਾਂਵਾਲਾ ਇਹ ਗੱਲ ਯਕੀਨੀ ਬਨਾਉਣ ਲਈ ਅੜ ਗਿਆ। ਕਿ ਭਵਿੱਖ ਵਿੱਚ ਕਿਤੇ ਵੀ ਦਿੱਲੀ ਦੀ ਕੇਂਦਰ ਸਰਕਾਰ ਨਿਰੰਕਾਰੀਆਂ ਵਾਲੀ ਸ਼ਰਾਰਤ ਮੁੜ ਨਾ ਕਰਸਕੇ। ਇਸ ਗੱਲ ਲਈ ਭਿੰਡਰਾਂਵਾਲੇ ਨੇ ਪੰਜਾਬ ਨੂੰ ਖੁਦ ਮੁਖਤਿਆਰ ਬਣਾਉਣ ਦਾ ਪ੍ਰਸਤਾਵ ਰੱਖ ਦਿੱਤਾ। ਉਸ ਨੇ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਨਾਲ ਮਿਲਉਣ ਲਈ ਖੇਤੀ ਨਾਲ ਸਬੰਧਤ ਮਸਲੇ ਵੀ ਆਪਣੇ ਹੱਥ ਹੇਠ ਕਰ ਲਏ। ਅਕਾਲੀ ਲੋਕਾਂ ਪੱਖੋਂ ਖਾਲੀ ਹੋਣ ਲੱਗੇ। ਉਨ੍ਹਾਂ ਨੂੰ ਆਪਣੀ ਵੋਟ ਬੈਂਕ ਖੁਸਦੀ ਨਜ਼ਰ ਆਉਣ ਲੱਗੀ। ਹੁਣ ਅਕਾਲੀ ਵੀ ਅੰਦਰੋ ਅੰਦਰੀ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਸਾਥ ਦੇਣ ਲੱਗ ਪਏ। ਸ੍ਰੀ ਮਤੀ ਇੰਦਰਾ ਗਾਂਧੀ ਜੀ ਲਈ ਇਹ ਸਾਰੀਆਂ ਮੰਗਾ ਮੰਨਣੀਆਂ ਮੁਸ਼ਕਿਲ ਸਨ। ਇੱਧਰ ਜੱਗ-ਬਾਣੀ ਅਖਬਾਰ ਦਾ ਨੇਤਾ ਭਿੰਡਰਾਂਵਾਲੇ ਦੀਆਂ ਮੰਗਾ ਦਾ ਪੂਰਾ ਕੱਟੜ ਵਿਰੋਧੀ ਸੀ।

ਉਸ ਦੀ ਲਿਖਤ ਨੇ ਫਮਜਾਬ ਦੇ ਹਿੰਦੂਆਂ ਤੇ ਐਸਾ ਅਸਰ ਕੀਤਾ ਕੀ ਹਿੰਦੂ ਭਿੰਡਰਾਂਵਾਲਾ ਨੂੰ ਦੇਸ਼ ਦਾ ਗਦਾਰ ਅਤੇ ਵੱਖਵਾਦੀ ਸਮਝਣ ਲੱਗੇ। ਜੋ ਵੀ ਹਿੰਦੂ ਭਿੰਡਰਾਂਵਾਲੇ ਦੇ ਵਿਰੁੱਧ ਬੋਲਦਾ ਉਹ ਮਾਰਿਆ ਜਾਂਦਾ। ਇਸੇ ਤਰ੍ਹਾਂ ਜੱਗ ਬਾਣੀ ਦੇ ਲਾਲਾ ਜਗਤ ਨਰਾਇਣ ਨੂੰ ਸ਼ਹੀਦ ਕਰ ਦਿਤਾ ਗਿਆ। ਹੁਣ ਸ੍ਰੀ ਮਤੀ ਇੰਦਰਾ ਗਾਂਧੀ ਨੂੰ ਐਸਾ ਦਿਸਣ ਲੱਗ ਪਿਆ ਕਿ ਨਾ ਤਾ ਉਹ ਭਿੰਡਰਾਵਾਲੇ ਦੀਆਂ ਮੰਗਾਂ ਪੂਰੀਆਂ ਕਰ ਸਕਦੀ ਹੈ ਅਤੇ ਨਾ ਹੀ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕੀਤੇ ਬਗੈਰ ਪੰਜਾਬ ਵਿੱਚ ਅਮਨ ਆਂ ਸਕਦਾ ਹੈ।

ਅੰਤ ਵਿੱਚ ਉਸ ਨੂੰ ਹਰਿਮੰਦਰ ਸਾਹਿਬ ਤੇ ਹਮਲਾ ਹੀ ਕਰਨਾ ਪਿਆ। ਭਿੰਡਰਾਂਵਾਲਾ ਨੇ ਨਿਰੰਕਾਰੀਆਂ ਦੀਆ ਲੜਾਈਆਂ ਤੋਂ ਬਾਅਦ ਆਪਣੇ ਧਰਮ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ 1982 ਵਿੱਚ ਜੋ ਕੁਝ ਸਰਕਾਰ ਅੱਗੇ ਸ਼ਰਤਾਂ ਰੱਖੀਆਂ ਉਸ ਨੂੰ ਅਨੰਦਪੁਰ ਦਾ ਮਤਾ ਦਾ ਨਾਂ ਦਿੱਤਾ ਗਿਆ ਉਨ੍ਹਾਂ ਮੰਗਾਂ ਵਿੱਚੋਂ ਕੁਝ ਮੰਗਾ ਅੱਗੇ ਲਿਖੇ ਅਨੁਸਾਰ ਹਨ।

1. ਦੇਸ਼ ਦੀ ਅਜਾਦੀ ਵਿੱਚ ਸਿੱਖਾਂ ਨੇ 94% ਸ਼ਹੀਦੀਆਂ ਦਿੱਤੀਆਂ ਸੋ ਇਹ ਗੱਲ ਮੁੱਖ ਰੱਖ ਕੇ ਯੂਰਪੀ ਦੇਸ਼ਾਂ ਅਮਰੀਕਾ ਅਤੇ ਕਨੇਡਾ ਵਾਗ ਪੰਜਾਬ ਸਟੇਟ ਨੂੰ ਖੁੱਦ ਮੁਖਤਿਆਰੀ ਦਿੱਤੀ ਜਾਵੇ।
2. ਪੰਜਾਬ ਵਿੱਚੋਂ ਲੰਘਦੇ ਦਰੀਆਵਾਂ ਨੂੰ ਇੰਟਰਨੈਸ਼ਨਲ ਕਾਨੂੰਨ ਅਨੁਸਾਰ ਪਹਿਲਾਂ ਪਾਣੀਆਂ ਤੇ ਕਬਜੇ ਦਾ ਹੱਕ ਪੰਜਾਬ ਨੂੰ ਦਿੱਤਾ ਜਾਵੇ।
3. ਹਿੰਦੂਆਂ ਦੇ ਚਾਰ ਧਾਰਮੀਕ ਅਸਥਾਨ ਮੀਟ ਸ਼ਰਾਬ ਤੰਬਾਕੂ ਨਹੀਂ ਵਰਤ ਸਕਦੇ ਪਵਿੱਤਰ ਸ਼ਹਿਰ ਐਲਾਨੇ ਗਏ ਹਨ ਜਿਵੇ ਹਰਿਦੁਆਰ ਅਤੇ ਰਿਸ਼ੀਕੇਸ਼ ਇਸੇ ਤਰ੍ਹਾਂ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਦਰਜਾ ਦਿੱਤਾ ਜਾਵੇ।
4. ਦੇਸ਼ ਦੀ ਕਰਨਸੀ ਨੋਟਾਂ ਤੇ 1947 ਤੋਂ ਪਹਿਲਾ ਫਾਂਸੀਆਂ ਤੇ ਚੜ੍ਹਣ ਵਾਲੇ ਸ਼ਹੀਦਾਂ ਦੀਆ ਫੋਟੋਆਂ ਲਾਈਆਂ ਜਾਣ ਜਦੋ ਕਿ ਹੁਣ ਸਿਰਫ ਮਹਾਤਮਾ ਗਾਂਧੀ ਦੀ ਲੱਗੀ ਹੈ।
5. ਪੰਜਾਬ ਵਿੱਚ ਪੈਦਾ ਹੋਣ ਵਾਲੀ ਕਣਕ ਅਤੇ ਝੋਨੇ ਦਾ ਮੁੱਲ ਪੰਜਾਬ ਸਰਕਾਰ ਹੀ ਤਹਿ ਕਰੇਗੀ। ਤਾਂ ਜੋ ਕੇਂਦਰ ਸਰਕਾਰ ਆਪਣੀ ਮਨਮਰਜੀ ਦੇ ਭਾਅ ਤੇ ਨਾ ਖਰੀਦ ਸਕੇ।
6. ਹਿੰਦੂਆਂ ਦੇ ਚਾਰ ਵੱਡੇ ਧਾਮਾਂ ਤੇ ਚਾਰ ਵੱਡੇ ਅਕਾਸ਼ਬਾਣੀ ਟਰਾਂਸਮੀਟਰ 24 ਘੰਟੇ ਚੱਲਦੇ ਹਨ ਸੋ ਇਸੇ ਤਰ੍ਹਾਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਲਾਇਆ ਜਾਵੇ। ਜਿਸ ਦਾ ਖਰਚਾ ਬਾਹਰਲੇ ਸਿੱਖ ਦੇਣਗੇ ।
7. ਜੋ ਵੀ 1947 ਤੋਂ ਪਹਿਲਾ ਅੰਗਰੇਜਾਂ ਦੇ ਰਾਜ ਵਿੱਚ ਕੋਈ ਪੰਜਾਬੀ ਫਾਂਸੀ ਚੜ੍ਹਿਆ ਉਸ ਦੀ ਸ਼ਹੀਦੀ ਵਾਲੇ ਦਿਨ ਉਸ ਦੇ ਇਲਾਕੇ ਵਿੱਚ ਫੰਡ ਦਿੱਤੇ ਜਾਣ। ਸਰਕਾਰੀ ਤੌਰ ਤੇ ਸਮਾਰੋਹ ਕੀਤੇ ਜਾਣ ਤਾਂ ਜੋ ਸ਼ਹੀਦ ਦੀ ਸ਼ਹੀਦੀ ਦਾ ਮਾਣ ਇਲਾਕੇ ਵਿੱਚ ਬਰਕਰਾਰ ਹੋਵੇ।
8. ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਸੂਬੇ ਪੰਜਾਬ ਨੂੰ ਦਿੱਤੇ ਜਾਣ।
9. ਬੀ. ਏ. ਜਾਂ ਐਮ. ਏ. ਜਾ ਇਸ ਤੋਂ ਵੱਧ ਪੜ੍ਹਾਈ ਕਰਨ ਵਾਲੇ ਨੂੰ ਜਿਨ੍ਹਾਂ ਚਿਰ ਉਸ ਨੂੰ ਨੌਕਰੀ ਨਹੀਂ ਮਿਲਦੀ ਗੁਜਾਰੇ ਜੋਗਾ ਭੱਤਾ ਦਿੱਤਾ ਜਾਵੇ। ਤਾਂ ਜੋ ਪੰਜਾਬ ਵਿੱਚ ਲੋਕਾਂ ਲਈ ਪੜ੍ਹਾਈ ਦਾ ਉਤਸ਼ਾਹ ਬਣੇ।
10. ਸਿੱਖ ਗੁਰੂਆਂ ਦੇ ਖਿਲਾਫ ਬੋਲਣ ਵਾਲੇ ਡੇਰਿਆਂ ਨੂੰ ਕਦੇ ਵੀ ਕੇਂਦਰ ਸਰਕਾਰ ਕਿਤੇ ਵੀ ਪ੍ਰੋਗਰਾਮ ਕਰਨ ਦੀ ਮਨਾਹੀ ਲਾਵੇ।
11. ਗੁਰੂ ਗਰੰਥ ਸਾਹਿਬ ਦੇ ਸਰੂਪਾ ਨੂੰ ਅੱਗ ਲਾਉਣ ਵਾਲੇ ਤੇ ਕਤਲ ਦਾ ਮੁਕਦਮਾ ਚਲਾਇਆ ਜਾਵੇ। ਕਿਉਂ ਕਿ ਅਸੀਂ ਇੰਨ੍ਹਾਂ ਨੂੰ ਹਾਜ਼ਰ-ਨਾਜ਼ਰ ਗਿਆਰਵੇ ਗੁਰੂ ਮੰਨਦੇ ਹਾਂ।
12. ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਗਰੀਬ ਦੁਕਾਨਦਾਰ ਜੋ ਬਹੁਤੇ ਹਿੰਦੂ ਧਰਮ ਨਾਲ ਹੀ ਸਬੰਧਤ ਹਨ। ਉਨ੍ਹਾਂ ਦੀ ਚੁੰਗੀ ਅਤੇ ਦੁਕਾਨਾਂ ਦਾ ਟੈਕਸ ਮਾਫ ਕੀਤਾ ਜਾਵੇ।

13. ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਵੱਸਦੇ ਅਮੀਰ ਪੰਜਾਬੀਆਂ ਨੂੰ ਪੰਜਾਬ ਵਿੱਚ ਪੈਸਾ ਲਾਉਣ ਲਈ ਉਤਸ਼ਾਹ ਕੀਤਾ ਜਾਵੇ ਅਤੇ ਪਹਿਲ ਦੇ ਅਧਾਰ ਤੇ ਸਹੂਲਤਾ ਅਤੇ ਸੁਰਖਿਆ ਦਿੱਤੀ ਜਾਵੇ।

14. ਹਥਿਆਰ ਬਣਾਉਣ ਦਾ ਲਾਈਸੰਸ ਸੋਖਾ ਕੀਤਾ ਜਾਵੇ।

15. ਪੰਜਾਬ ਵਿੱਚ ਚੰਗੀ ਪੜ੍ਹਾਈ ਵਾਲਿਆਂ ਲਈ ਜਿਆਦਾ ਵਜ਼ੀਫ਼ੇ ਅਤੇ ਖੇਡਾਂ ਨੂੰ ਉਤਸ਼ਾਹ ਕਰਨ ਲਈ ਵੱਡੇ ਇਨਾਮ ਰੱਖੇ ਜਾਣ।

16. ਅਫੀਮ ਅਤੇ ਡੋਡੇ ਖਾਣ ਵਾਲਿਆਂ ਦੇ ਲਾਈਸੰਸ ਬਣਾਏ ਜਾਣ ਤਾਂ ਜੋ ਪੰਜਾਬ ਦੀ ਨਵੀਂ ਪਨੀਰੀ ਨੂੰ ਇਸ ਤੋਂ ਰੋਕਿਆ ਜਾਵੇ।

17. ਪੁਲੀਸ ਦੀਆਂ ਤਾਕਤਾਂ ਘਟਾਈਆਂ ਜਾਣ।

18. ਔਰਤਾਂ ਨੂੰ ਕਿਸੇ ਵੀ ਦੋਸ਼ ਵਿੱਚ ਫੜ੍ਹੇ ਜਾਣ ਤੋਂ ਥਾਣਿਆਂ ਵਿੱਚ ਨਹੀਂ ਰੱਖਿਆ ਜਾ ਸਕਦਾ।

ਜਿਵੇ ਮੈਂ ਅਨੰਦਪੁਰ ਮਤੇ ਦੀਆਂ ਕੁਝ ਮੰਗਾ ਹੀ ਤੁਹਾਡੇ ਨਜ਼ਰ ਕੀਤੀਆਂ ਹਨ ਇਹ ਮੰਗਾ ਦਾ ਜੱਗ ਬਾਣੀ ਦੇ ਨੇਤਾ ਜਗਤ ਨਰਾਇਣ ਜੀ ਨੇ ਬਹੁਤ ਸਖ਼ਤ ਵਿਰੋਧ ਕੀਤਾ ਉਨ੍ਹਾਂ ਨੇ ਇਨ੍ਹਾਂ ਮੰਗਾ ਸਬੰਧੀ ਪ੍ਰਭਾਵਸ਼ਾਲੀ ਲੇਖ ਆਪਣੇ ਅਖਬਾਰਾਂ ਵਿੱਚ ਲਿਖਣੇ ਸ਼ੁਰੂ ਕੀਤੇ ਜਿਸ ਕਾਰਣ ਕੁਲ ਹੀ ਹਿੰਦੂ ਅਨੰਦਪੁਰ ਦੇ ਮਤੇ ਦੇ ਸਖਤ ਖਿਲਾਫ ਹੋ ਗਏ।

ਅਨੰਦਪੁਰ ਮਤੇ ਦੀਆਂ ਲਿਖੀਆਂ ਮੰਗਾ ਦਾ ਜੁਆਬ ਮੈਂ ਇਸ ਤਰ੍ਹਾਂ ਦਿੰਦਾ ਹਾਂ।

ਪਹਿਲੀ ਮੰਗ ਕਿਹਾ ਹੈ ਕਿ ਸਿੱਖਾਂ ਨੇ 94% ਸ਼ਹੀਦੀਆਂ ਦਿੱਤੀਆਂ ਜੇਕਰ ਪੁਛਿਆ ਜਾਵੇ। ਕੀ ਸਿੱਖਾਂ ਨੂੰ ਕਿਸੇ ਨੇ ਚਿੱਠੀ ਪੱਤਰ ਪਾ ਕੇ ਸ਼ਹੀਦੀਆਂ ਪਾਉਣ ਨੂੰ ਕਿਹਾ ਸੀ। ਜਿਸ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਜਿਨ੍ਹਾਂ ਨੂੰ ਸ਼ਹੀਦ ਕਿਹਾ ਜਾਂਦਾ ਹੈ ਅਸਲ ਵਿੱਚ ਇਹ ਲੋਕ ਅੱਤਵਾਦੀ ਸਨ। ਇਨ੍ਹਾਂ ਨੇ ਗੋਰਿਆਂ ਨੂੰ ਮਾਰ ਕੇ ਲੋਕਾਂ ਵਿੱਚ ਦਹਿਸ਼ਤ ਪੈਦਾ ਕੀਤੀ ਅਤੇ ਫੜੇ ਜਾਣ ਤੇ ਆਪਣੀ ਕਰਨੀ ਦਾ ਫ਼ਲ ਭੁਗਤਣਾ ਪਿਆ। ਉਹ ਗੋਰੇ ਭਾਰਤ ਵਿੱਚ ਸਿਰਫ ਆਪਣੀ ਗੋਰਮਿੰਟ ਹੀ ਚਲਾਉਂਦੇ ਸਨ। ਕਿਸੇ ਤੇ ਜ਼ੁਲਮ ਤਾਂ ਨਹੀਂ ਕਰਦੇ ਸਨ।

ਤੀਜੀ ਮੰਗ ਜੇਕਰ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਦਰਜਾ ਸਰਕਾਰ ਦੇ ਦਿੰਦੀ ਤਾਂ ਸ਼ਰਾਬ ਵੇਚਣ ਵਾਲੇ ਆਪਣੇ ਬੱਚੇ ਭੁਖੇ ਮਾਰਦੇ।

ਚੌਥੀ ਗੱਲ ਦਾ ਜਾਵਬ ਮੈਂ ਪਹਿਲਾਂ ਹੀ ਦੇ ਦਿੱਤਾ ਹੈ। ਕਿ 1947 ਤੋਂ ਪਹਿਲਾ ਫਾਂਸੀ ਚੜ੍ਹਨ ਵਾਲੇ ਦੇਸ਼ ਭਗਤ ਨਹੀਂ ਸਗੋਂ ਖੂੰਖਾਰ ਅੱਤਵਾਦੀ ਸਨ। ਪੰਜਵੀ ਮੰਗ : ਝੋਨੇ ਅਤੇ ਕਣਕ ਦੀ ਮੰਗ ਪਹਿਲਾ ਹੀ ਭਾਰਤ ਵਿੱਚ ਬਹੁਤ ਜਿਆਦਾ ਹੈ। ਜੇਕਰ ਪੰਜਾਬ ਸਰਕਾਰ ਨੂੰ ਇਸ ਦੇ ਭਾਅ ਲਾਉਣ ਦਾ ਹੱਕ ਦੇ ਦਿਤਾ ਤਾਂ ਪੰਜਾਬੀ ਆਪਣੀ ਮਨ ਮਰਜ਼ੀ ਦੇ ਰੇਟ ਲਾਕੇ ਕਣਕ ਅਤੇ ਝੋਨਾ ਵੇਚਣਗੇ। ਤੇ ਫੇਰ ਬਾਕੀ ਹਿੰਦੁਸਤਾਨੀਆਂ ਦਾ ਕੀ ਬਣਦਾ।

ਛੇਵੀ ਮੰਗ ਅਨੁਸਾਰ ਰੱਬ ਨੂੰ ਮੂੰਹ ਨਾਲ ਵੀ ਜਪ ਸਕਦੇ ਹਾਂ। ਸਤਵੀ ਮੰਗ ਦਾ ਜੁਆਬ ਮੈਂ ਚੰਡੀਗੜ੍ਹ ਪੜ੍ਹੇ ਲਿਖੇ ਇਨਸਾਨਾਂ ਦਾ ਸ਼ਹਿਰ ਹੈ।

ਜੁਆਬ ਮੈਂ ਚੰਡੀਗੜ੍ਹ ਪੜ੍ਹੇ ਲਿਖੇ ਇਨਸਾਨਾਂ ਦਾ ਸ਼ਹਿਰ ਹੈ। ਇਸ ਨੂੰ ਅਲੱਗ ਸੂਬਾ ਬਣਾਇਆ ਜਾਣਾ ਚਾਹੀਦਾ ਹੈ। ਦਸਵੀਂ , ਗਿਆਰਵੀ ਅਤੇ ਬਾਹਰਵੀਂ ਮੰਗਾਂ ਠੀਕ ਹਨ ਤੇਹਰਵੀ ਮੰਗ ਅਨੁਸਾਰ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਉਤਸ਼ਾਹ ਕਰਨ ਦੀ ਥਾਂ ਚੀਨ ਵਾਂਗ ਮੁੜ ਪੰਜਾਬ ਵਿੱਚ ਵੜ੍ਹਨ ਤੋਂ ਰੋਕਿਆਂ ਜਾਵੇ। ਕਿਉਂ ਕਿ ਇਨ੍ਹਾਂ ਦੇ ਆਉਣ ਨਾਲ ਮਹਿੰਗਾਈ ਵੱਧ ਜਾਂਦੀ ਹੈ। ਸੋ ਐਸੀਆਂ ਮੰਗਾਂ ਸ਼੍ਰੀ ਮਤੀ ਇੰਦਰਾ ਗਾਂਧੀ ਲਈ ਮੰਨ ਲੈਣੀਆਂ ਬਹੁਤ ਮੁਸ਼ਕਲ ਸਨ। ਪਰ ਗਿਆਨੀ ਜੈਲ ਸਿੰਘ ਸੰਤਾਂ ਦਾ ਸਾਥ ਦੇ ਰਹੇ ਸਨ। ਜਿਸ ਕਾਰਣ ਅਕਾਲੀ ਭਿੰਡਰਾਂਵਾਲੇ ਤੇ ਪੱਕਾ ਕਾਂਗਰਸੀ ਹੋਣ ਦਾ ਦੋਸ਼ ਲਗਾ ਰਹੇ ਸਨ। ਪਰ ਗਿਆਨੀ ਜੈਲ ਸਿੰਘ ਅਤੇ ਭਿੰਡਰਾਂਵਾਲੇ ਨੂੰ ਇੱਕ ਮਹਾਤਮਾ ਦੇ ਰੂਪ ਵਿੱਚ ਦੇਖਦੇ ਸਨ।

ਇਹ ਗੱਲ ਮੈਨੂੰ ਖੁਦ ਗਿਆਨੀ ਜੈਲ ਸਿੰਘ ਨੇ ਕੱਲਕਤੇ ਇੱਕ ਕਾਨਫਰੰਸ ਵਿੱਚ ਦੱਸੀ ਸੀ। ਸੋ ਭਿੰਡਰਾਂਵਾਲੇ ਨੇ ਇਹੋ ਜਿਹੀਆਂ ਮੰਗਾਂ ਰੱਖ ਕੇ ਪੰਜਾਬ ਨੂੰ ਸਿਖਰ ਤੇ ਪਹੁੰਚਾਉਣ ਦਾ ਸੁਪਨਾ ਪਾਲੀ ਬੈਠਾ ਸੀ। ਪਰ ਉਸ ਨੂੰ ਇਹ ਪਤਾ ਨਹੀਂ ਸੀ। ਕਿ ਉਹ ਉਸ ਕਾਂਗਰਸ ਨਾਲ ਟੱਕਰ ਲੈ ਰਿਹਾ ਹੈ। ਜਿਸ ਦਾ ਰਾਜ 1947 ਤੋਂ ਚਲਿਆ ਆ ਰਿਹਾ ਹੈ। ਆਖੀਰ ਜੂਨ 1984 ਵਿੱਚ ਸਾਨੂੰ ਭਿੰਡਰਾਂਵਾਲੇ ਅੱਗੇ ਗੋਡੇ ਟੇਕਣ ਦੀ ਬਜਾਏ ਹਮਲਾ ਕਰਨਾ ਪਿਆ।

ਭਿੰਡਰਾਂਵਾਲੇ ਦੇ ਚਤਰ ਦਿਮਾਗ ਨੇ ਇਹ ਦੇਖ ਲਿਆ ਸੀ। ਕਿ ਪੰਜਾਬ ਵਾਸੀਆਂ ਨੂੰ ਕਿਨ੍ਹਾਂ ਪਦਾਰਥਾਂ ਦੀ ਲੋੜ ਹੈ ਅਤੇ ਪੰਜਾਬ ਵਾਸੀ ਪੰਜਾਬ ਨੂੰ ਛੱਡ ਛੱਡ ਬਾਹਰ ਕਿਉਂ ਭੱਜ ਰਹੇ ਹਨ। ਕਿਉਂ ਕਿ ਇਹ ਕਹਾਵਤ ਬਣ ਗਈ ਸੀ ਕਿ ਪੰਜਾਬੀ ਅਤੇ ਆਲੂ ਹਰੇਕ ਥਾਂ ਸੰਸਾਰ ਵਿੱਚ ਮਿਲਦੇ ਹਨ ਅਤੇ ਕੁਝ ਗੱਲਾ ਅਨੁਸਾਰ ਉਹ ਇੱਕ ਜਿੰਦੀ ਇਨਸਾਨ ਸੀ ਅਤੇ ਬੇਲਾਲਚੀ ਸੀ। ਜਿਸ ਕਰਕੇ ਉਹ ਛੇਤੀ ਹੀ ਹਰਮਨ ਪਿਆਰਾ ਹੋ ਗਿਆ। ਉਸ ਵਿੱਚ ਦਲੇਰਪੁਣਾ ਅਤੇ ਤੇਜ਼ ਦਿਮਾਗ ਉਸ ਦੇ ਹਥਿਆਰ ਸਨ। ਉਹ ਵੱਡੇ ਵੱਡੇ ਵਕੀਲਾਂ ਨੂੰ ਸੋਚੀ ਪਾ ਦਿੰਦਾ ਸੀ। ਜੋ ਵਕੀਲ ਨੂੰ ਸੋਚੀ ਪਾ ਦੇਣ। ਉਹ ਜਾਂ ਤਾ ਭਿੰਡਰਾਂਵਾਲੇ ਵਾਗ ਲੀਡਰ ਬਣ ਜਾਂਦਾ ਹੈ ਜਾਂ ਇੱਕ ਬਹੁਤ ਵੱਡਾ ਠੱਗ।

ਭਿੰਡਰਾਂਵਾਲੇ ਨੇ ਲੀਡਰ ਬਣਨਾ ਚੁਣ ਲਿਆ। ਕਿਉਂ ਕਿ ਪੈਸੇ ਵੱਲ ਉਸ ਦਾ ਝੁਕਾਅ ਘੱਟ ਸੀ ਅਤੇ ਆਪਣੀ ਤਾਕਤ ਬਣਾਉਣ ਵਿੱਚ ਉਸ ਦੀ ਇੱਛਾ ਸੀ। ਪਰ ਉਸ ਦੀ ਇਹ ਗਲਤ ਇੱਛਾ ਸ਼੍ਰੀ ਮਤੀ ਇੰਦਰਾ ਗਾਂਧੀ ਦੀ ਜਾਨ ਲੈਣ ਤੋਂ ਇਲਾਵਾ 15000 ਫੌਜੀ ਜਵਾਨਾਂ ਦੀ ਜਾਨ ਅਤੇ ਅਰਬਾਂ ਰੁਪਏ ਦੇ ਵਿੱਚ ਪਈ ਅੱਜ ਤੱਕ ਵੀ ਪੰਜਾਬ ਦੇ ਸਿਰ 1984 ਦੇ ਸਮੇਂ ਤੋਂ ਅੱਤਵਾਦੀਆਂ ਦੇ ਸਮੇਂ ਵਿੱਚ ਕੁਝ 7-8 ਸਾਲਾਂ ਦਾ ਤਕਰੀਬਨ 80 ਅਰਬ ਰੁਪਏ ਦਾ ਕਰਜਾ ਨਹੀਂ ਲਾਹਿਆ। ਇੱਕੋ ਬੰਦੇ ਦੀਆਂ ਗਲਤੀਆਂ ਕੀ ਕੁਝ ਕਰ ਗਈਆ। ਪੰਜਾਬ ਵਾਸੀਆਂ ਦੀ ਇਹ ਬਦਕਿਸਮਤੀ ਸੀ। ਕਿ ਉਹ ਦਲੇਰ ਅਤੇ ਬੇਲਾਲਚੀ ਸੀ ਨਹੀਂ ਤਾਂ ਉਹ ਦੰਡ, ਦਾਮ ਸਾਮ ਦੇ ਅਧੀਨ ਆ ਕੇ ਗੋਰਮਿੰਟ ਦੇ ਨਾਲ ਸਹਿਮਤ ਹੋ ਜਾਂਦਾ ਅਤੇ ਇਨ੍ਹਾਂ ਭਾਰੀ ਨੁਕਸਾਨ ਰੁਕ ਜਾਂਦਾ। ਪਤਾ ਨਹੀਂ ਉਹ ਆਪਣਾ ਭਾਸ਼ਣ ਕਿਵੇ ਤਿਆਰ ਕਰਦਾ। ਲਗਾਤਾਰ ਟੇਪ ਰਿਕਾਡਰ ਵਾਂਗ 3-3 ਘੰਟੇ ਬੋਲਦਾ ਜਾਂਦਾ। ਉਸ ਨੇ ਭਾਸ਼ਣ ਦੇਣ ਲਈ ਦਿਨ ਰਾਤ ਇੱਕ ਕਰ

ਦਿੱਤਾ ਸੀ ਅਤੇ ਉਸ ਦੀ ਕੀਤੀ ਮਾੜੀ ਮਿਹਨਤ ਅਨੇਕਾਂ ਨੂੰ ਨਰਕ ਅਤੇ ਸੁਰਗ ਧਰਤੀ ਉੱਤੇ ਹੀ ਦਿੱਖਾ ਗਈ।

ਭਿੰਡਰਾਂਵਾਲੇ ਦੇ ਪਿਛੋਕੜ ਬਾਰੇ ਮੈਂ ਚੰਗੀ ਤਰ੍ਹਾਂ ਘੋਖ ਪੜਤਾਲ ਕੀਤੀ। ਮੈਂ ਸੰਤਾ ਦੇ ਨਜ਼ਦੀਕੀ ਰਹਿਣ ਵਾਲੇ ਸੰਤਾਂ ਦੇ ਪੂਰਨ ਵਿਰੋਧੀ ਹਿੰਦੂ ਭਰਾ ਅਤੇ ਉਨ੍ਹਾਂ ਦੇ ਪਿੰਡਾ ਰੋਡਿਆਂ ਦੇ ਬਜੁਰਗ ਆਦਿ ਬੰਦਿਆਂ ਕੋਲੋ ਮੈਂ ਸਾਰੀ ਜਾਣਕਾਰੀ ਇੱਕਠੀ ਕੀਤੀ। ਭਿੰਡਰਾਂਵਾਲੇ ਦਾ ਜਨਮ ਪਿੰਡ ਗਾਲਬ ਜਿਲ੍ਹਾ ਲੁਧਿਆਣਾ ਵਿੱਚ ਸੰਨ 1946 ਨੂੰ ਹੋਇਆ ਇਨ੍ਹਾਂ ਦੇ ਨਾਨਕੇ ਪਿੰਡ ਗਾਲਿਬ ਤੋਂ ਪਤਾ ਲੱਗਾ ਕਿ ਭਿੰਡਰਾਂਵਾਲੇ ਦੇ ਜਨਮ ਦਿਨ ਤੋਂ ਕੁਝ ਮਹੀਨੇ ਪਹਿਲਾ ਇੱਕ ਜੋਤਸ਼ੀ ਨੇ ਇਨ੍ਹਾਂ ਦੀ ਮਾਤਾ ਦਾ ਹੱਥ ਦੇਖ ਕੇ ਕਿਹਾ ਕਿ ਤੁਹਾਡੀ ਕੁਖ ਤੋਂ ਐਸਾ ਬੱਚਾ ਜਨਮੇਗਾ ਕਿ ਦੁਨੀਆ ਵਿੱਚ ਉਸ ਦੇ ਨਾਮ ਦੀ ਚਰਚਾ ਹੋਇਆ ਕਰੇਗੀ।

ਇਹ ਗੱਲ ਪਿੰਡ ਗਾਲਿਬ ਦੇ 92 ਸਾਲਾ ਦੇ ਹਿੰਦੂ ਬਜ਼ੁਰਗ ਕਿਸ਼ੋਰੀ ਲਾਲ ਨੇ ਦੱਸੀ ਵੈਸੇ ਮੈਂ ਜੋਤਸ਼ੀਆਂ ਵਿੱਚ ਅਤੇ ਰੱਬ ਵਿੱਚ ਵਿਸ਼ਵਾਸ਼ ਨਹੀਂ ਰੱਖਦਾ। ਪਰ ਇੱਕ ਹਿੰਦੂ ਦੇ ਮੂਹੋਂ ਸੁਣ ਕੇ ਅਤੇ ਭਿੰਡਰਾਂਵਾਲੇ ਦਾ ਇਸ ਦੁਨੀਆ ਵਿੱਚ ਆਉਣਾ ਅਤੇ ਮੇਰਾ ਪਿੰਨ ਅਤੇ ਕਾਪੀ ਫੜ ਕੇ ਉਸ ਦੀ ਜੀਵਨੀ ਅਤੇ ਬਲਿਊ ਸਟਾਰ ਬਾਰੇ ਲਿਖਣਾ, ਬਿੱਲਕੁਲ ਜੋਤਸ਼ੀ ਦੀ ਭਵਿੱਖਬਾਣੀ ਸੱਚੀ ਸਾਬਤ ਹੋਈ ਦੇਖ ਕੇ ਮੈਂ ਇਹ ਘਟਨਾ ਦੱਸੀ।

ਉਸ ਦੇ ਪਿੰਡ ਤੋਂ ਮਿਲੀ ਜਾਣਕਾਰੀ ਅਨੁਸਾਰ ਦੱਸਿਆ ਜਾਂਦਾ ਹੈ ਕਿ ਸੰਤਾ ਦੇ ਪਿਉ ਨੇ ਨਿੱਕੇ ਹੁੰਦੇ ਆਪਣੇ ਸਾਰੇ ਬੱਚਿਆਂ ਨੂੰ ਕਹਿਣਾ ਕਿ ਜਾਓ ਖੇਤ ਕੰਮ ਕਰੋ ਜਾਂ ਉਠ ਕੇ ਰੱਬ ਦਾ ਨਾਮ ਜੱਪੋ ਅਤੇ ਭਿੰਡਰਾਂਵਾਲਾ ਸਿਰਫ 6 ਸਾਲ ਦੀ ਉਮਰ ਵਿੱਚ 10 ਬਾਣੀਆਂ ਰੋਜ਼ ਪੜ੍ਹਦਾ। ਫੇਰ ਇਸੇ ਟਕਸਾਲ ਦੇ ਵੱਡੇ ਸੰਤ ਇੰਨਾਂ ਦੇ ਪਿਤਾ ਕੋਲੇ ਮੰਗ ਕੇ ਆਪਣੀ ਟਕਸਾਲ ਵਿੱਚ ਲੈ ਗਏ।

ਉਸ ਤੋਂ ਬਾਅਦ ਭਿੰਡਰਾਂਵਾਲਾ ਕਿਤੇ ਘਰ ਆ ਕੇ ਖੇਤੀ ਦਾ ਕੰਮ ਕਰਵਾਉਂਦਾ ਅਤੇ ਬਾਅਦ ਵਿੱਚ ਫੇਰ ਟਕਾਸਲ ਵਿੱਚ ਚਲਿਆ ਜਾਂਦਾ। ਜਦੋ ਭਿੰਡਰਾਂਵਾਲਾ 11 ਸਾਲ ਦੀ ਉਮਰ ਤੱਕ ਪਹੁੰਚਿਆ ਉਸ ਸਮੇਂ ਉਹ ਰੋਜ਼ ਦੇ 25 ਪਾਠ ਜਪੁਜੀ ਸਾਹਿਬ ਜੀ ਦੇ ਕਰਦਾ ਸੀ। ਉਸ ਤੋਂ ਬਾਅਦ 15 ਸਾਲ ਦੀ ਉਮਰ ਤੱਕ 51 ਪਾਠ ਰੋਜ ਕਰਨ ਲੱਗਪਿਆ ਅਤੇ 21 ਸਾਲ ਦੀ ਉਮਰ ਤੱਕ ਉਹ ਰੋਜ 101 ਪਾਠ ਕਰਦਾ ਸੀ। ਚਾਹੇ ਉਹ ਖੇਤੀ ਦਾ ਕੰਮ ਕਰ ਰਿਹਾ ਹੋਵੇ ਚਾਹੇ ਉਹ ਟਕਾਸਲ ਵਿੱਚ ਹੁੰਦਾ 101 ਪਾਠਾਂ ਦੀ ਲੜੀ ਉਸ ਦਾ ਗੱਦੀ ਤੇ ਬੈਠਣ ਤੱਕ ਰੋਜ ਦੀ ਲੜੀ ਚਲਦੀ ਰਹੀ।

ਉਸ ਦੇ ਉਪਰ ਦਿੱਤੇ ਪਾਠਾਂ ਦੀ ਗਿਣਤੀ ਮਿਣਤੀ ਉਨ੍ਹਾਂ ਦੇ ਪਿੰਡ ਦੇ ਭਿੰਡਰਾਂਵਾਲੇ ਦੇ ਨਜਦੀਕ 14 ਬੰਦਿਆਂ ਨੇ ਦੱਸੀ ਅਤੇ ਅਕਾਲ ਤਖ਼ਤ ਤੋਂ ਫੜੇ ਟਕਸਾਲ ਦੇ ਬੰਦਿਆਂ ਨੇ ਜੋ ਫੌਜ ਦੇ ਹੱਥ ਆਏ ਜੋ ਭਿੰਡਰਾਂਵਾਲਿਆਂ ਤੋਂ ਉਮਰ ਵਿੱਚ ਕਾਫੀ ਵੱਡੇ ਸਨ। ਉਹਨਾਂ ਨੇ 101 ਪਾਠਾਂ ਬਾਰੇ ਦਸਿਆ, ਦੱਸਿਆ ਜਾਂਦਾ ਹੈ। ਕਿ ਆਪ 5 ਵੀ ਕਲਾਸ ਤੱਕ ਸਕੂਲ ਗਏ। ਉਨ੍ਹਾਂ ਦੇ ਪਿੰਡ ਦੇ 2 ਕੁ ਵਿਰੋਧੀਆਂ ਨੇ ਵੀ

ਇਸ ਗੱਲ ਨੂੰ ਸਵੀਕਾਰ ਕੀਤਾ ਕਿ ਇਹ ਝੂਠ ਨਹੀਂ ਬੋਲਦੇ ਸਨ। ਪਤਾ ਲੱਗਿਆ ਕਿ 24-25 ਸਾਲ ਦੀ ਉਮਰ ਵਿੱਚ ਆਪ ਸਿਰਫ 2 ਘੰਟੇ ਹੀ ਸੌਂਦੇ ਸਨ ਅਤੇ 22 ਘੰਟੇ ਹੀ ਰੱਬ ਦਾ ਨਾਮ ਜਪਦੇ ਅਤੇ ਕਈ ਵਾਰ ਆਪ ਸੜਕ ਤੋਂ ਬਜਰੀ ਅਤੇ ਰੋੜੇ ਇੱਕਠੇ ਕਰਕੇ ਉਨ੍ਹਾਂ ਤੇ ਸੌ ਜਾਂਦੇ ਤਾਂ ਕਿ ਗੂੜੀ ਨੀਂਦ ਨਾ ਆ ਜਾਵੇ। ਵੈਸ਼ੇ ਰੱਬ ਵਿੱਚ ਕੋਈ ਵਿਸ਼ਵਾਸ਼ ਨਹੀਂ ਰੱਖਦਾ ਪਰ ਕਿਸੇ ਦੇ ਜੀਵਨ ਬਾਰੇ ਮਿਲੀ ਜਾਣਕਾਰੀ ਨੂੰ ਸਹੀ ਲਿਖਣਾ ਹਰੇਕ ਲਿਖਾਰੀ ਦਾ ਫਰਜ਼ ਹੁੰਦਾ ਹੈ। ਭਾਵੇ ਲਿਖਾਰੀ ਦਾ ਜੀਵਨ ਪਾਤਰ ਨਾਲ ਮੇਲ ਖਾਵੇ ਜਾਂ ਨਾ।

ਭਿੰਡਰਾਂਵਾਲੇ ਦਾ ਪਿੰਡ ਵਿੱਚੋਂ ਕੁਝ ਵਿਰੋਧੀ ਬੰਦਿਆ ਨੇ ਸਾਨੂੰ ਇਹ ਗੱਲ ਵੀ ਦੱਸੀ ਕਿ ਇਸ ਨੇ ਬਹੁਤ ਅੱਤ ਦੀ ਗਰੀਬੀ ਦੇਖੀ। ਸਰਦੀਆਂ ਦੇ ਮੌਸਮ ਵਿੱਚ ਪਸ਼ੂਆਂ ਲਈ ਪੱਠੇ ਅਤੇ ਆਪ ਦੇ ਖਾਣ ਲਈ ਕਣਕ ਵੀ ਨਹੀਂ ਹੁੰਦੀ ਸੀ। ਪਰ ਫੇਰ ਵੀ ਇਹ ਨੌਜਵਾਨ ਮੂੰਹ ਵਿੱਚ ਹਰ ਵੇਲੇ ਗੁਣਗੁਣਾਉਂਦਾ ਹੀ ਰਿਹਾ ਅਤੇ ਇਸ ਨੂੰ ਕੋਈ ਵੀ ਪਸ਼ੂਆਂ ਦਾ ਪੱਠਾ ਅਤੇ ਕਣਕ ਦੇਣ ਲਈ ਤਿਆਰ ਨਹੀਂ ਹੁੰਦਾ। ਕਿਉਂ ਕਿ ਇਸ ਤੋਂ ਵਾਪਿਸ ਆਉਣ ਦੀ ਕੋਈ ਆਸ ਨਹੀਂ ਹੁੰਦੀ ਸੀ।

ਭਿੰਡਰਾਂਵਾਲੇ ਨਾਲ ਸਬੰਧਧਿਤ ਘਟਨਾਵਾਂ ਦਾ ਵੇਰਵਾ

ਦਿੱਲੀ 7 ਜਨਵਰੀ 1986 ਨੂੰ ਅਚਾਨਕ ਮੈਨੂੰ ਆਪਣੇ ਇੱਕ ਨਿਜੀ ਦੋਸਤ ਰਾਮ ਪ੍ਰਸਾਦ ਵਰਮਾ ਦੇ ਨਾਲ ਉਸ ਦੇ ਇੱਕ ਰਿਸ਼ਤੇਦਾਰ ਬਾਰੂ ਮੱਲ ਜੋ ਇੱਕ ਕੋਕਾ ਕੋਲਾ ਬਣਾਉਣ ਵਾਲੀ ਫੈਕਟਰੀ ਦਾ ਮਾਲਕ ਸੀ ਦੇ ਘਰ ਜਾਣ ਦਾ ਮੌਕਾ ਮਿਲਿਆ।

ਮੇਰੇ ਦੋਸਤ ਰਾਮ ਪ੍ਰਸਾਦ ਨੇ ਦੱਸਿਆ ਕਿ ਮੇਰੇ ਫੁੱਫੜ ਜੀ ਬਾਰੂ ਮੱਲ ਭਿੰਡਰਾਂਵਾਲੇ ਦਾ ਬਹੁਤ ਕੱਟੜ ਵਿਰੋਧੀ ਰਿਹਾ। ਜਦੋਂ ਅਸੀਂ ਉਸ ਦੇ ਦਰਵਾਜ਼ੇ ਕੋਲ ਪਹੁੰਚੇ। ਉਸ ਦਾ ਚਾਰ ਮੰਜਿਲਾ ਆਲੀਸ਼ਾਨ ਬੰਗਲ ਅੱਗੇ 3 ਸਕਿਊਰਟੀ ਗਾਰਡ ਖੜ੍ਹੇ ਸਨ। ਜਦੋਂ ਅਸੀਂ ਬੰਗਲੇ ਦੇ ਡਰਾਇੰਗ ਰੂਮ ਵਿੱਚ ਬੈਠੇ ਤਾਂ ਸਾਹਮਣੇ 8 ਫੁੱਟ ਦੀ ਭਿੰਡਰਾਂਵਾਲੇ ਦੀ ਤਸਵੀਰ ਦੇਖ ਕੇ ਮੇਰੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਜਦੋ ਬਾਰੂ ਮੱਲ ਦੇ ਨਾਲ ਅਸੀਂ ਤਸਵੀਰ ਬਾਰੇ ਗੱਲ ਕੀਤੀ ਤਾਂ ਉਹ ਉੱਚੀ ਉੱਚੀ ਰੋਣ ਲੱਗ ਗਿਆ। ਮੇਰੇ ਸਾਹਮਣੇ 78 ਸਾਲ ਦਾ ਬਜ਼ੁਰਗ ਦੇ ਰੋਣੇ ਨੇ ਹੋਰ ਵੀ ਹੈਰਾਨੀ ਪਾ ਦਿੱਤੀ ਜੋ ਉਸ ਨੇ ਕਹਾਣੀ ਸੁਣਾਈ ਉਹ ਇਸ ਤਰ੍ਹਾਂ ਹੈ।

ਸ਼ਹਿਰ ਲੁਧਿਆਣੇ ਵਿੱਚ ਖੇਤੀ ਨਾਲ ਸਬੰਧਤ ਲੋਹੇ ਦਾ ਸਮਾਨ ਬਣਾਉਣ ਵਾਲਾ ਵਿਨੋਦ ਕੁਮਾਰ ਨਾਂ ਦੇ ਬੰਦੇ ਦਾ ਕਾਰੋਬਾਰ ਸੀ ਉਸ ਦੀ ਹਵੇਲੀ ਨਾਲ ਪਿੰਡ ਪਿੰਡ ਕਪੜੇ ਵੇਚਣ ਵਾਲਾ ਇੱਕ ਗਰੀਬ ਤੇਜਿੰਦਰ ਸਿੰਘ ਰਹਿੰਦਾ ਸੀ। ਜੋ ਨਿੱਕਾ ਹੁੰਦਾ ਭਿੰਡਰਾਵਾਲੇ ਦੇ ਨਾਲ ਟਕਸਾਲ ਵਿੱਚ ਰਹਿੰਦਾ ਸੀ। ਭਿੰਡਰਾਂਵਾਲਾ ਦੂਰ ਦਰਾਡੇ ਜਾਣ ਵੇਲੇ 2-2 ਦਿਨ ਇਸ ਕੋਲ ਰਹਿ ਕੇ ਰੱਬ ਦਾ ਨਾਮ ਜੱਪਦੇ। ਵਿਨੋਦ ਕੁਮਾਰ ਦੀ ਘਰ ਵਾਲੇ ਜਦੋ ਰਾਤ ਨੂੰ ਇਨ੍ਹਾਂ ਦੋਨ੍ਹਾਂ ਦੀ ਉੱਚੀ ਉਚੀ ਅਵਾਜ਼ ਵਿੱਚ ਰੱਬ ਦਾ ਨਾਮ ਜਪਦੇ ਸੁਣਦੀ ਤਾਂ ਬੜੀ ਖੁਸ਼ ਹੁੰਦੀ ਅਤੇ ਇਨ੍ਹਾਂ ਦੋਨ੍ਹਾਂ ਤੇ ਬੜੀ ਸਰਧਾ ਰੱਖਦੀ ਜਦੋ ਕਿ

ਵਿਨੋਦ ਕੁਮਾਰ ਕੰਮ ਵਿੱਚ ਜਿਆਦਾ ਰੁਝਿਆ ਹੋਣ ਕਰਕੇ ਧਾਰਮਿਕ ਪਾਸੇ ਕੋਈ ਬਹੁਤਾ ਖਿਆਲ ਨਹੀਂ ਸੀ।

ਵਿਨੋਦ ਕੁਮਾਰ ਦੀ ਘਰ ਵਾਲੀ ਨੈਨਾਂ ਦੇਵੀ ਉਮਰ ਵਿੱਚ ਕਾਫੀ ਵੱਡੀ ਹੋਣ ਕਰਕੇ ਇਹ ਦੋਨੇ ਉਸ ਨੂੰ ਮਾਤਾ ਜੀ ਕਹਿੰਦੇ ਸਨ। ਉਸ ਸਮੇਂ ਭਿੰਡਰਾਂਵਾਲਾ ਅਤਿ ਦੀ ਗਰੀਬੀ ਵਿੱਚ ਸੀ ਸਾਰੇ ਭੈਣ ਭਰਾ ਮੂਹ ਮੋੜ ਗਏ ਅਤੇ ਉਸ ਨੂੰ ਧਾਰਮਿਕ ਸਥਾਨਾ ਤੇ ਪੈਦਲਾ ਹੀ ਜਾਣਾ ਪੈਂਦਾ ਸੀ। ਇੱਕ ਦਿਨ ਭਿੰਡਰਾਂਵਾਲੇ ਨੇ ਆਪਣੇ ਦੋਸਤ ਤੋਂ ਇੱਕ ਅਜਿਹਾ ਸਾਇਕਲ ਲੈਣ ਬਾਰੇ ਪੁਛਿਆਂ ਜਿਸ ਦਾ ਮੁਲ ਉਸ ਸਮੇ 16 ਰੁਪਏ ਸੀ । ਪਰ ਤੇਜਿੰਦਰ ਸਿੰਘ ਨੇ ਆਪਣੀ ਮਾੜੀ ਮਾਲੀ ਹਾਲਤ ਹੋਣ ਕਰਕੇ 16 ਰੁਪਏ ਤੋਂ ਅਸੱਮਰਥਾ ਪ੍ਰਗਟਾਈ। ਤੇਜਿੰਦਰ ਸਿੰਘ ਦੀ ਮਾਂ ਕੋਲ ਬੈਠੀ ਨੈਨਾ ਦੇਵੀ ਨੇ ਇਹ ਗੱਲ ਸੁਣ ਲਈਆਂ। ਉਹ ਭਿੰਡਰਾਂਵਾਲੇ ਦਾ ਸਾਧਾਂ ਵਾਲਾ ਬਾਣਾ ਅਤੇ ਰੱਬ ਦਾ ਨਾਮ ਜਪਦਾ ਰਹਿਣ ਕਰਕੇ ਬਹੁਤ ਸ਼ਰਧਾ ਰੱਖਦੀ ਸੀ। ਉਸ ਨੇ ਬਿਨ੍ਹਾਂ ਦੇਰੀ ਕੀਤੇ ਆਪਣੇ ਘਰੋਂ 16 ਰੁਪਏ ਲਿਆ ਕੇ ਭਿੰਡਰਾਂਵਾਲੇ ਦੇ ਅੱਗੇ ਰੱਖ ਦਿੱਤੇ ਤਾਂ ਭਿੰਡਰਾਂਵਾਲੇ ਨੇ ਬੜੀ ਹਲੀਮੀ ਨਾਲ ਨਾਂਹ ਕਰ ਦਿੱਤੀ।

ਪਰ ਨੈਨਾ ਦੇਵੀ ਅਤੇ ਤੇਜਿੰਦਰ ਸਿੰਘ ਦੀ ਮਾਤਾ ਨੇ ਜ਼ੋਰ ਦੇ ਕੇ ਉਸ ਦੀ ਜੇਬ ਵਿੱਚ ਪੈਸੇ ਪਾ ਦਿੱਤੇ ਇਹ ਘਟਨਾ 1964 ਦੀ ਹੈ ਸਮਾਂ ਬਦਲ ਗਿਆ। ਤੇਜਿੰਦਰ ਸਿੰਘ 1967 ਵਿੱਚ ਲੁਧਿਆਣਾ ਸ਼ਹਿਰ ਛੱਡ ਕੇ ਕਲੱਕਤੇ ਚਲਾ ਗਿਆ ਅਤੇ ਭਿੰਡਰਾਂਵਾਲੇ ਦਾ ਉਸ ਜਗ੍ਹਾਂ ਅਉਣਾ ਜਾਣਾ ਖਤਮ ਹੋ ਗਿਆ। ਉੱਧਰ ਨੈਨਾ ਦੇਵੀ ਦੀ ਲੜਕੀ ਮਾਈਆ ਦਿੱਲੀ ਦੇ ਬਾਰੂ ਮੱਲ ਦੇ ਪੋਤੇ ਅਸ਼ਵਨੀ ਕੁਮਾਰ ਨਾਲ ਵਿਆਹੀ ਗਈ।ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਮ ਸੰਦੀਪ ਰੱਖਿਆ ਗਿਆ। ਜਦੋ ਸੰਦੀਪ 11 ਸਾਲ ਦੀ ਉਮਰ ਵਿੱਚ ਸੀ। ਤਾਂ ਉਸ ਨੂੰ ਦਿਮਾਗ ਦਾ ਕੈਂਸਰ (ਬਰੇਨ ਟਿਊਮਰ) ਹੋ ਗਿਆ ਜਿਸ ਦਾ ਪਹਿਲਾ ਬੰਬੇ ਅਤੇ ਫਿਰ ਇੰਗਲੈਂਡ ਤੋਂ ਇਲਾਜ ਕਰਵਾਇਆ ਗਿਆ। 2 ਸਾਲ ਇਲਾਜ ਚੱਲਿਆ ਅਖੀਰ ਡਾਕਟਰਾ ਨੇ ਕਹਿ ਦਿੱਤਾ ਕਿ ਇਹ ਬੱਚਾ ਵੱਧ ਤੋਂ ਵੱਧ ਸਿਰਫ 3 ਸਾਲ ਹੋ ਜਿਉਦਾ ਰਹੇਗਾ। ਸ਼ਾਇਦ ਇਸ ਬੱਚੇ ਦਾ ਅੰਤ ਬਹੁਤ ਦਰਦ ਨਾਕ ਹੋਵੇ। ਉਸ ਤੋਂ ਬਾਅਦ ਘਰ ਵਿੱਚ ਬਹੁਤ ਜਗਰਾਤੇ ਅਤੇ ਬਹੁਤ ਪੁੰਨਦਾਨ ਬੜੇ ਬੜੇ ਰਿਸ਼ੀਕੇਸ਼ ਜਾ ਕੇ ਰਿਸ਼ੀਆਂ ਤੋਂ ਅਸ਼ੀਰਵਾਦ ਲਈ। ਬੜੇ ਸੰਤਾਂ ਦੇ ਘਰ ਵਿੱਚ ਪੈਰ ਪੁਆਏ, ਬੜੀਆਂ ਸੇਵਾ ਕੀਤੀਆ, ਦੂਰ ਦੂਰ ਜਿਸ ਸੰਤ ਦੀ ਗੱਲ ਹੁੰਦੀ ਜਾ ਪੈਰ ਫੜੇ।ਪਰ ਬੱਚੇ ਦੀਆਂ ਡਾਕਟਰੀ ਰਿਪੋਰਟਾਂ ਦਿਨੋਂ ਦਿਨ ਮਾੜੀਆਂ ਹੀ ਆਉਦੀਆਂ ਰਹੀਆ।

ਆਖੀਰ ਕੈਂਸਰ 82% ਤੱਕ ਆਪਣਾ ਕਬਜ਼ਾ ਕਰਗਿਆ। ਜਦੋ ਕਦੇ ਬਿਮਾਰੀ ਨਾਲ ਕਰਲਾਉਦਾਂ ਤਾਂ ਮਾਂ-ਪਿਉ ਨੂੰ ਛੱਡ ਕੇ ਘਰ ਦੀਆਂ ਕੰਧਾਂ ਵੀ ਰੋਣ ਲੱਗ ਜਾਦੀਆਂ। ਸਾਨੂੰ ਕਰਨਾਟਕ ਵਿੱਚ ਇੱਕ ਬਹੁਤ ਉਘੇ ਸੰਤ ਭੈਣੀ ਨਾਥ ਦੀ ਦਸ ਪਈ। ਦੱਸਿਆ ਗਿਆ ਕਿ ਜੇ ਭੈਣੀ ਨਾਥ ਖੁਸ਼ ਹੋ ਗਿਆ ਤਾਂ ਸਭੇ ਬਿਮਾਰੀਆਂ ਚੁੱਕੀਆਂ ਜਾਣ ਗਈ। ਪਰ ਬਾਬੂ ਮੱਲ 60 ਤੋਂ ਉੱਪਰ ਸੰਤਾਂ ਨੂੰ ਸਿਰਫ਼ 2 ਸਾਲ ਵਿੱਚ ਮਿਲ ਚੁਕਿਆ ਸੀ। ਪਰ ਕੋਈ ਅਸਰ ਨਹੀਂ ਹੋਇਆ ਸੀ।

ਪਰ ਡੁਬਦੇ ਨੂੰ ਤਿਨਕੇ ਦਾ ਸਹਾਰਾ ਦੇ ਅਨੁਸਾਰ ਇਹ ਸਾਰਾ ਪ੍ਰੀਵਾਰ ਭੈਣੀ ਨਾਥ ਕੋਲ ਪਹੁੰਚਗਿਆ। ਉਥੇ ਹਜ਼ਾਰਾਂ ਦੀ ਭੀੜ ਹੋਣ ਕਰਕੇ ਤੀਸਰੇ ਦਿਨ ਉਸ ਨੂੰ ਮਿਲਣ ਦੀ ਵਾਰੀ ਆਈ। ਉਸ ਨੇ ਬੜੇ ਆਦਰ ਮਾਣ ਨਾਲ ਇਨ੍ਹਾਂ ਦੀ ਕਹਾਣੀ ਸੁਣੀ ਅਤੇ 101 ਗਾਊਆਂ ਨੂੰ ਪੱਠੇ ਅਤੇ 51 ਪੰਡਿਤਾਂ ਨੂੰ ਖੀਰ ਦਾ ਪ੍ਰਸਾਦ ਖੁਆਉਣਾ ਅਤੇ ਗੰਗਾ ਦਾ ਇਸ਼ਨਾਨ ਕਰਨ ਦੀ ਹਦਾਇਤ ਦੇ ਦਿਤੀ ਅਤੇ ਪੂਰਾ ਯਕੀਨ ਦਵਾਇਆ ਕਿ ਬੱਚਾ 100 ਸਾਲ ਤੱਕ ਜੀਵੇਗਾ। ਪ੍ਰਵਾਰ ਕੁਝ ਆਸਾਂ ਤੱਕ ਕੇ ਵਾਪਿਸ ਮੁੜਿਆ। ਸਭ ਕੁਝ ਉਸੇ ਤਰ੍ਹਾਂ ਕੀਤਾ ਗਿਆ ਪਰ ਜਦੋ ਡਾਕਟਰੀ ਰਿਪੋਰਟ ਆਈ ਤਾਂ ਅੱਗੇ ਨਾਲੋ ਵੀ ਮਾੜੀ ਸੀ।

ਕੈਂਸਰ ਹੋਰ ਅੰਗਾਂ ਵਿੱਚ ਵੀ ਵੱਧ ਗਿਆ ਸੀ ਆਖੀਰ ਸਮਾਂ ਬੀਤਿਆਂ ਡਾਕਟਰਾਂ ਦੇ ਕਹਿਣ ਅਨੁਸਾਰ ਪੂਰੇ ਤਿੰਨ ਸਾਲਾਂ ਵਿੱਚ ਕੈਂਸਰ 93% ਤੇ ਪਹੁੰਚ ਗਿਆ ਅਤੇ ਬੱਚਾ ਨੀਮ-ਬੇਹੋਸ਼ੀ ਵਿੱਚ ਚੱਲਿਆ ਗਿਆ। ਇਹ ਗੱਲ 1983 ਦੀ ਹੈ।

ਇੱਕ ਦਿਨ ਅਚਾਨਕ ਹੀ ਬੱਚੇ ਦੀ ਨਾਨੀ (ਨੈਣਾਂ ਦੇਵੀ) ਨੇ ਬੱਚੇ ਨੂੰ ਅਕਾਲ ਤਖਤ ਤੇ ਭਿੰਡਰਾਂਵਾਲੇ ਕੋਲ ਜਾਣ ਦੀ ਜਿੱਦ ਕੀਤੀ। ਉਹਨਾਂ ਦਿੰਨਾਂ ਦੇ ਵਿੱਚ ਭਿੰਡਰਾਂਵਾਲੇ ਦੀ ਪੂਰੀ ਤਰ੍ਹਾਂ ਚੜ੍ਹ ਮੱਚੀ ਹੋਈ ਸੀ। ਜਦੋਂ ਇਹ ਗੱਲ ਬੱਚੇ ਦੇ ਦਾਦੇ ਬਾਰੂ ਮੱਲ ਨੇ ਸੁਣੀ ਤਾਂ ਉਹ ਅੱਗ ਭਬੂਲਾ ਹੋ ਗਿਆ ਅਤੇ ਭਿਡਰਾਂਵਾਲੇ ਨੂੰ ਬਦਮਾਸ਼ ਕਾਤਲ ਕਹਿ ਕੇ ਗਾਲਾਂ ਕੱਢਣ ਲੱਗ ਪਿਆ। ਪਰ ਨੈਨਾ ਦੇਵੀ ਤੇ ਕੋਈ ਅਸਰ ਨਾ ਹੋਇਆ। ਉਸ ਦੀ ਆਪਣੀ ਭਿੰਡਰਾਂਵਾਲੇ ਦੇ ਪ੍ਰਤੀ ਸ਼ਰਧਾ ਸੀ। ਆਖੀਰ 3-4 ਦਿਨਾਂ ਬਾਅਦ (ਨੈਨਾ ਦੇਵੀ) ਦੇ ਜੋਰ ਦੇਣ ਤੇ ਸਾਰੇ ਮੰਨ ਗਏ। ਪਰ ਬਾਰੂ ਮੱਲ ਨੇ ਇਹ ਸ਼ਰਤ ਰੱਖ ਲਈ। ਕਿ ਉਹ ਨਹੀਂ ਜਾਵੇਗਾ।

ਬਾਰੂ ਮੱਲ ਦੇ ਤਿੰਨੇ ਮੁੰਡੇ ਅਤੇ ਨੂਹ ਤੇ ਸੰਦੀਪ ਦੇ ਨਾਲ ਨਾਨਾ ਨਾਨੀ ਅਤੇ ਮਾਮਾ ਮਾਮੀ ਸਾਰੇ ਜਾਣੇ ਅਕਾਲ ਤਖ਼ਤ ਤੇ ਆ ਗਏ। ਬੱਚਾ ਨੀਮ ਬੇਹੋਸ਼ੀ ਵਿੱਚ ਸੀ। ਭਾਵੇ ਨੈਨਾ ਦੇਵੀ ਨੂੰ ਭਿੰਡਰਾਂਵਾਲੇ ਨੂੰ ਦੇਖੇ 26 ਸਾਲ ਹੋ ਗਏ ਸਨ। ਪਰ ਉਹ ਅਖਬਾਰਾਂ ਵਿੱਚ ਫੋਟੋ ਦੇਖਦੀ ਰਹਿੰਦੀ ਸੀ।

ਜਦੋਂ (ਨੈਨਾ ਦੇਵੀ) ਨੇ ਜਾ ਕੇ ਆਪਣੀ ਪਹਿਚਾਣ ਕਰਵਾਈ ਅਤੇ ਸੰਤਾਂ ਦੇ ਦੋਸਤ ਤੇਜਿੰਦਰ ਸਿੰਘ ਬਾਰੇ ਦੱਸਿਆ ਤਾਂ ਭਿੰਡਰਾਂਵਾਲੇ ਨੇ ਨੈਨਾ ਦੇਵੀ ਨੂੰ ਪਛਾਨਣ ਲੱਗੇ 1 ਮਿੰਟ ਵੀ ਨਹੀਂ ਲਾਇਆ ਬੜੇ ਆਦਰ ਸਤਿਕਾਰ ਨਾਲ ਬਿਠਾਇਆ ਗਿਆ ਅਤੇ ਬਦਾਮਾਂ ਵਾਲਾ ਦੁੱਧ ਪੇਸ਼ ਕੀਤਾ ਗਿਆ। ਇਸ ਦੋਰਾਨ ਪਹਿਲਾ ਆਈ ਹੋਰ ਸੰਗਤ ਵੀ ਬੈਠੀ ਸੀ ਹਰ ਕੋਈ ਆਪਣੇ ਦੁਖੜੇ ਸੁਣਾ ਰਿਹਾ ਸੀ। ਜੋ ਘਰੇਲੂ ਝਗੜੇ ਸਨ। ਉਨ੍ਹਾਂ ਦਾ ਨਿਪਟਾਰਾ ਤਾਂ ਉਹ ਤੁਰੰਤ ਹੀ ਕਰ ਰਿਹਾ ਸੀ ਅਤੇ ਜੋਪ ਬੀਮਾਰੀ ਨਾਲ ਪੀੜਤ ਸਨ ਉਨ੍ਹਾਂ ਨੂੰ ਰੱਬ ਦੇ ਭਾਣੇ ਵਿੱਚ ਹੀ ਰਹਿ ਕੇ ਨਾਮ ਜੱਪਣ ਨੂੰ ਕਹਿ ਰਿਹਾ ਸੀ।

ਇਸੇ ਦੋਰਾਨ ਭਿੰਡਰਾਂਵਾਲਾ ਬੈਠੀ ਸੰਗਤਾਂ ਦੇ ਦੁਖ-ਸੁੱਖ ਨਿਪਟਾ ਕੇ ਨੈਨਾ ਦੇਵੀ ਦੇ ਸਾਰੇ ਪ੍ਰੀਵਾਰ ਨੂੰ ਇੱਕ ਪਾਸੇ ਕਰ ਲਿਆ। ਕੁਝ ਚਿਰ ਤੇਜਿੰਦਰ ਸਿੰਘ ਬਾਰੇ ਗੱਲਾਂ ਕੀਤੀਆਂ ਅਤੇ ਬਾਅਦ ਵਿੱਚ ਆਉਣ ਦਾ ਕਾਰਣ ਪੁੱਛਿਆ ਤਾਂ (ਨੈਨਾ ਦੇਵੀ)

ਉੱਚੀ ਉੱਚੀ ਰੋਣ ਲੱਗ ਪਈ। ਇਸ ਦੇ ਨਾਲ ਹੀ ਬੱਚੇ ਦੀ ਮਾਤਾ-ਪਿਤਾ ਅਤੇ ਸਾਰਾ ਪ੍ਰੀਵਾਰ ਰੋਣ ਲੱਗ ਪਿਆ। ਸੰਤ ਕੁਝ ਗੰਭੀਰ ਹੋ ਗਏ ਅਤੇ ਸਭ ਨੂੰ ਦਿਲਾਸਾ ਦਿੱਤਾ ਸੰਦੀਪ ਦੇ ਚਾਚੇ ਨੇ ਸਾਰੀ ਵਿਥਿਆ ਭਿੰਡਰਾਂਵਾਲੇ ਦੇ ਅੱਗੇ ਖੋਲ੍ਹ ਸੁਣਾਈ ਅਤੇ ਦੱਸਿਆ ਅਸੀਂ ਸਭ ਸੰਤਾਂ ਮਹਾਪੁਰਸ਼ਾ ਦੇ ਬਚਨ ਮੰਨੇ ਅਤੇ ਡਾਕਟਰੀ ਤੌਰ ਤੇ ਇੰਗਲੈਂਡ ਤੱਕ ਗਏ ਹਾਂ। ਪਰ ਬੱਚਾ ਅਖੀਰਲੀ ਸਟੇਜ ਵਿੱਚ ਹੈ। ਸਿਰਫ 1 ਜਾਂ 2 ਮਹੀਨੇ ਅਤੇ ਨੈਨਾ ਦੇਵੀ ਫੇਰ ਰੋਣ ਲੱਗ ਗਈ।

ਭਿੰਡਰਾਂਵਾਲਾ ਕੁਝ ਚਿਰ ਚੁੱਪ ਰਿਹਾ ਅਤੇ ਬੱਚੇ ਨੂੰ ਜੋ ਨੀਮ ਬੇਹੋਸ਼ੀ ਵਿੱਚ ਸੀ ਨੂੰ ਚੁੱਕ ਕੇ ਗੋਦੀ ਵਿੱਚ ਬਿਠਾ ਲਿਆ। ਉਸ ਨੇ ਬੱਚੇ ਦੇ ਮੱਥੇ ਤੇ ਕੁਝ ਚਿਰ ਹੱਥ ਰੱਖਿਆ ਫਿਰ ਨਿਰਮਲ ਸਿੰਘ ਨਾਂ ਦੇ ਇੱਕ ਸਿੱਘ ਨੂੰ ਅਵਾਜ ਮਾਰੀ ਅਤੇ ਕਿਹਾ ਇਸ ਨੂੰ ਸਰੋਵਰ ਵਿੱਚ ਲੈ ਜਾਵੋ ਅਤੇ ਬੁੱਕਾ ਦੇ ਨਾਲ ਉਨ੍ਹਾਂ ਚਿਰ ਇਸ ਦੇ ਸਿਰ ਵਿੱਚ ਪਾਣੀ ਪਾਓ। ਜਿਨ੍ਹਾਂ ਚਿਰ ਤੁਸੀ ਸੁਖਮਣੀ ਸਾਹਿਬ ਦਾ ਪਾਠ ਪੂਰਾ ਨਹੀਂ ਕਰ ਲੈਂਦੇ। ਜਦੋਂ ਪਾਠ ਦਾ ਭੋਗ ਪਵੇ ਫੇਰ ਦਰਬਾਰ ਸਾਹਿਬ ਜਾ ਕੇ ਅਰਦਾਸ ਕਰੋ ਅਤੇ ਪ੍ਰੀਵਾਰ ਨੂੰ ਹਦਾਇਤ ਕੀਤੀ ਕਿ ਇਸ ਦੇ ਨਮਿਤ ਅੰਮ੍ਰਿਤਸਰ ਵਿੱਚ ਹੀ ਇੱਕ ਸਿੰਘ ਦੇ ਘਰ ਅਖੰਡ ਪਾਠ ਰੱਖਿਆ ਜਾਵੇਗਾ ਬੱਚੇ ਨੂੰ ਜਿਨ੍ਹਾ ਚਿਰ ਪਾਠ ਦਾ ਭੋਗ ਨਹੀਂ ਪੈਂਦਾ ਦੂਰ ਨਹੀਂ ਕਰਨਾ।ਮਲ ਮੁੱਤਰ ਜਾਣ ਸਮੇ ਪਾਠੀ ਸਿੰਘ ਇਨ੍ਹਾਂ ਉੱਚੀ ਪਾਠ ਕਰਨ ਕੀ ਬੱਚੇ ਦੇ ਕੰਨੀ ਸੁਣੀ ਜਾਵੇ ਅਤੇ ਭਿੰਡਰਾਂਵਾਲੇ ਨੇ ਆਪਣੇ ਸਿੰਘ ਨਿਰਮਲ ਸਿੰਘ ਨੂੰ ਕਿਹਾ ਕਿ ਪਾਠੀ ਉਹ ਲਾਵੋ ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਜੀ ਦੀ 25-25 ਵਾਰ ਸੰਥਿਆ ਕੀਤੀ ਹੋਵੇ ਸਾਰਾ ਕੁਝ ਇਸੇ ਤਰ੍ਹਾਂ ਕੀਤਾ ਗਿਆ ਤੀਜੇ ਦਿਨ ਭੋਗ ਪੈ ਗਿਆ। ਭੋਗ ਪੈਣ ਤੋਂ ਬਾਅਦ ਸਾਰਾ ਟੱਬਰ ਫੇਰ ਭਿੰਡਰਾਂਵਾਲੇ ਦੇ ਕੋਲ ਆਇਆ ਅਤੇ ਭਿੰਡਰਾਂਵਾਲੇ ਨੇ ਨੈਨਾ ਦੇਵੀ ਨੂੰ ਕਿਹਾ ਅੱਜ ਤੋਂ ਬਾਅਦ ਇਸ ਬੱਚੇ ਦੇ ਸਿਰ ਦੇ ਵਾਲ ਨਹੀਂ ਕੱਟਣੇ। ਅਗਰ ਗੁਰੂ ਰਾਮਦਾਸ ਜੀ ਨੇ ਚਾਹਿਆ ਤਾਂ ਇਸ ਦੀ ਬਿਮਾਰੀ ਦੂਰ ਕਰ ਦੇਣ ਗੇ।

ਨੈਨਾ ਦੇਵੀ ਤੋਂ ਬਗੈਰ ਬਾਕੀ ਸਾਰਾ ਪ੍ਰੀਵਾਰ ਮਾੜਾ ਮੋਟਾ ਮਨ ਵਿੱਚ ਵਿਸ਼ਵਾਸ਼ ਕਰਕੇ ਵਾਪਸ ਮੁੜੀਆ ਪਰ ਬੱਚੇ ਦੀ ਨਾਨੀ ਨੈਨਾ ਦੇਵੀ ਪੂਰੀ ਖੁਸ਼ ਸੀ ਜਦੋ ਇਸ ਟੱਬਰ ਦੀਆਂ ਦੋਨੇ ਕਾਰਾਂ ਪਾਣੀਪਤ ਲੰਘੀਆ ਤਾਂ ਬੱਚਾ ਇੱਕ ਦਮ ਉਠ ਖੜੀਆ ਤੇ ਜਿਹੜਾਂ ਬੱਚਾ ਪਿਛਲੇ 7 ਮਹੀਨੇ ਤੋਂ ਗੁਲੂ ਕੋਜ ਤੇ ਜਿਊਂਦਾ ਰਹਿ ਰਿਹਾ ਸੀ ਉਸ ਨੇ ਖਾਣ ਨੂੰ ਮੰਗਿਆ। ਸਾਰੇ ਪ੍ਰੀਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਬੱਸ ਫੇਰ ਕੀ ਬੱਚੇ ਦੀਆ ਹਰਕਤਾ ਦਿਨੋਂ ਦਿਨ ਬਦਲਦੀਆਂ ਗਈ ਅਤੇ 23 ਦਿਨਾਂ ਪਿਛੋਂ ਜਦੋ ਬੱਚੇ ਦੀ ਰਿਪੋਰਟ ਆਉਣੀ ਸੀ ਤਾਂ ਡਾਕਟਰਾਂ ਦੀ ਟੀਮ ਮੂੰਹ ਵਿੱਚ ਉਗਲਾਂ ਦੇ ਰਹੀ ਸੀ ਜਦੋ ਸਾਰੀ ਕਹਾਣੀ ਦੱਸੀ ਗਈ ਬੱਸ ਫੇਰ ਤਾ ਸਾਰੇ ਇੱਕ ਦੂਜੇ ਵੱਲ ਤੱਕ ਰਹੇ ਸਨ।ਬਾਰੂ ਮੱਲ ਕਹਿ ਰਿਹਾ ਸੀ।ਮੈ ਹੁਣ ਪਛਤਾ ਰਿਹਾ ਹਾਂ ਕਿ ਉਸ ਸਮੇਂ ਇਹੋ ਜਿਹੇ ਮਹਾ ਪੁਰਸ਼ ਦੇ ਮੈਂ ਕਿਉ ਨਾ ਦਰਸ਼ਨ ਕਰ ਸਕਿਆ ਜਿਹੜਾ ਸਾਡਾ ਬੱਚਾ ਕਈ ਸੈਕੜੇ ਸੰਤਾਂ, ਦਾਨਪੁੰਨ ਕਰਨ ਦੇ ਬਾਵਜੂਦ, ਭੈਣੀ ਨਾਥ ਦੀ ਸ਼ਰਨ ਗਏ ਤੋਂ ਬਾਅਦ ਅਤੇ ਇੰਗਲੈਂਡ ਤੱਕ ਡਾਕਟਰੀ ਇਲਾਜ ਹੋਣ ਬਾਦ ਮੌਤ ਦੇ ਮੂੰਹ ਦੇ

ਵੱਲ ਵੱਧ ਰਿਹਾ ਸੀ ਅੱਜ ਸਾਡਾ ਉਹੀ ਬੱਚਾ ਮੈਡੀਕਲ ਦੀ ਪੜ੍ਹਾਈ ਵਿੱਚ ਫਸਟ ਆ ਰਿਹਾ ਹੈ।

ਪਿੰਡ ਰੋਡੇ ਜਿਲ੍ਹਾ ਫਰੀਦਕੋਟ ਵਿੱਚ ਮੇਰੇ ਕੁਝ ਸੀ ਆਈ ਡੀ ਬੰਦਿਆ ਨੇ ਸੰਤਾਂ ਦੇ ਵਿਰੋਧੀਆਂ ਤੋਂ ਉਨ੍ਹਾਂ ਦੀ ਹਿਸਟਰੀ ਬਾਰੇ ਪੱਤਾ ਕੀਤਾ ਤਾਂ ਪੱਤਾ ਲਗਾ ਕਿ ਭਿੰਡਰਾਂਵਾਲੇ 7 ਭਰਾ ਸਨ ਵੱਡੇ 5 ਭਰਾ ਇੱਕ ਮਾਂ ਦੇ ਸਨ ਅਤੇ ਭਿੰਡਰਾਵਾਲਾਂ ਇਹ ਦੋ ਸਕੇ ਭਰਾ ਸਨ। ਇਨ੍ਹਾਂ ਦੇ ਵੱਡੇ ਭਰਾ ਦਾ ਨਾਮ ਵੀਰ ਸਿੰਘ ਹੈ ਇਨ੍ਹਾਂ ਦੇ ਪਿਤਾ ਨੇ ਛੋਟੇ ਹੁੰਦਿਆ ਹੀ ਇਨ੍ਹਾ ਦੋਵਾਂ ਭਰਾਵਾਂ ਨੂੰ ਅਲੱਗ ਕਰ ਦਿਤਾ ਜਿਸ ਕਾਰਣ ਇਨ੍ਹਾਂ ਨੂੰ ਆਪਣੀ ਜਵਾਨੀ ਤੱਕ ਅੱਤ ਦੀ ਗਰੀਬੀ ਝੱਲਣੀ ਪਈ ਅਤੇ ਇਸ ਨੇ ਸੰਤ ਕਰਤਾਰ ਸਿੰਘ ਜੋ ਇਨ੍ਹਾਂ ਦੀ ਗੱਧੀ ਤੋਂ ਪਹਿਲਾ ਸੰਤ ਸਨ ਉਨ੍ਹਾਂ ਤੇ ਭਿੰਡਰਾਂਵਾਲੇ ਨੇ ਆਪਣੇ ਰਹਿਣ ਸਹਿਣ ਅਤੇ ਆਪਣੀ ਪਾਠ ਪੂਜਾ ਦਾ 10-15 ਸਾਲਾਂ ਵਿੱਚ ਅਜਿਹਾ ਪ੍ਰਭਾਵ ਪਾਇਆ ਕਿ ਉਹ ਬਿੱਲਕੁਲ ਸੱਚ ਹੈ। ਕਿ ਭਿੰਡਰਾਂਵਾਲਾ ਦਿੱਲੀ ਤੱਕ ਆਪਣਾ ਡੰਕਾ ਵਜਾਉਣ ਵਾਲਾ ਜਿਸ ਕੋਲ ਹਰ ਰੋਜ਼ ਕਰੋੜਾਂ ਰੁਪਏ ਆਉਂਦੇ ਸਨ ਉਸ ਨੇ ਆਪਣੇ ਘਰ ਤੇ ਇੱਕ ਰੁਪਇਆ ਵੀ ਨਹੀਂ ਲਗਾਇਆ ਅਤੇ ਭਾਰਤੀ ਲੀਡਰਾਂ ਵਾਂਗ ਜਾਇਦਾਦ ਵੀ ਬਿੱਲਕੁਲ ਨਹੀਂ ਬਣਾਈ।

ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇੰਦਰਾ ਗਾਂਧੀ ਜੀ ਨੇ ਆਪ ਦੇ ਅੱਗੇ 23 ਫਰਵਰੀ 1984 ਨੂੰ 2 ਅਰਬ ਦੀ ਪੇਸ਼ਕਸ਼ ਕੀਤੀ। ਪਰ ਭਿੰਡਰਾਂਵਾਲਾ ਇਹ ਪੈਸਾ ਲੈਣ ਤੋਂ ਜਵਾਬ ਦੇ ਗਿਆ। ਇਹ ਗਲ ਜਰਨਲ ਵੈਦਿਆ ਨੇ ਮੈਨੂੰ ਖੁਦ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਤੋਂ ਪਹਿਲਾ ਮੀਟਿੰਗ ਵਿੱਚ ਚਰਚਾ ਕੀਤੀ ਸੀ। ਭਿੰਡਰਾਂਵਾਲੇ ਨੇ ਜਦੋ ਨਿਰੰਕਾਰੀਆਂ ਨੂੰ ਸਿੱਧਾ ਚੈਲਿੰਜ ਕਰਕੇ ਮਾਰਨਾ ਸ਼ੁਰੂ ਕਰ ਦਿਤਾ ਤਾਂ ਪੁਲਿਸ ਵਾਲੇ ਨਿਰੰਕਾਰੀਆਂ ਦੀ ਸੁੱਰਖਿਆ ਲਈ ਅੱਗੇ ਆਏ। ਪਰ ਪੁਲਿਸ ਦੇ ਅਫਸਰਵੀ ਮਰਨ ਲੱਗੇ। ਬੱਸ ਫੇਰ ਭਿੰਡਰਾਂਵਾਲਾ ਦੇ ਪ੍ਰਛਾਵੇ ਨਾਲ ਹੀ ਫੈਸਲੇ ਹੋਣ ਲੱਗ ਪਏ। ਵੱਡੇ ਵੱਡੇ ਅਫਸਰ ਡਰਨ ਲੱਗ ਪਿਏ।

ਭਿੰਡਰਾਂਵਾਲੇ ਦੇ ਮਗਰ ਲੋਕ ਵੱਡੀ ਗਿਣਤੀ ਵਿੱਚ ਹੋਣ ਕਰਕੇ ਸਰਕਾਰ ਫੜ੍ਹਨ ਤੇ ਛਿਜਕਣ ਲੱਗੀ। ਇੱਕ ਵਾਰ ਜਦੋ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਸਾਰਾ ਪੰਜਾਬ ਹੀ ਸੜਕਾਂ ਤੇ ਉਤਰ ਕੇ ਹਿੰਸਾ ਦਾ ਰੂਪ ਬਣਨ ਲੱਗਾ। ਜਿਸ ਕਾਰਣ ਸਰਕਾਰ ਡਰ ਗਈ ਅਤੇ ਭਿੰਡਰਾਂਵਾਲੇ ਨੂੰ ਰਿਹਾ ਕਰ ਦਿੱਤਾ। ਭ੍ਰਿਸ਼ਟਾਚਾਰ, ਬੇਈਮਾਨੀ, ਰਿਸ਼ਵਤ ਇਹ ਗਲ ਹਿੰਦੂਸਤਾਨ ਵਿੱਚ ਜਨਮ ਤੋਂ ਹੀ ਮਿਲਦੀਆ ਹਨ। ਅਗਰ ਕਿਸੇ ਨੂੰ ਕੋਈ ਸਰਕਾਰੀ ਕੰਮ ਹੋਵੇ। ਪਹਿਲਾ ਇਨ੍ਹਾਂ ਗੱਲਾ ਨਾਲ ਲੜਨਾ ਪੈਂਦਾ ਸੀ। ਫੇਰ ਜਾ ਕੇ ਕੋਈ ਸਰਕਾਰੀ ਕੰਮ ਪੂਰਾ ਹੁੰਦਾ ਸੀ।

ਪੈਸੇ ਦੇਣ ਦੇ ਨਾਲ ਨਾਲ ਵੱਡੀ ਸਿਫਾਰਸ਼ ਵੀ ਪਾਉਣੀ ਪੈਂਦੀ ਸੀ। ਭਿੰਡਰਾਂਵਾਲੇ ਦੇ ਤੇਜ਼ ਦਿਮਾਗ ਨੇ ਸਰਕਾਰ ਦੀ ਇਸ ਕਮਜ਼ੋਰੀ ਨੂੰ ਦੇਖਦੇ ਹੋਏ ਅਕਾਲ ਤਖ਼ਤ ਤੇ ਬੈਠ ਕੇ ਆਪ ਫੈਸਲੇ ਕਰਨ ਲੱਗ ਪਿਆ। ਉਸ ਦੇ ਫੈਸਲੇ ਤੇ ਨਾ ਕੋਈ ਖ਼ਰਚ ਆਉਂਦਾ ਸੀ ਨਾ ਸਿਫਾਰਸ਼ ਦੀ ਲੋੜ ਸੀ ਅਤੇ ਨਾ ਹੀ ਸਰਕਾਰੀ ਕੰਮਾਂ ਵਾਂਗ ਉਡੀਕ ਕਰਨੀ ਪੈਂਦੀ ਸੀ। ਹੁਣ ਤੱਕ ਉਸ ਦੀ ਇੰਨੀ ਧਮਕ ਪੈ ਚੁੱਕੀ ਸੀ। ਉਹ

ਫੈਸਲੇ ਨਾ ਸਿਫ਼ਾਰਸ਼ ਦੀ ਲੋੜ ਸੀ ਅਤੇ ਨਾ ਹੀ ਸਰਕਾਰੀ ਕੰਮਾਂ ਵਾਂਗ ਉਡੀਕ ਕਰਨੀ ਪੈਂਦੀ ਸੀ। ਹੁਣ ਤੱਕ ਉਸ ਦੀ ਇੰਨੀ ਧਮਕ ਪੈ ਚੁੱਕੀ ਸੀ ਕਿ ਉਹ ਫੈਸਲੇ ਨੂੰ ਚਿੱਠੀ ਤੇ ਲਿਖ ਕੇ ਅਗਲੇ ਨੂੰ ਦੇ ਦਿੰਦਾ ਉਹ ਫੈਸਲੇ ਦੀ ਚਿੱਠੀ ਮੌਕੇ ਦੇ ਅਫ਼ਸਰ ਜਦੋਂ ਪੜ੍ਹਦਾ ਸੀ ਤਾਂ ਉਹ ਅਲਗੇ ਦਾ ਕੰਮ ਜਵਾਈਆਂ ਵਾਂਗ ਕਰਦਾ ਸੀ। ਪੰਜਾਬ ਦੇ ਕਿਸੇ ਅਫਸਰ ਦੀ ਜੁਰਤ ਹਿੰਮਤ ਨਹੀਂ ਸੀ ਕਿ ਉਹ ਸਮਝ ਕੇ ਭਿੰਡਰਾਂਵਾਲੇ ਦੇ ਕੀਤੇ ਫੈਸਲੇ ਦਾ ਵਿਰੋਧ ਕਰਦਾ ਅਗਰ ਜੇਕਰ ਕੋਈ ਭੁਲ ਭੁਲੇਖੇ ਗਲਤੀ ਕਰ ਵੀ ਬੈਠਦਾ ਤਾਂ ਇੱਕ ਦੋ ਦਿਨਾਂ ਬਾਅਦ ਆਪ ਭਿੰਡਰਾਂਵਾਲੇ ਦੇ ਪੇਸ਼ ਹੋ ਕੇ ਗਲਤੀ ਮੰਨਦਾ। ਭਿੰਡਰਾਂਵਾਲੇ ਦੇ ਕੀਤੇ ਫੈਸਲੇ ਦਾ ਵਿਰੋਧ ਕਰਨਾ ਮੌਤ ਨੂੰ ਮਾਸੀ ਆਖਣਾ ਜਾਂ ਜਮਦੂਤਾਂ ਨੂੰ ਚਿੱਠੀ ਭੇਜਣੀ ਦੇ ਬਰਾਬਰ ਸੀ।

ਮੈਂ ਇਸ ਗੱਲ ਤੇ ਬੜ੍ਹਾ ਹੈਰਾਨ ਹਾਂ ਕਿ ਪੰਜਾਬ ਦੇ ਡੀ ਸੀ ਜਾਂ ਆਈ ਪੀ ਐਸ ਅਫਸਰ ਵੀ ਭਿੰਡਰਾਂਵਾਲੇ ਦੇ ਅੱਗੇ ਪਾਣੀ ਭਰਦੇ ਸਨ। ਇਸੇ ਕਾਰਣ ਲੋਕਾਂ ਨੇ ਆਪਣੇ ਫੈਸਲੇ ਕਰਵਾਉਣ ਲਈ ਹਰਿਮੰਦਰ ਸਾਹਿਬ ਵੱਲ ਵਹੀਰਾਂ ਘੱਤ ਲਈਆ। ਕਿਉ ਕਿ ਸਰਕਾਰੀ ਕੰਮ ਜਿਥੇ 6-6 ਮਹੀਨਿਆਂ ਵਿੱਚ ਹੁੰਦੇ ਸੀ। ਉਹ ਕੁਝ ਘੰਟਿਆਂ ਵਿੱਚ ਭਿੰਡਰਾਂਵਾਲੇ ਦੇ ਫੈਸਲੇ ਨਾਲ ਹੋਣ ਲੱਗ ਪਏ। ਇੱਥੋ ਤੱਕ ਕਿ ਵੱਡੇ ਵੱਡੇ ਅਫ਼ਸਰ ਆਪਣੇ ਬੰਦਿਆਂ ਰਾਹੀ ਭਿੰਡਰਾਵਾਲੇ ਕੋਲ ਸੁਨੇਹਾ ਭੇਜਦੇ ਕਿ ਕ੍ਰਿਪਾ ਕਰਕੇ ਸਾਡੀ ਬਦਲੀ ਇੱਥੋਂ ਦੀ ਕਰਵਾ ਦੇਵੋ।

ਨਵੀਂ ਵਿਆਹੀ ਕੁੜੀ ਦੇ ਮਾਪਿਆ ਵੱਲੋਂ ਜੇਕਰ ਦਾਜ ਨਾ ਦਿੱਤਾ ਜਾਂਦਾ ਅਗਰ ਕੁੜੀ ਨੂੰ ਸਹੁਰੇ ਕੁਝ ਕਰ ਦਿੰਦੇ। ਬੱਸ ਫੇਰ ਉਸ ਪ੍ਰੀਵਾਰ ਦਾ ਰੱਬ ਹੀ ਰਾਖਾ ਹੁੰਦਾ ਕੁੜੀ ਨੂੰ ਅੱਗ ਲਾ ਕੇ ਜਾਂ ਕਿਸੇ ਹੋਰ ਢੰਗ ਨਾਲ ਮਾਰਨ ਵਾਲੇ ਨਾਲ ਭਿੰਡਰਾਂਵਾਲਾ ਕੋਈ ਲਿਹਾਜ ਨਾ ਕਰਦਾ ਅਜਿਹੇ ਪ੍ਰੀਵਾਰ ਨੂੰ ਦੋਹੀ ਹੱਥੀ ਲੈਂਦਾ। ਉਹ ਗਰੀਬ ਆਦਮੀ ਦੀ ਗੱਲ ਥੌੜਾ ਜਿਹਾ ਚੰਗੀ ਗੌਰ ਨਾਲ ਸੁਣਦਾ ਜਦੋਂ ਉਸ ਕੋਲ ਕੋਈ ਕਿਸੇ ਵੀ ਕਿਸਮ ਦਾ ਕੇਸ ਆਉਂਦਾ ਪਹਿਲਾ ਉਹ ਚੰਗੀ ਤਰ੍ਹਾਂ ਸੁਣਦਾ ਪੰਜਾਬ ਵਿੱਚ ਆਪਣੇ ਫੈਲਾਏ ਹੋਏ ਬੰਦਿਆਂ ਤੋਂ ਕੁਝ ਹੀ ਘੰਟਿਆਂ ਵਿੱਚ ਉਸ ਕੇਸ ਸਬੰਧੀ ਜਾਣਕਾਰੀ ਲੈਂਦਾ ਅਤੇ ਫੈਸਲਾ ਸੁਣਾ ਦਿੰਦਾ। ਜਦੋਂ ਕਿ ਇਹ ਸਾਰਾ ਕੁੱਝ ਸਰਕਾਰ ਅੱਖਾਂ ਮੀਚ ਕੇ ਵੇਖ ਰਹੀ ਸੀ। ਜੇਕਰ ਉਸ ਨੂੰ ਉਦੋ ਹੀ ਗ੍ਰਿਫਤਾਰ ਕਰ ਲੈਂਦੇ ਤਾਂ ਇਹ ਸਾਰਾ ਕੁਝ ਨਹੀਂ ਵਾਪਰਨਾ ਸੀ ਇਹ ਬੜੇ ਅਚੰਬੇ ਵਾਲੀ ਗੱਲ ਹੈ ਇਸ ਗੱਲ ਦਾ ਉਦੋਂ ਸਭ ਨੂੰ ਪਤਾ ਸੀ ਕਿ ਭਿੰਡਰਾਂਵਾਲਾ ਜੋ ਲੋਕਾਂ ਵਿੱਚ ਕਹਿ ਦਿੰਦਾ ਹੈ ਉਸ ਗੱਲ ਤੋਂ ਪਿਛੇ ਨਹੀਂ ਹਟਦਾ। ਉਸ ਸਮੇਂ ਦੇ ਮੁਖ ਮੰਤਰੀ ਸ਼੍ਰੀ ਦਰਬਾਰਾ ਸਿੰਘ ਸਨ। ਉਹਨਾਂ ਨੇ ਅਖਬਾਰਾਂ ਵਿੱਚ ਬਿਆਨ ਦਿੱਤੇ ਕਿ ਭਿੰਡਰਾਂਵਾਲਾ ਅੰਦਰ ਬੈਠ ਕੇ ਲੋਕਾਂ ਦੇ ਪੁੱਤ ਮਰਵਾ ਰਿਹਾ ਏ? ਜੇਕਰ ਬਾਹਰ ਨਿਕਲ ਫੇਰ ਦੱਸੀਏ। ਕਿ ਗੌਰਮਿੰਟ ਕੀ ਹੁੰਦੀ ਹੈ। ਦੂਜਾ ਬਿਆਨ ਦਰਬਾਰਾ ਸਿੰਘ ਨੇ ਇਹ ਦਿਤਾ। ਜੇਕਰ ਪੁਲਿਸ ਨੇ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ ਤਾਂ ਇਨ੍ਹਾਂ ਸਿੰਘਾਂ ਨੂੰ ਹੱਥੋ ਹੱਥੀ ਫੜ੍ਹ ਲਵੇਗੀ। ਭਿੰਡਰਾਂਵਾਲੇ ਦੇ ਸਾਥੀ ਵਿਹਲੜਾ ਦਾ ਟੋਲਾ ਹੈ।

ਇੰਨ੍ਹਾ ਦੋਨਾਂ ਬਿਆਨਾ ਦਾ ਜੁਆਬ ਜੋ ਭਿੰਡਰਾਂਵਾਲਾ ਨੇ ਦਿੱਤਾ। ਉਹ ਨੇ

ਫੈਸਲੇ ਨਾ ਸਿਫ਼ਾਰਸ਼ ਦੀ ਲੋੜ ਸੀ ਅਤੇ ਨਾ ਹੀ ਸਰਕਾਰੀ ਕੰਮਾਂ ਵਾਂਗ ਉਡੀਕ ਕਰਨੀ ਪੈਂਦੀ ਸੀ। ਹੁਣ ਤੱਕ ਉਸ ਦੀ ਇੰਨੀ ਧਮਕ ਪੈ ਚੁੱਕੀ ਸੀ ਕਿ ਉਹ ਫੈਸਲੇ ਨੂੰ ਚਿੱਠੀ ਤੇ ਲਿਖ ਕੇ ਅਗਲੇ ਨੂੰ ਦੇ ਦਿੰਦਾ ਉਹ ਫੈਸਲੇ ਦੀ ਚਿੱਠੀ ਮੌਕੇ ਦੇ ਅਫ਼ਸਰ ਜਦੋਂ ਪੜ੍ਹਦਾ ਸੀ ਤਾਂ ਉਹ ਅਲਗੇ ਦਾ ਕੰਮ ਜਵਾਈਆਂ ਵਾਂਗ ਕਰਦਾ ਸੀ। ਪੰਜਾਬ ਦੇ ਕਿਸੇ ਅਫਸਰ ਦੀ ਜੁਰਤ ਹਿੰਮਤ ਨਹੀਂ ਸੀ ਕਿ ਉਹ ਸਮਝ ਕੇ ਭਿੰਡਰਾਂਵਾਲੇ ਦੇ ਕੀਤੇ ਫੈਸਲੇ ਦਾ ਵਿਰੋਧ ਕਰਦਾ ਅਗਰ ਜੇਕਰ ਕੋਈ ਭੁਲ ਭੁਲੇਖੇ ਗਲਤੀ ਕਰ ਵੀ ਬੈਠਦਾ ਤਾਂ ਇੱਕ ਦੋ ਦਿਨਾਂ ਬਾਅਦ ਆਪ ਭਿੰਡਰਾਂਵਾਲੇ ਦੇ ਪੇਸ਼ ਹੋ ਕੇ ਗਲਤੀ ਮੰਨਦਾ। ਭਿੰਡਰਾਂਵਾਲੇ ਦੇ ਕੀਤੇ ਫੈਸਲੇ ਦਾ ਵਿਰੋਧ ਕਰਨਾ ਮੌਤ ਨੂੰ ਮਾਸੀ ਆਖਣਾ ਜਾਂ ਜਮਦੂਤਾਂ ਨੂੰ ਚਿੱਠੀ ਭੇਜਣੀ ਦੇ ਬਰਾਬਰ ਸੀ।

ਮੈਂ ਇਸ ਗੱਲ ਤੇ ਬੜਾ ਹੈਰਾਨ ਹਾਂ ਕਿ ਪੰਜਾਬ ਦੇ ਡੀ ਸੀ ਜਾਂ ਆਈ ਪੀ ਐਸ ਅਫਸਰ ਵੀ ਭਿੰਡਰਾਂਵਾਲੇ ਦੇ ਅੱਗੇ ਪਾਣੀ ਭਰਦੇ ਸਨ। ਇਸੇ ਕਾਰਣ ਲੋਕਾਂ ਨੇ ਆਪਣੇ ਫੈਸਲੇ ਕਰਵਾਉਣ ਲਈ ਹਰਿਮੰਦਰ ਸਾਹਿਬ ਵੱਲ ਵਹੀਰਾਂ ਘੱਤ ਲਈਆ। ਕਿਉ ਕਿ ਸਰਕਾਰੀ ਕੰਮ ਜਿੱਥੇ 6-6 ਮਹੀਨਿਆਂ ਵਿੱਚ ਹੁੰਦੇ ਸੀ। ਉਹ ਕੁਝ ਘੰਟਿਆਂ ਵਿੱਚ ਭਿੰਡਰਾਂਵਾਲੇ ਦੇ ਫੈਸਲੇ ਨਾਲ ਹੋਣ ਲੱਗ ਪਏ। ਇੱਥੋ ਤੱਕ ਕਿ ਵੱਡੇ ਵੱਡੇ ਅਫ਼ਸਰ ਆਪਣੇ ਬੰਦਿਆਂ ਰਾਹੀ ਭਿੰਡਰਾਂਵਾਲੇ ਕੋਲ ਸੁਨੇਹਾ ਭੇਜਦੇ ਕਿ ਕ੍ਰਿਪਾ ਕਰਕੇ ਸਾਡੀ ਬਦਲੀ ਇੱਥੋ ਦੀ ਕਰਵਾ ਦੇਵੋ।

ਨਵੀਂ ਵਿਆਹੀ ਕੁੜੀ ਦੇ ਮਾਪਿਆ ਵੱਲੋਂ ਜੇਕਰ ਦਾਜ ਨਾ ਦਿੱਤਾ ਜਾਂਦਾ ਅਗਰ ਕੁੜੀ ਨੂੰ ਸਹੁਰੇ ਕੁਝ ਕਰ ਦਿੰਦੇ। ਬੱਸ ਫੇਰ ਉਸ ਪ੍ਰੀਵਾਰ ਦਾ ਰੱਬ ਹੀ ਰਾਖਾ ਹੁੰਦਾ ਕੁੜੀ ਨੂੰ ਅੱਗ ਲਾ ਕੇ ਜਾਂ ਕਿਸੇ ਹੋਰ ਢੰਗ ਨਾਲ ਮਾਰਨ ਵਾਲੇ ਨਾਲ ਭਿੰਡਰਾਂਵਾਲਾ ਕੋਈ ਲਿਹਾਜ ਨਾ ਕਰਦਾ ਅਜਿਹੇ ਪ੍ਰੀਵਾਰ ਨੂੰ ਦੋਹੀ ਹੱਥੀ ਲੈਂਦਾ। ਉਹ ਗਰੀਬ ਆਦਮੀ ਦੀ ਗੱਲ ਥੋੜਾ ਜਿਹਾ ਚੰਗੀ ਗੌਰ ਨਾਲ ਸੁਣਦਾ ਜਦੋਂ ਉਸ ਕੋਲ ਕੋਈ ਕਿਸੇ ਵੀ ਕਿਸਮ ਦਾ ਕੇਸ ਆਉਂਦਾ ਪਹਿਲਾ ਉਹ ਚੰਗੀ ਤਰ੍ਹਾਂ ਸੁਣਦਾ ਪੰਜਾਬ ਵਿੱਚ ਆਪਣੇ ਫੈਲਾਏ ਹੋਏ ਬੰਦਿਆਂ ਤੋਂ ਕੁਝ ਹੀ ਘੰਟਿਆਂ ਵਿੱਚ ਉਸ ਕੇਸ ਸਬੰਧੀ ਜਾਣਕਾਰੀ ਲੈਂਦਾ ਅਤੇ ਫੈਸਲਾ ਸੁਣਾ ਦਿੰਦਾ। ਜਦੋਂ ਕਿ ਇਹ ਸਾਰਾ ਕੁੱਝ ਸਰਕਾਰ ਅੱਖਾਂ ਮੀਚ ਕੇ ਦੇਖ ਰਹੀ ਸੀ। ਜੇਕਰ ਉਸ ਨੂੰ ਉਦੋ ਹੀ ਗ੍ਰਿਫਤਾਰ ਕਰ ਲੈਂਦੇ ਤਾਂ ਇਹ ਸਾਰਾ ਕੁਝ ਨਹੀਂ ਵਾਪਰਨਾ ਸੀ ਇਹ ਬੜੇ ਅਚੰਭੇ ਵਾਲੀ ਗੱਲ ਹੈ ਇਸ ਗੱਲ ਦਾ ਉਦੋਂ ਸਭ ਨੂੰ ਪਤਾ ਸੀ ਕਿ ਭਿੰਡਰਾਂਵਾਲਾ ਜੋ ਲੋਕਾਂ ਵਿੱਚ ਕਹਿ ਦਿੰਦਾ ਹੈ ਉਸ ਗੱਲ ਤੋਂ ਪਿਛੇ ਨਹੀਂ ਹਟਦਾ। ਉਸ ਸਮੇਂ ਦੇ ਮੁਖ ਮੰਤਰੀ ਸ਼੍ਰੀ ਦਰਬਾਰਾ ਸਿੰਘ ਸਨ। ਉਹਨਾਂ ਨੇ ਅਖਬਾਰਾਂ ਵਿੱਚ ਬਿਆਨ ਦਿੱਤੇ ਕਿ ਭਿੰਡਰਾਂਵਾਲਾ ਅੰਦਰ ਬੈਠ ਕੇ ਲੋਕਾਂ ਦੇ ਪੁੱਤ ਮਰਵਾ ਰਿਹਾ ਏ? ਜੇਕਰ ਬਾਹਰ ਨਿਕਲ ਫੇਰ ਦੱਸੀਏ। ਕਿ ਗੌਰਮਿੰਟ ਕੀ ਹੁੰਦੀ ਹੈ। ਦੂਜਾ ਬਿਆਨ ਦਰਬਾਰਾ ਸਿੰਘ ਨੇ ਇਹ ਦਿਤਾ। ਜੇਕਰ ਪੁਲਿਸ ਨੇ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ ਤਾਂ ਇਨ੍ਹਾਂ ਸਿੰਘਾਂ ਨੂੰ ਹੱਥੋ ਹੱਥੀ ਫੜ੍ਹ ਲਵੇਗੀ। ਭਿੰਡਰਾਂਵਾਲੇ ਦੇ ਸਾਥੀ ਵਿਹਲੜਾ ਦਾ ਟੋਲਾ ਹੈ।

ਇੰਨ੍ਹਾ ਦੋਨਾਂ ਬਿਆਨਾ ਦਾ ਜੁਆਬ ਜੋ ਭਿੰਡਰਾਂਵਾਲਾ ਨੇ ਦਿੱਤਾ। ਉਹ ਦੀਆਂ

ਰਿਕਾਰਡ ਕੀਤੀਆਂ ਟੇਪਾਂ ਵਿਚੋਂ ਸੁਣਿਆ ਜਾ ਸਕਦਾ ਹੈ। ਜੇਕਰ ਗੌਰਮਿੰਟ ਉਸ ਦੇ ਦਿੱਤੇ ਜੁਆਬਾ ਨੂੰ ਚੈਲਿੰਜ ਕਰ ਦਿੰਦੀ ਤਾਂ ਸ਼ਾਇਦ ਇਹ ਫੌਜੀ ਹਮਲਾ ਰੁੱਕ ਜਾਂਦਾ ਮੈਨੂੰ ਦਰਬਾਰਾ ਸਿੰਘ ਦੇ ਪੀ. ਏ. ਨੇ ਖੁਦ ਇਹ ਗੱਲ ਦੱਸੀ ਕਿ ਦਰਬਾਰਾ ਸਿੰਘ ਜੀ ਅੰਦਰੋ ਅੰਦਰੀ ਭਿੰਡਰਾਂਵਾਲੇ ਕੋਲ ਰੱਬੀ ਤਾਕਤ ਹੋਣ ਦਾ ਖਦਸ਼ਾ ਮੰਨ ਦੇ ਸਨ। ਭਿੰਡਰਾਂਵਾਲੇ ਨੇ ਪਹਿਲੇ ਬਿਆਨ ਦਾ ਉਤਰ ਦਿੱਤਾ।

ਕਿ ਦਰਬਾਰਾ ਸਿੰਘ ਜੀ, ਤੁਸੀ ਇਹ ਕਹਿੰਦੇ ਹੋ ਕਿ ਮੈਂ ਬਾਹਰ ਨਹੀਂ ਨਿਕਲਦਾ, ਸ਼੍ਰੀ ਹਰਿਮੰਦਰ ਸਾਹਿਬ ਤੋਂ ਲਾਲ ਕਿਲਾ 10 ਘੰਟੇ ਦੀ ਵਾਟ ਹੈ। ਤੁਸੀਂ ਆਪਣੀ ਸਾਰੀ ਪੁਲਿਸ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਲਾ ਲਵੋਂ।ਹੋਰ ਵੀ ਜਿੱਥੇ ਮਨ ਕਰੇ ਆਪਣੀ ਪੁਲੀਸ ਲਾ ਲਵੋ। ਇੰਨੀ ਸਕਿਊਰਟੀ ਹੋਣ ਦੇ ਬਾਵਜੂਦ ਜੇਕਰ ਮੈਂ 10 ਘੰਟੇ ਦੇ ਵਿੱਚ ਲਾਲ ਕਿਲੇ ਤੇ ਪਹੁੰਚ ਗਿਆ ਤਾਂ ਆਪਣੀ ਇੰਦਰਾ ਗਾਂਧੀ ਤੋਂ ਕਾਗਜ਼ ਤੇ ਲਿਖਵਾ ਲਵੋ ਕਿ ਉਹ ਆਨੰਦਪੁਰ ਮਤੇ ਦੀਆਂ ਸਾਰੀਆਂ ਮੰਗਾ ਮੰਨ ਲਵੇਗੀ। ਜੇਕਰ ਮੈਂ ਨਾ ਪਹੁੰਚਿਆ ਤਾਂ ਮੈਂ ਅਨੰਦਪੁਰ ਦੇ ਮਤੇ ਨੂੰ ਵੀ ਛੱਡ ਦੇਵਾਗਾ ਅਤੇ ਪੰਜਾਬ ਨੂੰ ਵੀ ਛੱਡ ਦੇਵਾਂਗਾ।ਦੂਸਰੇ ਬਿਆਨ ਦਾ ਉੱਤਰ ਦਿੱਤਾ । ਕਿ ਮੈਂ ਇੱਕ ਸਿੰਘ ਨੂੰ ਖੁਲ੍ਹੇ ਮੈਦਾਨ ਵਿੱਚ ਛੱਡਾਗਾ, ਤੇਰੇ 5 ਬੰਦੇ ਹੋਣਗੇ ਭਾਵੇ ਉਹ ਕਮਾਂਡੋ ਹੋਣ ਚਾਹੇ ਪਹਿਲਾਵਾਨ ਹੋਣ ਜੇਕਰ ਮੇਰੇ ਸਿੰਘ ਨੂੰ ਫੜ ਲੈਣ ਤਾਂ ਵੀ ਮੈਂ ਪੰਜਾਬ ਛੱਡ ਦੇਵਾਂਗਾ। ਜੇਕਰ ਇਨ੍ਹਾਂ ਗੱਲਾਂ ਨੂੰ ਧਿਆਨ ਨਾਲ ਦੇਖਿਆ ਜਾਦਾ ਤਾਂ ਭਿੰਡਰਾਂਵਾਲਾ ਆਪਣੇ ਆਪ ਹੀ ਫਸ ਜਾਣਾ ਸੀ। ਮੈਨੂੰ ਦਰਬਾਰਾ ਸਿੰਘ ਦੇ ਪੀ. ਏ. ਨੇ ਦੱਸਿਆ ਕਿ ਦਰਬਾਰਾ ਸਿੰਘ ਜੀ ਅੰਦਰੋ-ਅੰਦਰੀ ਡਰੀ ਬੈਠੇ ਸਨ ਅਤੇ ਨਾ ਹੀ ਭਿੰਡਰਾਂਵਾਲੇ ਦੇ ਇਨ੍ਹਾਂ ਉੱਤਰਾ ਨੂੰ ਕੇਂਦਰ ਸਰਕਾਰ ਨੇ ਦੇਖਿਆ ਜਦੋ ਕਿ ਕੇਂਦਰ ਸਰਕਾਰ ਰਾਜੀਨਾਮੇ ਲਈ ਦਿਨ ਰਾਤ ਭੱਜੀ ਫਿਰਦੀ ਸੀ।

ਭਿੰਡਰਾਵਾਲੇ ਵਾਲੇ ਦਾ ਰੋਅਬ ਖੱਬੀਖਾਨ ਕਹਾਉਣ ਵਾਲੇ ਬਦਮਾਸ਼ਾਂ ਤੇ ਵੀ ਬਿਜਲੀ ਵਾਗ ਡਿੱਗਦਾ ਸੀ। ਬੀਰੇ ਨਾਮ ਦਾ ਇੱਕ ਬਦਮਾਸ਼ ਜਿਸ ਨੇ ਪੁਲਿਸ ਦੇ ਕਈ ਵੱਡੇ ਅਫਸਰਾਂ ਨਾਲ ਦੋਸਤੀ ਪਾਈ ਹੋਈ ਸੀ ਉਹ ਕਬਜੇ ਛੁਡਉਣ ਅਤੇ ਕਬਜਾ ਕਰਣ ਲਈ ਪੈਸੇ ਲੈ ਕੇ ਇਹ ਕੰਮ ਕਰਦਾ ਸੀ। ਉਹ ਬੰਦੇ ਨੂੰ ਮਾਰਨਾ ਇੱਕ ਕੀੜੇ ਨੂੰ ਪੈਰ ਥੱਲੇ ਮਾਰਨ ਦੇ ਬਰਾਬਰ ਸਮਝਦਾ ਸੀ ਅਤੇ ਹਰ ਵੇਲੇ 30-35 ਬੰਦੇ ਰਫਲਾਂ ਵਾਲੇ ਨਾਲ ਰੱਖਦਾ ਸੀ। ਉਸ ਦੀ ਧਮਕ ਇੰਨੀ ਸੀ ਜਿੱਥੇ ਆਪਣਾ ਸੁਨੇਹਾ ਪਹੁੰਚਾ ਦਿੰਦਾ ਕਬਜਾ ਕਰੀ ਬੈਠਾ ਬੰਦਾ ਉਸ ਵੇਲੇ ਦੌੜ ਜਾਂਦਾ ਇਸੇ ਤਰ੍ਹਾਂ ਬੀਰੇ ਨੇ ਆਪਣੀ ਕਾਫੀ ਜਾਇਦਾਦ ਬਣਾ ਲਈ ਸੀ । ਇੱਧਰ ਭਿੰਡਰਾਵਾਲੇ ਦਾ ਸਾਥੀ ਕੁਲਵੰਤ ਸਿੰਘ ਨਾਗੋਕੇ ਵਾਲੇ ਨੂੰ ਪੁਲਿਸ ਨੇ ਮਾਰ ਦਿੱਤਾ ਅਤੇ ਉਸ ਦੀ ਜਾਇਦਾਦ ਨੂੰ ਜਬਤ ਕਰ ਲਿਆ ਅਤੇ ਬੋਲੀ ਦੇਣ ਲਈ ਅਖਬਾਰ ਵਿੱਚ ਕਢਵਾ ਦਿੱਤਾ ਜਦੋ ਕੋਈ ਵੀ ਬੋਲੀ ਦੇਣ ਨਾ ਆਇਆ ਤਾਂ ਸਰਕਾਰ ਨੇ ਬੀਰੇ ਨੂੰ ਸਸਤੀ ਜਾਇਦਾਦ ਮਿਲਣ ਦਾ ਲਾਲਚ ਦੇ ਕੇ ਲੈ ਆਂਦਾ।

ਜਦੋ ਬੋਲੀ ਹੋਣੀ ਸੀ ਤਾਂ ਭਿੰਡਰਾਵਾਲਾ ਮੋਗੇ ਸ਼ਹਿਰ ਵਿੱਚ ਗੁਰੂ ਨਾਨਕ ਕਾਲਜ ਵਿੱਚ ਠਹਿਰਿਆ ਹੋਇਆ ਸੀ ਭਿੰਡਰਾਵਾਲੇ ਵਾਲੇ ਨੂੰ ਜਦੋ ਪਤਾ ਲੱਗਾ ਕਿ

ਬੀਰੇ ਨਾਮ ਦਾ ਬਦਮਾਸ਼ ਬੋਲੀ ਦੇਣ ਵਾਸਤੇ ਅੱਗੇ ਆਇਆ ਹੈ ਤਾਂ ਭਿੰਡਰਾਂਵਾਲੇ ਨੇ ਇਹ ਬਿਆਨ ਦਿੱਤਾ ਜੋ ਉਸ ਦੀਆਂ ਰਿਕਾਰਡ ਕੀਤੀਆਂ ਟੇਪਾਂ ਵਿੱਚੋਂ ਸੁਣਿਆ ਜਾ ਸਕਦਾ ਹੈ । ਉਸ ਨੇ ਕਿਹਾ ਭਰਾਵੋਂ ਪਹਿਲਾ ਤਾ ਮੈ ਹੱਥ ਜੋੜ ਕੇ ਸਿੱਖੀ ਨਾਤੇ ਬੇਨਤੀ ਕਰਦਾ ਹਾਂ ਕਿ ਇੱਕ ਸ਼ਹੀਦ ਦੀ ਜਾਇਦਾਦ ਲੈਣ ਵਾਸਤੇ ਕੋਈ ਵੀ ਸਿੱਖ ਅੱਗੇ ਨਾ ਆਵੇ ਅਤੇ ਦੂਜੀ ਮੈਂ ਵਾਰਨਿੰਗ ਦੇਣੀ ਚਾਹੁੰਦਾ ਹਾਂ ਕਿ ਜੇ ਕਰ ਕਿਸੇ ਨੇ ਬੋਲੀ ਦਿੱਤੀ ਤਾਂ ਇਹ ਅੱਗ ਦਾ ਮਚਦਾ ਉਹ ਭੱਠ ਹੈ ਜੇ ਕਰ ਹੱਥ ਪਾ ਲਿਆ ਤਾਂ ਫਿਰ ਬਾਹਰ ਨਹੀਂ ਨਿਕਲੇ ਗਾ ਫੇਰ ਅੰਦਰ ਹੀ ਜਾਣਾ ਪਵੇਗਾ ਅਤੇ ਉਹ ਬੋਲੀ ਦੇਵੇ ਜੋ ਮਾਂ ਦੀ ਕੁਖ ਤੋਂ ਦੋ ਸਿਰ ਲੈ ਕੇ ਜੰਮਿਆ ਹੈ ਕਿਉ ਕਿ ਇੱਕ ਸਿਰ ਤਾਂ ਮੈਂ ਉਸ ਦਾ ਵੱਡ ਦੇਵਾਂਗਾ।

ਜਦੋਂ ਇਹ ਗਲ ਬੀਰੇ ਕੋਲ ਪਹੁੰਚੀ ਤਾਂ ਉਹ ਭੱਜ ਚਲਿਆ 1984 ਵਿੱਚ ਉਸ ਸਮੇਂ ਦੇ ਸੀਨੀਆ ਪੁਲਿਸ ਅਫਸਰ ਭੱਟੀ ਨੇ ਇਹ ਦੱਸਿਆ ਕਿ ਜਾਣ ਲਗਾ ਬੀਰਾ ਕਹਿੰਦਾ ਕਿ ਭਿੰਡਰਾਂਵਾਲਾ ਪਹਿਲਾ ਬੰਦੇ ਦੇ ਪੁੱਤ ਨੂੰ ਅਤੇ ਜਵਾਈ ਨੂੰ ਮਾਰਦਾ ਹੈ ਅਤੇ ਫਿਰ ਬੰਦੇ ਨੂੰ ਮਾਰਦਾ ਹੈ। ਮੈਂ ਇਸ ਜਾਇਦਾਦ ਲਈ ਆਪਣਾ ਖਾਨਦਾਨ ਨਹੀਂ ਮਰਵਾਉਣਾ ਅਤੇ ਜੇ ਕਰ ਭਿੰਡਰਾਂਵਾਲੇ ਨਾਲ ਪੰਗਾ ਪੈ ਗਿਆ ਤਾਂ ਆਹ ਮੇਰੇ ਨਾਲਦੇ ਰਫਲਾਂ ਵਾਲੇ ਰਫਲਾਂ ਸੁੱਟ ਕੇ ਘਰੋਂ ਘਰੀ ਭੱਜ ਜਾਣਗੇ। ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਭਿੰਡਰਾਂਵਾਲੇ ਦਾ ਦਬਦਬਾ ਕਾਨੂੰਨ ਤੋਂ ਵੱਧ ਗਿਆ ਸੀ।

ਜਿਲ੍ਹਾ ਰੋਪੜ ਤੋਂ ਮੇਰੀ ਪਲਟਨ ਵਿੱਚ ਹਰਦੇਵ ਸਿੰਘ ਨਾਮ ਦਾ ਆਦਮੀ ਸੀ ਜਿਸ ਦੇ ਘਰ ਤਿੰਨ ਕੁੜੀਆਂ ਨੇ ਜਨਮ ਲਿਆ ਸੀ ਹਰਦੇਵ ਸਿੰਘ ਦਾ ਪਿਤਾ ਮੁੰਡਾ ਨਾ ਹੋਣ ਕਰਕੇ ਚਿੰਤਾ ਵਿੱਚ ਰਹਿੰਦਾ ਸੀ ਹਰਦੇਵ ਸਿੰਘ ਦੇ ਦਸਣ ਮੁਤਾਬਕ 1979 ਵਿੱਚ ਭਿੰਡਰਾਂਵਾਲੇ ਵਾਲਾ ਉਨ੍ਹਾਂ ਦੇ ਪਿੰਡ ਵਿੱਚ ਆਇਆ ਅਤੇ ਹਰਦੇਵ ਸਿੰਘ ਦੇ ਪਿਤਾ ਨੇ ਹਰਦੇਵ ਸਿੰਘ ਨੂੰ ਨਾਲ ਲੈ ਕੇ ਭਿੰਡਰਾਂਵਾਲੇ ਦੇ ਪੇਸ਼ ਹੋ ਕੇ ਮੁੰਡਾ ਹੋਣ ਲਈ ਭਿੰਡਰਾਂਵਾਲੇ ਨੂੰ ਅਰਦਾਸ ਕਰਨ ਲਈ ਕਿਹਾ। ਭਿੰਡਰਾਂਵਾਲਾ ਅਗੋ ਗਰਮ ਹੋ ਕੇ ਕਹਿੰਦਾ ਮੁੰਡੇ ਹੋਣ ਲਈ ਅਰਦਾਸਾ ਕਰਨ ਲਈ ਹੋਰ ਬਥੇਰੇ ਮੇਰੇ ਵਰਗੇ ਤੁਰੇ ਫਿਰਦੇ ਹਨ ਮੈਂ ਕੋਈ ਅਰਦਾਸ ਨਹੀਂ ਕਰ ਸਕਦਾ ਤਾਂ ਹਰਦੇਵ ਸਿੰਘ ਦਾ ਪਿਤਾ ਬੜੀ ਨਿਮਰਤਾ ਨਾਲ ਫੇਰ ਬੇਨਤੀਆਂ ਕਰਨ ਲੱਗਾ ਤਾਂ ਭਿੰਡਰਾਂ ਵਾਲੇ ਨੇ ਕਿਹਾ ਮੈਂ ਤੁਹਾਨੂੰ ਤਰੀਕਾਂ ਦਸ ਦਿੰਦਾ ਹਾਂ ਅਗੇ ਰੱਬ ਦੀ ਮਰਜੀ ਉਸ ਨੇ ਕਿਹਾ ਪਹਿਲਾ ਦੋਨੋ ਜਾਣੇ ਹਰਦੇਵ ਸਿੰਘ ਅਤੇ ਉਸ ਦੀ ਘਰ ਵਾਲੀ ਅਮ੍ਰਿਤ ਛਕਣ ਅਤੇ ਫਿਰ ਮਹਿਤੇ ਆ ਕੇ 10 ਪਾਠੀ ਲੈ ਜਾਣ ਪਾਠੀ ਇਹੋ ਜਿਹੇ ਲੈ ਕੇ ਜਾਣ ਜਿਨ੍ਹਾਂ ਦਾ ਛੋਟੇ ਹੁੰਦੇ ਅੰਮ੍ਰਿਤ ਛਕਿਆ ਹੋਵੇ ਅਤੇ ਆਪਣੀ ਨਿਕਲ ਚੁੱਕੀ ਜਿੰਦਗੀ ਵਿੱਚ ਕੋਈ ਕੁਰਹਿਤ ਨਾ ਕੀਤੀ ਹੋਵੇ ਅਤੇ ਘੱਟੋ ਘੱਟ 25 ਵਾਰ ਗੁਰੂ ਗਰੰਥ ਸਾਹਿਬ ਦੀ ਸੰਥਿਆ ਕੀਤੀ ਹੋਵੇ ਅਤੇ ਪਾਠੀ ਸਿੰਘਾਂ ਦੀ ਸੇਵਾ ਵੀ ਰੱਜ ਕੇ ਕਰਨੀ ਦੋਨਾਂ ਪਤੀ ਪਤਨੀ ਨੇ ਪਾਠ ਸ਼ੁਰੂ ਹੋਣ ਤੋਂ ਭੋਗ ਪੈਣ ਤੱਕ ਕਿਸੇ ਨਾਲ ਗੱਲ ਨਹੀਂ ਕਰਨੀ ਨਹਾਉਣ ਵੇਲੇ ਪਾਠੀ ਸਿੰਘ ਇਨ੍ਹਾ ਉਚੀ ਪਾਠ ਕਰਨ ਕੇ ਆਦਮੀ ਨੂੰ ਨਹਾਉਣ ਸਮੇਂ ਵੀ ਸੁਣਦਾ ਰਹੇ ਇਸ ਨਿਯਮ ਦੇ ਅਧੀਨ ਸਾਰਾ ਪਾਠ ਸੁਣੇ।

ਨੀਂਦ ਘੱਟ ਤੋਂ ਘੱਟ ਉਸ ਕਮਰੇ ਵਿੱਚ ਲਈ ਜਿੱਥੇ ਮਹਾਰਾਜ ਜੀ ਦਾ ਪ੍ਰਕਾਸ਼

ਹੈ। ਇਹ ਕਹਾਣੀ ਮੈਨੂੰ ਖੁਦ ਹਰਦੇਵ ਸਿੰਘ ਸੁਣਾਈ ਅਤੇ ਕਿਹਾ ਭੋਗ ਵਾਲੇ ਦਿਨ ਪਾਠੀ ਸਿੰਘਾਂ ਵਿੱਚੋਂ ਪੰਜ ਸਿੰਘ ਤਿਆਰ ਪੁਰ ਤਿਆਰ ਹੋਣ ਭਾਵ ਚੋਲੇ ਵਗੈਰਾ ਪਾ ਲੈਣ ਅਤੇ ਜੱਥੇਦਾਰ ਭੋਗ ਦੀ ਅਰਦਾਸ ਅਤੇ ਮੁੰਡਾ ਹੋਣ ਦੀ ਅਰਦਾਸ ਕਰੇ ਮੈਨੂੰ ਬੜੀ ਹੈਰਾਨੀ ਹੋਈ ਜਦੋਂ ਹਰਦੇਵ ਸਿੰਘ ਨੇ ਦਸਿਆ ਕੀ ਸਾਲ ਪਿਛੋ ਉਸ ਦੇ ਘਰ ਮੁੰਡੇ ਨੇ ਜਨਮ ਲਿਆ ਅਤੇ ਭਿੰਡਰਾਂਵਾਲੇ ਨੇ ਲਾ ਹੀ ਕਿਹਾ ਸੀ ਕਿ ਜੇ ਕਰ ਮਹਾਰਾਜ ਦੀ ਕ੍ਰਿਪਾ ਹੋਈ ਤਾਂ ਲੜਕੇ ਨੂੰ ਐਸੀ ਸਿਖਿਆ ਦੇਈ ਜਾਣੀ ਕਿ ਉਹ ਸਾਰੀ ਉਮਰ ਸਿਰ ਦੇ ਵਾਲ ਨਾ ਕੱਟੇ।

ਇਸੇ ਗੱਲਾਂ ਕਰ ਕੇ ਭਿੰਡਰਾਂਵਾਲੇ ਦੇ ਨਾਲ ਤੁਰਨ ਵਾਲੇ ਉਸ ਦੀ ਖਾਤਿਰ ਮਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ ਉਹ ਭਿੰਡਰਾਂਵਾਲੇ ਨੂੰ ਇੱਕ ਰੱਬੀ ਸ਼ਕਤੀਆਂ ਹੋਣ ਦਾ ਭਰਮ ਪਾਲੀ ਬੈਠੇ ਸਨ। ਜਿਸ ਕਰਕੇ ਸਰਕਾਰ ਨੂੰ ਭਿੰਡਰਾਂਵਾਲੇ ਅਤੇ ਉਸ ਦੇ ਸਾਥੀਆਂ ਤੇ ਕਾਬੂ ਪਾਉਣਾ ਮੁਸ਼ਕਿਲ ਹੋ ਗਿਆ ਸੀ।

ਸੰਨ 1983 ਵਿੱਚ ਜਿਲ੍ਹਾ ਫਰੀਦਕੋਟ ਦੇ ਸ਼ਹਿਰ ਕੋਟਕਪੂਰੇ ਦਾ ਗੁਰਮੀਤ ਸਿੰਘ ਨਾਮ ਦਾ ਆਦਮੀ ਇੱਕ ਲਾਗੇ ਪਿੰਡ ਦੇ ਮਜਬੀਆਂ ਦੀ ਕੁੜੀ ਜੋ ਉਮਰ ਵਿੱਚ ਸਿਰਫ 14 ਸਾਲ ਦੀ ਸੀ ਚੁੱਕ ਕੇ ਕੀਤੇ ਦੂਰ ਆਪਣੇ ਸਾਥੀਆਂ ਸਮੇਤ ਲੈ ਗਿਆ ਗੁਰਮੀਤ ਸਿੰਘ ਦਾ ਪਿਤਾ ਐਸ ਡੀ ਐਮ ਅਤੇ ਮਾਮਾ ਐਸ ਐਸ ਪੀ ਲਗਿਆ ਹੋਇਆ ਸੀ ਅਤੇ ਗੁਰਮੀਤ ਸਿੰਘ ਦੇ ਪਿਤਾ ਨੇ ਆਪਣਾ ਬਹੁਤ ਵੱਡਾ ਕਾਰੋਬਾਰ ਵਧਾਇਆ ਹੋਇਆ ਸੀ ਘਰ ਵਿੱਚ ਖੁੱਲਾ ਪੈਸਾ ਅਤੇ ਸਰਕਾਰ ਵਿੱਚ ਤਾਕਤ ਹੋਣ ਕਰਕੇ ਗੁਰਮੀਤ ਸਿੰਘ ਇਲਾਕੇ ਵਿੱਚ ਕਾਫੀ ਗਲਤ ਕੰਮਾਂ ਕਰਕੇ ਚਰਚਾ ਦਾ ਵਿਸ਼ਾ ਬਣਿਆ ਹੋਈਆ ਸੀ ਉੱਧਰ ਕੁੜੀ ਦਾ ਪਿਉ ਜਦੋ ਥਾਣੇ ਪਹੁੰਚਿਆ ਤਾਂ ਕਸ਼ਮੀਰ ਸਿੰਘ ਨਾਮ ਦੇ ਥਾਣੇਦਾਰ ਨੇ ਉਸ ਦੀ ਕਾਫੀ ਬੇਇਜ਼ਤੀ ਕਰਕੇ ਥਾਣੇ ਵਿੱਚੋ ਕੱਢ ਦਿੱਤਾ ਅਤੇ ਕਿਹਾ ਤੂੰ ਆਪਣੀ ਲੜਕੀ ਨਾਲ ਬਰਾੜਾਂ ਦੀ ਬਰਾਦਰੀ ਵਾਲਿਆ ਨੂੰ ਬਦਨਾਮ ਕਰਕੇ ਪੈਸੇ ਬਟੋਰਨਾ ਚਾਹੁੰਦਾ ਹੈ।

ਲੜਕੀ ਦਾ ਪਿਤਾ ਇਕ ਨਸ਼ਈ ਹੋਣ ਕੇ ਭਿੰਡਰਾਂਵਾਲੇ ਦੇ ਅੱਗੇ ਪੇਸ਼ ਹੋਣ ਤੋਂ ਡਰਦਾ ਸੀ। ਉਹ ਕੁਝ ਸਿਆਸੀ ਆਦਮੀਆਂ ਕੋਲ ਗਿਆ ਜਿਨ੍ਹਾ ਵਿੱਚ ਗੁਰਚਰਨ ਸਿੰਘ ਨਿਹਾਲੇਵਾਲੀਆ ਇੱਕ ਲੀਡਰ ਸੀ ਉਸ ਨੇ ਬਿਨ੍ਹਾ ਕਿਸੇ ਸ਼ਰਤ ਤੇ ਉਸ ਅੱਗੇ ਬੇਨਤੀ ਕੀਤੀ ਕਿ ਉਹ ਕਿਸੇ ਕਿਸਮ ਦਾ ਅਦਾਲਤ਼ ਵਿੱਚ ਕੇਸ ਨਹੀਂ ਕਰੇਗਾ ਸਿਰਫ ਉਸ ਦੀ ਬੇਟੀ ਵਾਪਸ ਕਰਵਾ ਦਿੱਤੀ ਜਾਵੇ। ਤਾਂ ਗੁਰਚਰਨ ਸਿੰਘ ਨੇ ਉਸ ਨੂੰ ਭਰੋਸਾ ਦਵਾ ਕੇ ਵਾਪਸ ਮੋੜ ਦਿਤਾ ਉਸ ਤੋਂ ਬਾਅਦ ਕੁੜੀ ਨੂੰ 17 ਦਿਨ੍ਹਾਂ ਪਿਛੋ ਛਡਿਆ ਗਿਆ ਜਦੋ ਕੁੜੀ ਆਪਣੇ ਘਰਦਿਆ ਨੂੰ ਮਿਲੀ ਤਾਂ ਉਸ ਦੀ ਹਾਲਤ ਬਹੁਤ ਖਰਾਬ ਸੀ ਕੁੜੀ ਘਰ ਵਿੱਚ ਹੀ ਘਰਦਿਆ ਨੂੰ ਮਿਲਦੇ ਸਾਰ ਹੀ ਗਮ ਵਿੱਚ ਬੇਹੋਸ਼ ਹੋ ਗਈ।

ਉਮਰ ਦੀ ਘੱਟ ਹੋਣ ਕਰਕੇ ਅਤੇ ਪੂਰੇ 22 ਦਿਨ ਉਸ ਦਾ ਗੁਰਮੀਤ ਸਿੰਘ ਅਤੇ ਉਸ ਦੇ ਸਾਥੀਆਂ ਵਲੋਂ ਸਮੂਹਿਕ ਬਲਾਤਕਾਰ ਹੁੰਦਾ ਰਿਹਾ। ਅਗਲੇ ਦਿਨ ਬਿੱਛੂ ਰਾਮ ਨਾਮ ਦਾ ਥਾਣੇਦਾਰ ਉਨ੍ਹਾਂ ਦੇ ਘਰ ਆਇਆ ਅਤੇ ਲੜਕੀ ਨੂੰ ਆਪਣੀ ਮਰਜੀ ਨਾਲ ਘਰੋਂ ਗਈ ਤੇ ਪੇਪਰਾਂ ਤੇ ਸਾਈਨ ਕਰਵਾ ਕੇ ਵਾਪਸ ਚਲਾ ਗਿਆ।

ਇੱਧਰ ਲੜਕੀ ਦੀ ਹਾਲਤ ਜਿਆਦਾ ਵਿਗੜਣ ਕਰਕੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਹਸਪਤਾਲ ਦਾ ਵੱਡਾ ਡਾ: ਭਿੰਡਰਾਂਵਾਲੇ ਦਾ ਚੇਲਾ ਸੀ। ਜਦੋਂ ਡਾ: ਨੂੰ ਸਾਰੀ ਕਹਾਣੀ ਪਤਾ ਲੱਗੀ ਤਾ ਉਸ ਨੇ ਭਿੰਡਰਾਂਵਾਲੇ ਕੋਲ ਪਹੁੰਚਾ ਦਿੱਤੀ।

ਭਿੰਡਰਾਂਵਾਲੇ ਨੇ ਉਸੇ ਸਮੇਂ ਲੜਕੀ ਦੇ ਪਿਉ ਨੂੰ ਪੇਸ਼ ਹੋਣ ਲਈ ਕਿਹਾ। ਲੜਕੀ ਦਾ ਪਿਉ ਜੋ ਭਿੰਡਰਾਂਵਾਲੇ ਤੋਂ ਆਪਣਾ ਨਸ਼ਈ ਪੁਣਾ ਹੋਣ ਕਰਕੇ ਡਰਦਾ ਸੀ। ਭਿੰਡਰਾਂਵਾਲੇ ਨੇ ਉਸ ਦੇ ਨਸ਼ਈਪੁਣੇ ਅਤੇ ਦਾੜੀ ਕੇਸ ਕੱਟੇ ਹੋਇਆ ਵੱਲ ਕੋਈ ਧਿਆਨ ਨਹੀਂ ਦਿੱਤਾ ਜਦੋਂ ਉਸ ਨੇ ਸਾਰੀ ਗੱਲ ਸੁਣੀ ਤਾ ਭਿੰਡਰਾਂਵਾਲੇ ਅੱਗ ਭਬੂਕਾ ਹੋ ਉਠਿਆ ਉਸ ਦੇ ਇੱਕ ਹੀ ਕੋਟਕਪੂਰੇ ਕੀਤੇ ਫੋਨ ਨੇ ਥਾਣੇ ਦੀਆਂ ਕੰਧਾ ਹਿਲਾ ਦਿਤੀਆਂ। ਕਸ਼ਮੀਰ ਸਿੰਘ ਥਾਣੇਦਾਰ ਉਸ ਦੇ ਟੱਬਰ ਨੂੰ ਗੱਡੀ ਚੜਾਉਣ ਦੀ ਖੁਸ਼ ਖਬਰੀ ਸੁਣਾ ਦਿੱਤੀ ਅਤੇ ਕਸ਼ਮੀਰ ਸਿੰਘ ਥਾਣੇਦਾਰ ਨੂੰ ਆਪਣੇ ਹੱਥਾਂ ਪੈਰਾਂ ਦੀ ਗਈ ਉਹ ਉਸ ਸਮੇਂ ਸਿਮਰਨ ਜੀਤ ਸਿੰਘ ਮਾਨ ਦੇ ਚਰਨੀ ਜਾ ਲੱਗਿਆ ਅਤੇ ਭਿੰਡਰਾਂਵਾਲੇ ਤੋਂ ਆਪਣੀ ਅਤੇ ਆਪਣੇ ਟੱਬਰ ਦੀ ਜਾਣ ਬਖਸ਼ਨ ਲਈ ਤਰਲੇ ਕਰਨ ਲੱਗਾ। ਉਧਰ ਭਿੰਡਰਾਂਵਾਲੇ ਦੀਆਂ ਭੇਜੀਆਂ 2 ਜੀਪਾਂ ਗੁਰਮੀਤ ਸਿੰਘ ਨੂੰ ਨੂੜ ਕੇ ਅੰਮ੍ਰਿਤਸਰ ਲੈ ਗਈਆਂ ਅਤੇ ਭਿੰਡਰਾਂਵਾਲੇ ਨੇ ਗੁਰਮੀਤ ਸਿੰਘ ਦੇ ਪਿਤਾ ਜੋ ਐਸ. ਡੀ. ਐਮ ਸਨ ਨੂੰ 24 ਘੰਟੇ ਦੇ ਅੰਦਰ ਅੰਦਰ ਅਕਾਲ ਤਖਤ ਤੇ ਪੇਸ਼ ਹੋਣ ਲਈ ਕਿਹਾ ਜਦੋਂ ਗੁਰਮੀਤ ਸਿੰਘ ਦੇ ਪਿਤਾ ਨੂੰ ਸੁਨੇਹਾ ਮਿਲਆ ਤਾਂ ਉਹ ਉਸ ਸਮੇਂ ਹੀ ਅਕਾਲ ਤੱਖਤ ਤੇ ਪਹੁੰਚ ਗਿਆ ਅੱਗੋ ਭਿੰਡਰਾਂਵਾਲੇ ਨੇ ਸਿਰਫ ਇਹ ਹੀ ਕਿਹਾ ਕਿ ਜੇ ਤੇਨੂੰ ਪਤਾ ਸੀ ਕਿ ਮੇਰਾ ਲੜਕਾ ਇੱਕ ਗਰੀਬ ਦੀ 14 ਸਾਲ ਦੀ ਬੱਚੀ ਨੂੰ ਇਨੇ ਦਿਨ੍ਹਾਂ ਤੋਂ ਆਪਣੇ ਸਾਥੀਆਂ ਨਾਲ ਤੁਹਾਡੇ ਆਪਣੇ ਹੀ ਸ਼ੈਲਰ ਵਿੱਚ ਰੱਖੀ ਬੈਠਾ ਹੈ ਤਾਂ ਤੂੰ ਵੀ ਜਾਣ ਬੁੱਝ ਕੇ ਅੱਖਾਂ ਮੀਚ ਕੇ ਬੈਠਾ ਰਿਹਾ ਹੈ।

ਜਿਵੇ ਤੇਰੇ ਲੜਕੇ ਨੇ 22 ਦਿਨ ਲੜਕੀ ਦੀ ਇੱਜਤ ਰੋਲੀ ਹੈ ਜਾ ਚਲਿਆ ਜਾਹ ਇਸ ਨੂੰ ਵੀ ਤੂੰ 22 ਦਿਨਾਂ ਪਿਛੋ ਲੈ ਜਾਵੀ ਅਤੇ ਉਸ ਨੂੰ ਧੱਕੇ ਮਰਵਾ ਕੇ ਬਾਹਰ ਕੱਢ ਦਿਤਾ। ਬਾਦ ਵਿੱਚ ਗੁਰਮੀਤ ਸਿੰਘ ਨੂੰ ਕਈ ਤਸੀਹੇ ਦੇ ਕੇ ਉਸ ਨੂੰ ਵੱਢ ਕੇ ਬੋਰੀ ਵਿੱਚ ਪਾ ਕੇ ਉਸ ਦੇ ਪਿਤਾ ਕੋਲ ਉਹ ਬੋਰੀ ਭੇਜ ਦਿੱਤੀ ਗਈ।

ਇਸ ਤਰ੍ਹਾਂ ਉਹ ਲੋਕਾਂ ਨੂੰ ਆਪਣੇ ਮਗਰ ਲਾਉਣ ਵਿੱਚ ਸਫਲ ਹੋ ਗਿਆ। ਲੋਕੀ ਵੀ ਕਾਨੂੰਨ ਦਾ ਸਹਾਰਾ ਲੈਣ ਦੀ ਥਾਂ ਭਿੰਡਰਾਂਵਾਲੇ ਕੋਲ ਆਪਣਾ ਫੈਸਲਾ ਲੈਣ ਨੂੰ ਤਰਜੀਹ ਦੇਣ ਲੱਗੇ, ਇਧਰ ਕਈ ਕਈ ਸਾਲ ਅਦਾਲਤਾਂ ਵਿੱਚ ਲਟਕਦੇ ਕੇਸ ਭਿੰਡਰਾਂਵਾਲੇ ਕੋਲ ਸਿਰਫ਼ ਕੁਝ ਘੰਟਿਆਂ ਵਿੱਚ ਹੀ ਨਿਪਟਣ ਲੱਗੇ ਸਨ। ਪੰਜਾਬ ਦੇ ਥਾਣੇ ਅਤੇ ਅਦਾਲਤਾ ਖਾਲੀ ਹਣੋ ਲੱਗੀਆ। ਜਿਸ ਕਰਕੇ ਭਿੰਡਰਾਂਵਾਲੇ ਉਸ ਉਚਾਈ ਤੇ ਜਾ ਬੈਠਾ ਜਿਸ ਉਚਾਈ ਤੇ ਬੈਠਣ ਲਈ ਭਾਰਤ ਦੇ ਲੀਡਰ ਦਿਨ ਰਾਤ ਤਰਲੋ ਮਛੀ ਬਣਦੇ ਰਹਿੰਦੇ ਹਨ।

ਅਖੀਰ ਲੋਕਾਂ ਵਿੱਚ ਇੰਨੇ ਹਰਮਨ ਪਿਆਰਾ ਹੋਣਵਾਲੇ ਨੂੰ ਥੱਲੇ ਲੈ ਕੇ ਆਉਣਾ ਸਰਕਾਰ ਲਈ ਜਰੂਰੀ ਸੀ। ਜਿਸ ਕਾਰਣ ਸਾਨੂੰ (ਬਲਿਊ ਸਟਾਰ) ਅਪ੍ਰੇਸ਼ਨ

ਕਰਨਾ ਪਿਆ ?

ਮੈਂ ਆਪਣੀ ਨੋਟ ਬੁੱਕ ਵਿੱਚ ਜਿਵੇ ਜਿਵੇ ਸੁਣਿਆ ਉਸੇ ਤਰ੍ਹਾਂ ਹੀ ਲਿਖ ਦਿੱਤਾ। ਮੈਂ ਸ਼ੁਰੂ ਤੋਂ ਹੀ ਰਬੀ ਘਟਨਾਵਾਂ ਵਿੱਚ ਵਿਸ਼ਵਾਸ਼ ਨਹੀ ਰੱਖਦਾ। ਇਸੇ ਤਰ੍ਹਾਂ ਮੈਂ ਆਪਣੀ ਫੈਮਲੀ ਨੂੰ ਵੀ ਹੁਣ ਤੱਕ ਕਿਸੇ ਵੀ ਧਾਰਮਿਕ ਥਾਵਾਂ ਤੋਂ ਦੂਰ ਰੱਖ ਕੇ ਸਾਇੰਸ ਵੱਲ ਵਧਾਇਆ ਹੈ। ਅਸਲ ਵਿੱਚ ਭਿੰਡਰਾਂਵਾਲੇ ਦੀ ਪ੍ਰਤੀ ਜਿਹੜੀਆਂ ਪਿੱਛੇ ਰੱਬੀ ਸ਼ਕਤੀਆਂ ਦਾ ਵਰਣਨ ਲੋਕਾਂ ਨੇ ਮੈਨੂੰ ਸੁਣਾਇਆਂ ਮੈਂ ਕਿਤਾਬ ਛਾਪਣ ਦੀ ਸਮੱਗਰੀ ਸਮਝ ਕੇ ਸਾਰਾ ਕੁਝ ਲਿਖਿਆ। ਪਰ ਅਸਲ ਵਿੱਚ ਕਿਤੇ ਵੈਸੇ ਹੀ ਕੋਈ ਕੁਦਰਤੀ ਘਟਨਾਂਵਾ ਹੋ ਜਾਦੀਆਂ ਹਨ। ਸਾਡੇ ਪੰਜਾਬ ਦੇ ਅਨਪੜ੍ਹ ਪੈਂਡੂ ਲੋਕ ਉਸ ਨੂੰ ਰੱਬ ਨਾਲ ਜੋੜ ਦਿੰਦੇ ਹਨ। ਸ਼ਰੇਆਮ ਲੋਕਾਂ ਨੂੰ ਮੌਤ ਦੇ ਫਤਵੇ ਦੇਣ ਨੂੰ ਲੋਕ ਵੀ ਪਸੰਦ ਨਹੀਂ ਕਰਦੇ। ਫੇਰ ਜਿਸ ਰੱਬ ਨੂੰ ਲੋਕ ਰੱਬ ਕਹਿੰਦੇ ਹਨ ਕੀ ਉਹ ਵੀ ਭਿੰਡਰਾਵਾਲੇ ਨੂੰ ਸਹੀ ਆਖਗੇ। ਜੋ ਵੀ ਮੈਂ ਪਿਛੇ ਲੜਕੇ ਹੋਣ ਬਾਰੇ ਜਾਂ ਮੰਤਰੀ ਦਰਬਾਰਾ ਸਿੰਘ ਜੀ ਦੇ ਬਿਆਨ ਅਤੇ ਬਾਰੂ ਮੱਲ ਦਿੱਲੀ ਵਾਲਾ ਅਤੇ ਗਾਲਿਬ ਤੋਂ ਜੋਤਸ਼ੀ ਦੀਆਂ ਆਦਿ ਜੋ ਰੱਬ ਨਾਲ ਮੇਲ ਖਾਂਦੀਆਂ ਗੱਲਾ ਲਿਖਿਆਂ ਹਨ। ਭਾਵੇ ਕਿ ਬਾਰੂਮੱਲ ਵਾਲੀ ਗੱਲ ਇੱਕ ਥੋੜੇ ਜਿਹੇ ਅਚੰਭੇ ਵਾਲੀ ਸੀ। ਪਰ ਬਾਕੀ ਗੱਲਾਂ ਮੈਂ ਉਸੇ ਤਰ੍ਹਾਂ ਇਸ ਲਈ ਲਿਖਿਆਂ ਕਿ ਕਿਵੇ ਭਿੰਡਰਾਂਵਾਲੇ ਦੀਆਂ ਗੱਲਾਂ ਲੋਕ ਆਪਣੇ ਦਿਮਾਗ ਵਿੱਚ ਛਾਪ ਲੈਂਦੇ ਸਨ। ਕਿਵੇ ਭੋਲੇ ਭਾਲੇ ਜਾਂ ਬਾਰੂ ਮੱਲ ਵਰਗੇ ਦੁੱਖੀ ਕੁਦਰਤੀ ਗੱਲਾਂ ਨੂੰ ਇੱਕ ਰੱਬੀ ਤਾਕਤ ਮੰਨ ਲੈਂਦੇ ਹਨ।ਜੇ ਇਸ ਤਰ੍ਹਾਂ ਮੁੰਡੇ ਹੋਣ ਜਾਂ ਰੋਗ ਦੂਰ ਹੋਣ ਤਾ ਸ਼ਾਇਦ 1978 ਤੋਂ 1984 ਤੱਕ ਸਾਰਾ ਪੰਜਾਬ ਰੋਗਾਂ ਤੋਂ ਮੁਕਤ ਹੋ ਜਾਂਦਾ ਅਤੇ ਹਰੇਕ ਦੇ ਘਰ ਮੁੰਡੇ ਹੀ ਖੇਡਣ ਦੇ।

(ਹਮਲੇ ਤੋਂ ਪਹਿਲਾ)

ਸ਼੍ਰੀ ਮਤੀ ਇੰਦਰਾਂ ਗਾਂਧੀ ਜੀ ਨੇ ਅਖੀਰ ਜਦੋ ਕੋਈ ਵੀ ਰਸਤਾ ਨਾ ਰਹਿ ਗਿਆ ਉਸ ਸਮੇਂ ਹਮਲਾ ਕਰਨ ਦਾ ਮਨ ਬਣਾਇਆ, ਹਮਲੇ ਦੀ ਪਹਿਲੀ ਤਰਜੀਹ ਪੰਜਾਬ ਪੁਲਿਸ ਕੋਲ ਰੱਖੀ ਗਈ, ਪਰ ਹਰਿਮੰਦਰ ਸਾਹਿਬ ਦੇ ਅੰਦਰ ਪੱਕੀ ਇਮਾਰਤ ਵਿੱਚ ਕੀਤੀ ਹੋਈ ਇੱਕ ਫੌਜ ਦੇ ਜਰਨਲ ਵੱਲੋਂ, ਕਰੜੀ ਘੇਰਾਬੰਦੀ ਦੇਖ ਕੇ ਪੰਜਾਬ ਪਿੱਛੇ ਹਟ ਗਈ। ਵੈਸੇ ਵੀ ਪੁਲੀਸ ਦੇ ਕਈ ਜਵਾਨ ਅਤੇ ਅਫ਼ਸਰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਨੂੰ ਆਪਣੇ ਧਰਮ ਦੇ ਵਿੱਰੁਧ ਸਮਝਦੇ ਸਨ। ਫੇਰ ਇਹ ਕੰਮ ਸੀ. ਆਰ. ਪੀ. ਕੋਲ ਰੱਖਿਆ ਗਿਆ ਕਈ ਦਿਨਾਂ ਦੀ ਪੜਤਾਲ ਕਰਨ ਤੋਂ ਬਾਅਦ ਉਹ ਵੀ ਨਾਂਹ ਕਰ ਗਏ ਫਿਰ ਇਹ ਬੀ. ਐਸ. ਐਫ., ਸੀਮਾ ਸੁਰੱਖਿਆ ਬੱਲ ਕੋਲ ਰੱਖਿਆ ਗਿਆ ਉਨ੍ਹਾਂ ਨੇ ਵੀ ਬੇ-ਬਸੀ ਜਾਹਰ ਕੀਤੀ ਆਖੀਰ ਨੂੰ ਇਹ ਕੰਮ ਫੌਜ ਨੂੰ ਕਰਨਾ ਪਿਆ।

ਹਰਮਿੰਦਰ ਸਾਹਿਬ ਇੱਕ ਮਜਬੂਤ ਇਮਾਰਤ ਹੋਣ ਕਰਕੇ ਅਤੇ ਅਕਾਰ ਵਿੱਚ ਵੱਡਾ ਹੋਣ ਕਰਕੇ ਇਸ ਤੇ ਕਬਜਾ ਕਰਨਾ ਔਖਾ ਸੀ ਸੋ ਪਹਿਲਾ ਫੌਜ ਵਲੋਂ ਹਿਮਾਚਲ ਪ੍ਰਦੇਸ਼ ਵਿੱਚ ਬਹੁਤ ਛੋਟੇ ਅਕਾਰ ਦੀ ਬਿਲਡਿੰਗ ਬਣਾ ਕੇ 17 ਦਿਨ ਦੀ

ਦੀ ਸਿਖਲਾਈ ਦਿੱਤੀ ਗਈ ਅਤੇ ਫੇਰ ਹੈਦਰਾਬਾਦ ਵਿੱਚ ਕਾਫੀ ਵੱਡੀ ਬਿਲਡਿੰਗ ਵਿੱਚ ਮਈ 1984 ਵਿੱਚ ਅਖੀਰਲੀ ਸਿੱਖਲਾਈ ਦਿਤੀ ਗਈ। 30 ਮਈ 1984 ਨੂੰ ਮੈਨੂੰ ਦਿੱਲੀ ਆਉਣ ਲਈ ਸੁਨੇਹਾ ਆਇਆ ਅਤੇ ਹਰਿਮੰਦਰ ਸਾਹਿਬ ਤੇ ਹਮਲੇ ਵਾਲੀ ਕਾਹਣੀ ਸੁਣਾਈ। ਅਸਲ ਵਿੱਚ ਮੇਰੀ ਘਰ ਵਾਲੀ ਇਸ ਗੱਲ ਤੋਂ ਡਰ ਗਈ ਕਿਉ ਕਿ ਉਸ ਨੇ ਭਿੰਡਰਾਂਵਾਲੇ ਦੇ ਕਾਰਨਾਮੇ ਅਖਬਾਰਾਂ ਵਿੱਚ ਪੜ੍ਹੇ ਸਨ।

ਜਦੋਂ ਮੈਂ ਦਿੱਲੀ ਪਹੁੰਚਿਆ ਉੱਥੋਂ ਸਾਨੂੰ ਚੰਡੀਗੜ੍ਹ ਲਜਾਇਆ ਗਿਆ ਸਾਡੇ ਅੱਗੇ ਜਰਨਲ ਵੈਦਿਆ, ਲੈਫਟੀਨੇਟ ਜਰਨਲ ਕੇ ਸੁੰਦਰ ਜੀ ਰਣਜੀਤ ਦਿਆਲ ਅਤੇ ਸਾਰੇ ਸੀਨੀਅਰ ਅਫਸਰ ਸਨ। ਮੈਨੂੰ ਹਮਲੇ ਦਾ ਮਹੀਨਾ ਪਹਿਲਾ ਹੀ ਪਤਾ ਸੀ ਜਦੋਂ ਦਾ ਹਿਮਾਚਲ ਅਤੇ ਹੈਦਰਾਬਾਦ ਵਿੱਚ ਸਿਖਲਾਈ ਚਲਾਈ ਜਾ ਰਹੀ ਸੀ ਸਾਨੂੰ ਦੱਸਿਆ ਗਿਆ ਕਿ ਜੇ ਕਰ ਹਮਲਾ ਨਾ ਕੀਤਾ ਗਿਆ ਭਿੰਡਰਾਂਵਾਲੇ ਦੀ ਵੱਧਦੀ ਲੋਕ ਪ੍ਰਿਅਤਾ ਸਰਕਾਰ ਲਈ ਖਤਰਾ ਹੈ। ਭਿੰਡਰਾਂਵਾਲਾ ਆਪਣੇ ਧਰਮ ਦੀਆਂ ਮੰਗਾ ਲੈ ਕੇ ਅੜਿਆ ਬੈਠਾ ਹੈ। ਜਦੋ ਕਿ ਆਰ. ਐਸ. ਐਸ. ਇਸ ਗੱਲ ਤੇ ਰੌਲਾ ਪਾ ਰਹੀ ਹੈ ਕਿ ਭਿੰਡਰਾਂਵਾਲਾ ਹਰੇਕ ਨੂੰ ਅਮ੍ਰਿਤ ਛਕਵਾ ਕੇ ਦੇਸ਼ ਲਈ ਖਤਰਾ ਪੇਦਾ ਕਰ ਰਿਹਾ ਹੈ। ਆਰ. ਐਸ. ਐਸ. ਦੇ ਇਸ ਬਿਆਨਾਂ ਨੇ ਇੰਦਰਾ ਗਾਂਧੀ ਨੂੰ ਹਮਲਾ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਕਿਉ ਕਿ ਵਿਰੋਧੀ ਪਾਰਟੀ ਦਾ ਆਰ. ਐਸ. ਐਸ. ਨਾਲ ਸਮਰਥਨ ਹੋਣ ਕਰਕੇ ਇੰਦਰਾ ਗਾਂਧੀ ਲਈ ਮੁਸ਼ਕਿਲ ਬਣਦਾ ਜਾ ਰਿਹਾ ਹੈ। ਆਰ. ਐਸ. ਐਸ. ਦੱਖਣੀ ਰਾਜਾਂ ਵਿੱਚ ਭਿੰਡਰਾਂਵਾਲੇ ਨੂੰ ਹਰੇਕ ਸਿੱਖ ਦੇ ਗੱਲ ਕਿਰਪਾਨ ਪੁਆਕੇ ਹਿੰਦੂਆਂ ਲਈ ਖਤਰਾ ਪੈਦਾ ਕਰਨ ਦੀ ਸਥਿਤੀ ਦਾ ਪ੍ਰਚਾਰ ਕਰ ਰਹੀ ਹੈ। ਸਾਨੂੰ ਵੈਦਿਆ ਜੀ ਵੱਲੋਂ ਇੱਕ ਜੂਨ ਨੂੰ ਹਮਲੇ ਦੀ ਤਰਜੀਹ ਦਿੱਤੀ ਗਈ ਕਿਉ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਹੋਣ ਕਏ ਵੱਡੀ ਗਿਣਤੀ ਵਿੱਚ ਲੋਕ ਆਉਣੇ ਸਨ।

ਸੋ ਸਿੱਖਾਂ ਨੂੰ ਐਸਾ ਸਬਕ ਸਿਖਾਇਆ ਜਾਵੇ ਤਾ ਜੋ ਅੱਗੇ ਤੋਂ ਬਾਗੀ ਨਾ ਹੋ ਸਕਣ ਸਾਨੂੰ ਹੇਠ ਲਿਖਿਆ ਹਦਾਇਤਾ ਦਿੱਤੀਆਂ ਗਈਆਂ।

1. ਵੱਧ ਤੋਂ ਵੱਧ ਫੌਜੀ ਬਲ ਪ੍ਰਯੋਗ ਕਰਨਾ।
2. ਕਿਸੇ ਵੀ ਯਾਤਰੂ ਨੂੰ ਬਾਹਰ ਨਾ ਆਉਣ ਦੇਣਾ।
3. ਯਾਤਰੂਆਂ ਨੂੰ ਗੋਲੀ ਨਾ ਮਾਰੀ ਜਾਵੇ,ਪਿਆਸਾ ਰੱਖਿਆ ਜਾਵੇ।
4. ਕੋਈ ਵੀ ਫੌਜੀ ਜਵਾਨ ਬੇਝਿਜਕ, ਬੇਫਿਕਰ ਹੋਕੇ ਇਮਾਰਤ ਦੇ ਕਿਸੇ ਵੀ ਪਾਸੇ ਹਮਲਾ ਕਰ ਸਕਦਾ ਹੈ ਚਾਹੇ ਉਹ ਹਰਿਮੰਦਰ ਸਾਹਿਬ ਹੋਵੇ।
5. ਕਿਸੇ ਵੀ ਫੌਜੀ ਜਵਾਨ ਦਾ ਕੋਟਿਮਾਰਸ਼ਲ ਨਾ ਕੀਤਾ ਜਾਵੇ।
6. ਕੋਈ ਵੀ ਹਥਿਆਰ ਬੰਦ ਲਾਸ਼ ਹੋਵੇ ਪਹਿਲਾ ਉਸ ਲਾਸ਼ ਤੇ 2 ਗੋਲੀਆਂ ਮਾਰੀਆਂ ਜਾਣ ਫੇਰ ਉਸ ਲਾਸ਼ ਕੋਲ ਜਾਇਆ ਜਾਵੇ।
7. ਪਹਿਲੇ ਦੋ ਘੰਟਿਆਂ ਵਿੱਚ ਫੌਜ ਸਾਰੇ ਅਕਾਲ ਤਖਤ ਨੂੰ ਘੇਰ ਲਵੇਗੀ, ਅਗਲੇ 5 ਘੰਟਿਆਂ ਵਿੱਚ ਸਾਰੇ ਅਕਾਲ ਤਖਤ ਤੇ ਕਬਜਾ ਕਰ ਲਵੇਗੀ।

8. ਭਿੰਡਰਾਂਵਾਲੇ ਨੂੰ ਜਿਊਂਦਾ ਫੜ੍ਹ ਕੇ ਸਪੈਸ਼ਲ ਜਹਾਜ ਰਾਹੀ ਸ੍ਰੀ ਮਤੀ ਇੰਦਰਾ ਗਾਂਧੀ ਜੀ ਕੋਲ ਪੇਸ਼ ਕੀਤਾ ਜਾਵੇ।

9. ਅਗਰ ਕੋਈ ਖਾੜਕੂ ਕਾਨੂੰਨ ਦੀ ਸ਼ਰਨ ਆਉਣਾ ਚਾਹੇ ਤਾਂ ਜਖਮੀ ਕਰੇ ਗ੍ਰਿਫਤਾਰ ਕੀਤਾ ਜਾਵੇ।

10. ਅਗਰ ਕੋਈ ਫੌਜੀ ਜਵਾਨ ਕਿਸੇ ਔਰਤ ਦੀ ਬੇਇੱਜ਼ਤੀ ਕਰ ਦੇਵੇ ਤਾਂ ਕੋਈ ਸਜਾ ਨਾ ਦਿੱਤੀ ਜਾਵੇ।

1 ਜੂਨ ਸਵੇਰੇ 3 ਵਜੇ ਮੇਰਾ ਨਾਇਬ ਬ੍ਰਿਗੇਡੀਅਰ ਐਨ. ਕੇ. ਨਿੱਕੀ ਤਲਵਾੜ ਮੇਰੇ ਮੁੱਖੀ ਅਫਸਰਾਂ ਨਾਲ ਮੇਰੇ ਕੋਲ ਪਹੁੰਚ ਗਿਆ। ਸਾਰੇ ਪੰਜਾਬ ਨੂੰ ਫੌਜੀ ਛਾਉਣੀ ਵਿੱਚ ਬਦਲ ਦਿੱਤਾ ਗਿਆ। 6 ਲੱਖ ਫੋਜ ਸਾਰੇ ਪੰਜਾਬ ਵਿੱਚ ਲਗਾਈ ਗਈ। ਅਤੇ 1ਲੱਖ 33 ਹਜਾਰ ਫੌਜੀ ਜਵਾਨ ਬਲੂ ਸਟਾਰ ਲਈ ਰੱਖੇ ਗਏ ਅਤੇ ਸਪੈਸ਼ਲ 2 ਲੱਖ ਫੌਜੀ ਜਵਾਨ ਹਰਿਮੰਦਰ ਸਾਹਿਬ ਤੋਂ 25 ਕਿਲੋ ਮੀਟਰ ਦੇ ਘੇਰੇ ਵਿੱਚ ਰੱਖੇ ਗਏ। ਪੰਜਾਬ ਨੂੰ ਸਾਰੀ ਦੁਨੀਆਂ ਨਾਲੋ ਤੋੜ ਦਿੱਤਾ ਗਿਆ ਅਤੇ ਅਸੀ ਹਰਿਮੰਦਰ ਸਾਹਿਬ ਤੋਂ 5 ਕਿਲੋ ਮੀਟਰ ਦੂਰ ਆਪਣਾ ਦਫਤਰ ਬਣਾਇਆ ਜਿੱਥੇ ਮੈਂ 10 ਦਿਨ ਰਿਹਾ।

1 ਜੂਨ ਨੂੰ ਸਵੇਰ ਤੋਂ ਲੈ ਕੇ ਦੁਪਹਿਰ 12 ਵਜੇ ਤੱਕ ਮੀਟਿੰਗਾ ਚਲਦੀਆਂ ਰਹਿਆਂ। ਅਸੀ ਸੀ. ਆਈ. ਡੀ. ਰਾਹੀ ਅੰਦਰਲੇ ਮੋਰਚਿਆਂ ਦਾ ਪਤਾ ਕਰਵਾਇਆ। ਸਾਡੀ ਸੀ. ਆਈ. ਡੀ ਨੇ ਦੱਸਿਆ ਕਿ ਭਿੰਡਰਾਂਵਾਲੇ ਕੋਲ ਜਿਆਦਾ ਕਰਕੇ ਦੇਸੀ ਰਾਈਫਲਾ ਹਨ ਅਤੇ ਤਕਰੀਬਨ 300 ਤੋਂ 500 ਬੰਦੇ ਉਸ ਦੇ ਨਾਲ ਹਨ ਅਤੇ 10 ਕੁ ਮੋਰਚੇ ਮਿੱਟੀ ਦੀਆਂ ਬੋਰੀਆਂ ਭਰ ਕੇ ਬਣਾਏ ਹੋਏ ਹਨ। ਇਸ ਤਰ੍ਹਾਂ ਸਾਨੂੰ ਸੀ. ਆਈ. ਡੀ. ਮਿਲਦੀ ਰਹੀ ਅਤੇ ਅਸੀ ਲਗਾਤਾਰ ਦਿੱਲੀ ਨਾਲ ਜੁੜੇ ਰਹੇ ਅਸੀਂ ਅੰਦਰਲੀ ਸਾਰੀ ਜਾਣਕਾਰੀ ਫੌਜਾਂ ਦੇ ਮੁੱਖੀ ਵੈਦਿਆ ਜੀ ਨੂੰ ਦਸਦੇ ਰਹੇ ਅਤੇ ਸ਼ਾਮ ਤੱਕ ਅਸੀਂ ਇਸ ਨਤੀਜੇ ਤੇ ਪਹੁੰਚੇ ਕਿ ਸੰਤ ਭਿੰਡਰਾਂਵਾਲਾ ਜਿਨ੍ਹਾਂ ਦੇਸੀ ਰਾਈਫਲਾ ਤੇ ਵੱਡੇ ਮੂੰਹਵਾਲੀਆਂ ਰਫਲਾਂ ਰੱਖੀ ਬੈਠਾ ਹੈ ਜੇ ਕਰ ਸਾਡੀ ਫੌਜ ਅੱਜ ਰਾਤ ਨੂੰ 11 ਵਜੇ ਹਮਲਾ ਕਰੇ ਤਾਂ ਸਵੇਰ ਦੇ 4 ਜਾ 5 ਵਜੇ ਤੱਕ ਉਸ ਨੂੰ ਫੜ੍ਹ ਲਵੇ ਗੀ ਅਤੇ ਭਿੰਡਰਾਂ ਵਾਲੇ ਨੂੰ 2 ਜੂੰਨ ਦੁਪਹਿਰ ਦੇ 1 ਵਜੇ ਦਿੱਲੀ ਪਹੁੰਚਾ ਦਿੱਤਾ ਜਾਵੇਗਾ।

ਅਸੀਂ ਸਾਰੀ ਸਕੀਮ ਬਣਾ ਕੇ ਜਰਨਲ ਵੈਦਿਆ ਜੀ ਤੋਂ ਹਰੀ ਝੰਡੀ ਲੈਣ ਵਾਸਤੇ ਉਨ੍ਹਾਂ ਨੂੰ ਪਹੁੰਚਾ ਦਿੱਤੀ ਅਤੇ ਅੱਧੇ ਘੰਟੇ ਵਿੱਚ ਜਵਾਬ ਹਾਂ ਵਿੱਚ ਆ ਗਿਆ ਇਸ ਤਰ੍ਹਾਂ ਸਾਡੇ ਜਵਾਨਾਂ ਨੇ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਘਰਾਂ ਉੱਤੇ ਸਖਤ ਮੋਰਚਾ ਬੰਦੀਕਰ ਲਈ ਤਾਂ ਕਿ ਖਾੜਕੂ ਕਿਸੇ ਵੀ ਪਾਸੇ ਬੱਚ ਕੇ ਨਾ ਨਿੱਕਲ ਜਾਣ ਅਤੇ ਰਾਤ ਹੋਣ ਦੀ ਉਡੀਕ ਹੋਣ ਲੱਗੀ। ਰਾਤ ਨੂੰ ਬਿਜਲੀ ਦਾ ਕਨੈਕਸ਼ਨ ਕੱਟ ਦਿੱਤਾ ਗਿਆ ਅਤੇ 11 ਵਜੇ ਪੂਰੇ 2200 ਜਵਾਨਾਂ ਨੂੰ ਮੇਨ ਦਰਵਾਜੇ ਰਾਹੀ ਅੰਦਰ ਦਾਖਲ ਕਰਵਾਇਆ ਗਿਆ ਅਤੇ 1700 ਜਵਾਨ ਉਨ੍ਹਾਂ ਦਾ ਫਾਇਰਿੰਗ ਕਵਚ ਬਣਾ ਕੇ ਮਗਰ ਲਾਇਆ ਗਿਆ ਤਾਂ ਜੋ ਇਹ 1700 ਜਵਾਨ ਸਮੂਹ ਬਿਲਡਿੰਗ ਤੇ ਲਗਾਤਾਰ ਫਾਇਰੰਗ ਕਰਦਾ ਰਹੇ ਅਤੇ 2200 ਫੌਜੀ ਜਵਾਨ ਸਮੂਹ ਬਿਲਡਿੰਗ ਦੇ ਹੇਠਲੇ ਪੱਧਰ ਤੇ ਅੰਦਰ ਦਾਖਲ ਹੋ ਜਾਵੇਗਾ। ਉਸ ਤੋਂ ਬਾਅਦ 10 ਹਜਾਰ ਜਵਾਨ ਅੰਦਰ ਭੇਜੇ

ਜਾਣਗੇ ਤਾਂ ਜੋ ਉਪਰਲੀਆਂ ਬਿਲਡਿੰਗਾਂ ਤੇ ਕਬਜਾ ਕਰ ਸਕਣ। ਪਰ ਐਨ ਮੌਕੇ ਤੇ ਆਕੇ ਦਿੱਲੀ ਗੋਰਮਿੰਟ ਵਲੋਂ 24 ਘੰਟੇ ਲੇਟ ਪਾ ਦਿਤਾ ਗਿਆ।

2 ਜੂਨ

ਸਾਨੂੰ ਸਭ ਤੋਂ ਵੱਡੀ ਗੱਲ ਦਾ ਡਰ ਇਹ ਸੀ ਕਿ ਅੰਦਰ ਜਨਰਲ ਸੁਬੇਗ ਸਿੰਘ ਵਰਗੇ ਦੇ ਹੱਥ ਕਮਾਨ ਹੈ ਜਿਸ ਨੇ ਬੰਗਲਾ ਦੇਸ਼ ਵਿੱਚ 90,000 ਫੌਜੀਆਂ ਦੇ ਹੱਥ ਖੜੇ ਕਰਵਾਏ ਸਨ। ਸਾਨੂੰ ਡਰ ਸੀ ਕਿ ਸਾਡੀ ਸੀ. ਆਈ. ਡੀ. ਨੂੰ ਉਹ ਹਾਥੀ ਦੇ ਦੰਦਾਂ ਵਾਗ ਕੁਝ ਹੋਰ ਦਿਖਾਏ ਅਤੇ ਕਰੇ ਕੁਝ ਹੋਰ। ਅਸੀਂ ਅੰਦਰ ਹਥਿਆਰਾ ਦੀ ਗਿਣਤੀ ਦਾ ਪਤਾ ਕਰਨ ਲਈ 2 ਜੂਨ ਨੂੰ ਹਵਾਈ ਫਾਇਰਿੰਗ ਕਰਦੇ ਰਹੇ ਅੱਗੋ ਸਾਨੂੰ ਦੁਨਾਲੀਆਂ ਰਫਲਾਂ ਦੇ ਫਾਈਰ ਜਵਾਬ ਵਿੱਚ ਮਿਲੇ ਜਿੱਥੇ ਸਾਨੂੰ ਬਹੁਤ ਖੁਸ਼ੀ ਹੋਈ ਕਿ ਅੰਦਰਲੀ ਸਾਡੀ ਸੀ. ਆਈ. ਡੀ. ਬਹੁਤ ਸਹੀ ਮਿਲੀ ਹੈ।

ਸਾਡੀ ਫੌਜ ਲਈ ਅਕਾਲ ਤੱਖਤ ਤੇ ਕਬਜਾ ਕਰਨਾ 4-5 ਘੰਟੇ ਦਾ ਕੰਮ ਹੈ। ਅਤੇ ਸਾਰੀ ਦਿਹਾੜੀ ਅਸੀਂ ਸੀ. ਆਈ. ਡੀ. ਅੰਦਰ ਭੇਜਦੇ ਰਹੇ ਅਤੇ ਰਾਤ ਹੋਣ ਦੀ ਉਡੀਕ ਕਰਦੇ ਰਹੇ। ਰਾਤ ਨੂੰ ਸ੍ਰੀ ਮਤੀ ਇੰਦਰਾ ਗਾਂਧੀ ਜੀ ਨੇ ਟੀ. ਵੀ. ਦੇ ਉਪਰ ਰਾਸ਼ਟਰ ਨੂੰ ਸੰਬੋਧਨ ਕਰਨਾ ਸੀ ਉਸ ਤੋਂ ਤੁਰੰਤ ਬਾਅਦ ਅਸੀਂ ਹਮਲਾ ਕਰਨਾ ਸੀ। 2 ਜੂਨ ਸ਼ਾਮ ਨੂੰ ਅਸੀਂ ਉਪਰੋ ਮਿਲੀਆਂ ਹਦਾਇਤਾ ਮੁਤਾਬਕ 14 ਗੁਰ ਸਿੱਖ ਫੌਜੀ ਭਿੰਡਰਾਂਵਾਲੇ ਨਾਲ ਰਜਾਮੰਦੀ ਕਰਨ ਲਈ ਭੇਜੇ ਅਤੇ ਨਾਲ ਹੀ ਕੁਝ ਅਹਿਮ ਗੱਲ ਜੋ ਦਿੱਲੀ ਸਰਕਾਰ ਨੇ ਭੇਜੀਆਂ ਸਨ। ਉਹ ਪੈਕਜ ਨਾਲ ਭੇਜਿਆ ਗਿਆ। ਉਸ ਪੈਕਜ ਵਿੱਚ ਹੇਠ ਲਿਖੀਆ ਗੱਲਾਂ ਸਨ।

1. ਆਪ ਇੱਕ ਅਰਬ ਅਮਰੀਕੀ ਡਾਲਰ ਲੈ ਸਕਦੇ ਹੋ ਅਤੇ ਯੂਰਪ ਦੇ ਕਿਸੇ ਵੀ ਦੇਸ਼ ਵਿੱਚ ਪੱਕੇ ਤੌਰ ਤੇ ਨਿਵਾਸ ਕਰ ਸਕਦੇ ਹੋ।
2. ਸਾਡੀ ਫੋਜ ਡਰਾਮੇ ਦੇ ਤੋਰ ਤੇ ਤੁਹਾਨੂੰ ਗ੍ਰਿਫਤਾਰ ਕਰੇਗੀ।
3. ਆਪ ਨੂੰ 1 ਅਰਬ ਅਮਰੀਕੀ ਡਾਲਰ ਆਪ ਦੇ ਕੈਨੇਡਾ ਰਹਿੰਦੇ 10 ਸ਼ਰਧਾਲੂਆਂ ਦੇ ਨਾਮ ਅਗਲੇ 2 ਘੰਟਿਆਂ ਵਿੱਚ ਕਰਵਾ ਦੇਵਾਗੇ।
4. ਜੇ ਕਰ ਆਪ ਉਪਰਲੀਆਂ ਗੱਲਾਂ ਨਾਲ ਸਹਿਮਤ ਨਹੀਂ ਤਾਂ ਤੁਹਾਨੂੰ ਪਾਕਿਸਤਾਨ ਪਹੁੰਚਾ ਸਕਦੇ ਹਾਂ ਤਾਂ ਜੋ ਇਨ੍ਹਾਂ ਖੂਨ ਖਰਾਬਾ ਨਾ ਹੋਵੇ।
5. ਜਾਂ ਤੁਹਾਡੀਆਂ ਧਾਰਮਿਕ ਗੱਲਾਂ ਮਨਲੈਂਦੇ ਹਾਂ ਬਾਕੀ ਖੇਤੀ ਨਾਲ ਸੰਬੰਧਿਤ ਮੰਗਾਂ ਛੱਡ ਦੇਵੋਂ।
6. ਅਖੀਰ ਲੀ ਪੇਸ਼ਕਸ਼ ਕੇਂਦਰ ਸਰਕਾਰ ਤਹਾਨੂੰ ਸੈਸਰ ਲਾ ਕੇ ਪੰਜਾਬ ਦਾ ਮੁੱਖ ਮੰਤਰੀ ਥਾਪ ਦੇਵੇਗੀ ਤੁਹਾਡੀ ਪਾਰਟੀ ਨੂੰ ਦਸ਼ਮੇਸ਼ ਪਾਰਟੀ ਦਾ ਨਾਮ ਦਿੱਤਾ ਜਾਵੇਗਾ। ਭਵਿੱਖ ਵਿੱਚ ਲਿਖਤੀ ਤੌਰ ਤੇ ਪੰਜਾਬ ਦੇ ਕਾਂਗਰਸੀ ਐਮ. ਐਲ. ਏ. ਦਾ ਤਹਾਨੂੰ ਸਮਰਥਨ ਹੋਵੇਗਾ।

ਇਸ ਤੋਂ ਇਲਾਵਾ ਹੋਰ ਵੀ ਰਿਆਇਤਾਂ ਦਿੱਤੀਆਂ ਗਈਆਂ ਪਰ ਭਿੰਡਰਾਂ ਵਾਲੇ ਦੇ ਚਤੁਰ ਦਿਮਾਗ ਨੇ ਉਨ੍ਹਾਂ 14 ਫੌਜੀਆਂ ਤੇ ਐਸਾ ਪ੍ਰਭਾਵ ਪਾਇਆਂ ਕਿ ਉਹ ਮੁੜ ਵਾਪਸ ਨਾ ਆਏ ਜਿਸ ਕਰਕੇ ਬਾਅਦ ਵਿੱਚ ਇਹ ਸ਼ੱਕ ਕੀਤਾ ਗਿਆ

ਕਿ ਭਿੰਡਰਾਂਵਾਲਾ ਉਨ੍ਹਾਂ ਦੀ ਵਰਦੀ ਪਾ ਕੇ ਭਾਰਤੀ ਫੌਜ ਦਾ ਨੁਕਸਾਨ ਨਾ ਕਰ ਦੇਵੇ। ਸ਼ਾਮ ਨੂੰ ਇੰਦਰਾ ਗਾਂਧੀ ਜੀ ਨੇ ਟੀ. ਵੀ. ਦੇ ਉੱਤੇ ਰਾਸ਼ਟਰ ਨੂੰ ਸੰਬੋਧਨ ਕਰਨਾ ਸੀ ਜਿਸ ਦੇ ਤੁਰੰਤ ਬਾਅਦ ਹਮਲਾ ਕਰਨਾ ਸੀ ਰਾਤ ਨੂੰ ਗਾਂਧੀ ਜੀ ਨੇ ਸੰਬੋਧਨ ਕੀਤਾ ਜਿਸ ਤੋਂ ਤੁਰੰਤ ਬਾਅਦ ਅਸੀਂ ਹਮਲੇ ਲਈ ਤਿਆਰ ਹੋ ਗਏ।

ਅਸੀਂ ਪਿਛਲੀ ਰਾਤ ਵਾਲੀ ਹੀ ਫੌਜੀ ਕਾਰਵਾਈ ਦੀ ਯੋਜਨਾ ਰੱਖੀ ਅਤੇ 10 ਕੁ ਵਜੇ ਰਾਤ ਨੂੰ 2200 ਜਵਾਨ ਮੇਨ ਦਰਵਾਜੇ ਰਾਹੀ ਅੰਦਰ ਤੋਰ ਦਿੱਤੇ ਗਏ ਅਤੇ 1700 ਜਾਵਨਾਂ ਨੂੰ ਕਵਰ ਫਾਇਰਿੰਗ ਬਣਾ ਕੇ ਰੱਖਿਆ ਗਿਆ ਸਾਡੇ 2200 ਜਵਾਨ ਆਧੁਨਿਕ ਹਥਿਆਰਾ ਨਾਲ ਲੈਸ ਹੋ ਕੇ ਜਦੋ ਰੀਂਗਦੇ ਅੰਦਰ ਜਾ ਰਹੇ ਸਨ ਤਾਂ ਇੱਕ ਵਾਰ ਸ਼ਾਇਦ ਰੱਬ ਵੀ ਭੈ ਭੀਤ ਹੋ ਗਿਆ ਹੋਵੇਗਾ ਅਤੇ ਜਿਨ੍ਹਾਂ ਨਾਲ ਮੁਕਾਬਲਾ ਸੀ ਜਿਨ੍ਹਾਂ ਕੋਲ ਦੇਸੀ ਹਥਿਆਰ ਅਤੇ ਸਾਬਕਾ ਭਾਰਤੀ ਫੌਜੀ ਜਰਨਲ ਸੁਬੇਗ ਸਿੰਘ ਅਤੇ ਇੱਕ ਪੱਕੀ ਬਿਲਡਿੰਗ ਸੀ ਜਦੋਂ ਇਤਨੀ ਫੌਜ ਅੰਦਰ ਚੱਲੀ ਤਾਂ ਸਾਡੇ ਸੀਨੀਅਰ ਅਫਸਰ ਵੀ ਇਹ ਕਹਿਣ ਲੱਗੇ ਕਿ ਜੇ ਕਰ ਸਰਕਾਰ ਸਾਡੇ ਹੱਥਾਂ ਵਿੱਚ ਇਹ ਪਾਵਰ ਦੇਵੇ ਤਾਂ ਅਸੀਂ ਚੀਨ, ਬੰਗਲਾਦੇਸ਼ ਅਤੇ ਪਾਕਿਸਤਾਨ ਨੂੰ ਕੁਝ ਮਹੀਨਿਆਂ ਵਿੱਚ ਹਿੰਦੋਸਤਾਨ ਦੇ ਵਿੱਚ ਮਿਲਾ ਦੇਈਏ ਅਤੇ ਭਾਰਤ ਦੀ ਤਾਕਤ ਸਾਰੀ ਦੁਨੀਆਂ ਵਿੱਚ ਮੰਨੀ ਜਾਵੇਗੀ।

ਸਾਨੂੰ ਸਿਰਫ ਜਨਰਲ ਸੁਬੇਗ ਸਿੰਘ ਦਾ ਹੀ ਫਿਕਰ ਸੀ। ਕਿ ਉਹ ਬਹੁਤ ਤੇਜ ਦਿਮਾਗ ਹੈ ਸ਼ਾਹਿਦ ਹਾਥੀ ਦੇ ਦੰਦਾਂ ਵਾਗ ਦਿਖਾਵੇ ਕੁਝ ਹੋਰ ਅਤੇ ਕਰੇ ਕੁਝ ਹੋਰ। ਸਾਰੇ ਜਵਾਨਾਂ ਵਿੱਚ ਬਹੁਤ ਉਤਸ਼ਾਹ ਅਤੇ ਜੋਸ਼ ਸੀ। ਉਹ ਇਕ ਦੂਜੇ ਤੋਂ ਅੱਗੇ ਹੋ ਕੇ ਪਰਮਵੀਰ ਚੱਕਰ ਹਾਸਲ ਕਰਨਾ ਚਾਹੁੰਦੇ ਸੀ। ਸਾਡਾ ਅਨੁਮਾਨ ਸੀ ਕੀ ਰਾਤੋ ਰਾਤ ਸਾਰੇ ਅੱਤਵਾਦੀ ਮਾਰਕੇ ਸਵੇਰ ਸਾਰ ਹਰਿਮੰਦਰ ਸਾਹਿਬ ਵਿੱਚ ਕੀਰਤਨ ਚਲਾ ਦੇਵਾ ਗੇ।

ਕਿਉ ਕਿ ਜੱਥੇਦਾਰ ਕਿਰਪਾਲ ਸਿੰਘ ਤਾਂ ਸਾਡੇ ਆਖੇ ਵਿੱਚ ਸੀ। ਅਸੀਂ ਇਨ੍ਹਾਂ 2200 ਜਵਾਨਾਂ ਵਿੱਚ ਉਹ 1880 ਸੂਰਮੇ ਲਾਏ ਜਿਨ੍ਹਾਂ ਨੇ 1972 ਦੀ ਪਾਕਿਸਤਾਨ ਦੀ ਜੰਗ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਸੀ ਅਤੇ ਉਨ੍ਹਾਂ ਨੇ ਆਪਣੀ ਸੂਰਮ ਗਤੀ ਅਤੇ ਜੰਗ ਦੇ ਕਰਤਬ ਦਿਖਾ ਕੇ ਪਾਕਿਸਤਾਨ ਦੀ ਫੌਜ ਨੂੰ ਮੂਧੇਮੂੰਹ ਪਾਇਆ ਸੀ। ਇਹ 1880 ਫੌਜੀ ਨਹੀਂ ਜਾਦੂ ਦੀ ਫੌਜ ਸੀ। ਜਿਨ੍ਹਾਂ ਕੋਲ ਤੇਜ ਦਿਮਾਗ, ਫੁਰਤੀ ਹੌਸਲਾ ਅਤੇ ਆਧੁਨੀਕ ਹਥਿਆਰ ਸਨ। ਸਾਨੂੰ ਭਿੰਡਰਾਂਵਾਲਾ ਦੇ ਚੇਲਿਆ ਤੇ ਤਰਸ ਆਰਿਹਾ ਸੀ ਜਿਹੜੇ ਕਿ ਦੇਸੀ ਹਥੀਆਰਾਂ ਦੇ ਡਰਾਵਿਆਂ ਨਾਲ ਸ਼ਹਿਰਾਂ ਅਤੇ ਪਿੰਡਾਂ ਤੇ ਆਪਣਾ ਰੋਅਬ ਪਾਉਂਦੇ ਸੀ। ਪਰ ਅੱਜ ਉਨ੍ਹਾਂ ਦਾ ਮੁਕਾਬਲਾ ਭਾਰਤੀ ਫੌਜ ਦੇ ਲੋਹੇ ਦੇ ਬੰਦਿਆਂ ਨਾਲ ਸਿਰਫ ਦੇਸੀ ਰਫਲਾਂ ਨਾਲ ਹੋਣਾ ਸੀ।ਇਹ ਸੋਚ ਕੇ ਹਾਸਾ ਆ ਰਿਹਾ ਸੀ। ਕਿ ਭਿੰਡਰਾਂਵਾਲੇ ਕਿਹੜੀਆਂ ਤੋਪਾਂ ਦੇ ਆਸਰੇ ਹਥਿਆਰ ਸੁਟਣ ਲਈ ਤਿਆਰ ਨਹੀਂ ਹਨ।

ਅੱਜ ਉਨ੍ਹਾਂ ਦਾ ਪਹਿਲਵਾਨਾਂ ਦੇ ਅਖਾੜੇ ਵਿੱਚ ਇੱਕ ਸੰਸਾਰ ਜੇਤੂ ਪਹਿਲਵਾਨ ਦਾ ਮੁਕਾਬਲਾ ਇੱਕ ਕਮਜੋਰ ਅਤੇ ਬਿਮਾਰ ਬੰਦੇ ਨਾਲ ਹੋਣ ਬਰਾਬਰ ਸੀ। ਆਖੀਰ

2 ਜੂਨ ਰਾਤ ਨੂੰ 10:30 ਵਜੇ ਫੋਜ ਨੂੰ ਅੰਦਰ ਜਾਣ ਦੀ ਹਰੀ ਝੰਡੀ ਦਿੱਤੀ ਗਈ। ਸਾਡੀ ਫੋਜ ਰੀਂਗਦੀ ਹੋਈ ਮੇਨ ਦਰਵਾਜੇ ਰਾਹੀ ਅੰਦਰ ਦਾਖਲ ਹੋ ਗਈ ਅਤੇ ਸਰੋਵਰ ਸੇ ਆਸੇ ਪਾਸੇ ਖਿਲਰਨ ਲੱਗੀ। ਸਾਡਾ ਅੰਦਾਜ਼ਾ ਸੀ ਕਿ ਭਿੰਡਰਾਂਵਾਲੇ ਦੇ ਅੱਧੇ ਚੇਲੇ ਸ਼ਾਇਦ ਸੌਂ ਗਏ ਹੋਣ ਗਏ ਕਿਉ ਕਿ ਸਾਨੂੰ ਸੀ. ਆਈ. ਡੀ. ਨੇ ਦਸਿਆ ਸੀ ਕਿ ਭਿੰਡਰਾਂਵਾਲਾ ਸਭ ਨੂੰ 2 ਵਜੇ ਸਵੇਰੇ ਉਠਾ ਕੇ ਰੱਬ ਦਾ ਨਾਮ ਜਪਾਉਂਦਾ ਹੈ।

ਸੋ ਸਾਡਾ 2200 ਜਵਾਨ ਅੰਦਰ ਪੂਰਾ ਛਾ ਗਿਆ ਸੀ। ਅਤੇ ਲੋੜ ਪੈਣ ਤੇ ਅਸੀਂ 2600 ਜਵਾਨ ਹੋਰ ਤਿਆਰ ਰੱਖੇ ਸਨ। ਉੱਧਰ 1700 ਸਾਡਾ ਜਵਾਨ ਕਵਰ ਫਾਇਰਿੰਗ ਵਾਸਤੇ ਨਾਲ ਲਾਇਆ ਸੀ। ਉਹ ਵੀ ਆਪਣੇ ਕਰੱਤਵ ਦਿਖਾਉਣ ਲਈ ਕਾਹਲਾ ਸੀ। ਉਹ ਚਾਹੁੰਦੇ ਸਨ ਕਿ ਭਿੰਡਰਾਂਵਾਲੇ ਦੇ ਚੇਲੇ ਹਿਲਣ ਜੁਲਣ ਤਾਂ ਕਿ ਅਸੀਂ ਦਿਖਾਈਏ ਕਿ ਅਸੀਂ ਆਪਣੇ 2200 ਜਵਾਨਾਂ ਦੀ ਰਖਿਆ ਕਿਵੇ ਕਰਦੇ ਹਾਂ ਅਤੇ ਜੰਗ ਵਿੱਚ ਕਿਸ ਤਰ੍ਹਾਂ ਲੜਿਆਂ ਜਾਂਦਾ ਹੈ । ਪਰ ਉਹ ਮਹਾਨ 1700 ਸੂਰਮੇ ਵੀ ਇੱਕ ਹੁਕਮ ਵਿੱਚ ਬੱਝੇ ਸਨ। ਜਦੋ ਪੂਰੀ ਤਰ੍ਹਾਂ ਸਾਡਾ 2200 ਜਵਾਨ ਅੰਦਰ ਅਮਰ ਵੇਲ ਦੀ ਤਰ੍ਹਾਂ ਛਾ ਗਿਆ ਸੀ ਤਾਂ ਇਸ ਸਮੇਂ ਇੱਕ ਉਹ ਭਾਣਾ ਵਰਤ ਗਿਆ ਜਿਹੜਾਂ ਅਸੀਂ ਕਦੇ ਸੋਚਿਆਂ ਵੀ ਨਹੀਂ ਸੀ ਅਤੇ ਇਹ ਭਾਣਾ ਐਸਾ ਸੀ ਕਿ ਵੱਡੇ ਵੱਡੇ ਅਭਿਮੰਨੂ ਚੱਕਰ ਰਚਨ ਵਾਲੇ ਗੋਡਿਆਂ ਵਿੱਚ ਸਿਰ ਦੇ ਲੈਣਗੇ। ਸਾਡੀ ਸਾਰੀ ਸਕੀਮ ਫੇਲ੍ਹ ਕਰਦਾ ਹੋਇਆ ਸਾਡੇ ਤੇ ਭਾਰੂ ਪੈ ਗਿਆ ਅਤੇ ਦਿੱਲੀ ਤੱਕ ਵਾਇਰਲੈਸ ਸੈਟ ਖੜਕ ਗਏ ਅਤੇ ਸਭ ਫੋਜੀ ਸੀਨਿਅਰ ਅਫਸਰਾਂ ਦੇ ਥਲੇਓ ਮਿੱਟੀ ਨਿਕਲ ਗਈ।

ਅਸਲ ਵਿੱਚ ਗੱਲ ਇਸ ਤਰ੍ਹਾਂ ਹੋਈ ਜਿਸ ਤਰ੍ਹਾਂ ਹਰ ਫੌਜੀ ਅਫਸਰ ਜੰਗ ਦੇ ਸਮੇਂ ਕਈ ਸਕੀਮਾਂ ਬਣਾਉਂਦੇ ਹਨ ਅਤੇ ਕਈ ਕੈਂਸਲ ਕਰਦੇ ਹਨ। ਸਾਡੀ ਸਕੀਮ ਇਹ ਸੀ ਕਿ ਪਾਕਿਸਤਾਨ ਦੀ ਜੰਗ ਦੇ ਜੇਤੂ ਸੁਰਮੇ ਅੱਗੇ ਲਾਏ ਜਾਣ ਅਤੇ ਜਦੋ ਇਹ ਰੀਂਗਦੇ ਹੋਏ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਬਣੀਆਂ ਗੈਲਰੀਆਂ ਵਿੱਚ ਪਹੁੰਚ ਜਾਣ ਤਾ ਹੋਰ ਫੌਜ ਭੇਜੀ ਜਾਵੇ ਤਾਂ ਜੋ ਅੰਦਰ ਬੈਠੇ ਖਾੜਕੂਆਂ ਨਾਲ ਮੁਕਾਬਲਾ ਕੀਤਾ ਜਾਵੇ। ਪਰ ਸਾਡੀ ਫੋਜ ਜਦੋ ਪੂਰੀ ਤਰ੍ਹਾਂ ਸਰੋਵਰ ਦੇ ਚਾਰੇ ਪਾਸੇ ਛਾ ਗਈ ਅਤੇ ਉਨ੍ਹਾਂ ਦਾ ਦੂਜਾ ਕੰਮ ਗੈਲਰੀਆਂ ਵੱਲ ਵੱਧਣਾ ਸੀ ਜੋ 1700 ਫੋਜੀ ਜਵਾਨ ਉਨ੍ਹਾਂ ਲਈ ਢਾਲ ਦਾ ਕਵਚ ਸਨ। ਉਨ੍ਹਾਂ 1700 ਜਵਾਨਾਂ ਨੇ ਅਕਾਲ ਤਖਤ ਦੇ ਚਾਰੇ ਪਾਸੇ ਤੋਂ ਉਪਰੋ ਆਉਂਦੀ ਗੋਲੀ ਰੋਕਣੀ ਸੀ। ਪਰ ਇੱਕ ਦਮ ਅੰਦਰ ਹਾ ਹਾ ਕਾਰ ਮੱਚ ਗਈ। ਚੀਕਾਂ ਅਸਮਾਨ ਨੂੰ ਪਾੜ ਰਹੀਆਂ ਸੀ ਦਿਲ ਕੰਬਾਊ ਅਤੇ ਪੱਥਰ ਪਿਘਲਾ ਦੇਣ ਵਾਲੇ ਵੈਣ ਸਾਡੇ ਤੋਂ ਸੁਣੇ ਨਹੀਂ ਸਨ ਜਾ ਰਹੇ। ਕਿਉ ਕਿ ਭਿੰਡਰਾਂਵਾਲੇ ਦੇ ਚੇਲਿਆਂ ਨੇ ਇੱਕ ਦਮ ਫਾਇਰਿੰਗ ਖੋਲ ਦਿੱਤੀ। ਸਾਡੇ ਕਵਚ ਕਰ ਰਹੇ 1700 ਜਵਾਨਾਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਗੋਲੀ ਕਿਧਰੋ ਆ ਰਹੀ ਹੈ। ਬਸ ਥੱਲੇ ਰੀਂਗ ਰਹੇ ਜਵਾਨਾਂ ਦੇ 2-2 ਸਰੀਰਾਂ ਵਿੱਚੋਂ ਇੱਕੋ ਮਸ਼ੀਨਗੰਨ ਦੀ ਗੋਲੀ ਲੰਘ ਰਹੀ ਸੀ ਜਵਾਨਾਂ ਦਾ ਇੱਕ ਵਾਰੀ ਸਰੀਰ ਧਰਤੀ ਤੋਂ 4 ਇੰਚ ਉੱਚੀ ਉਠਦਾ ਅਤੇ ਬਾਅਦ ਵਿੱਚ ਠੰਢਾ ਹੋ ਜਾਂਦਾ। ਗੋਲੀ ਇਤਨੀ ਨੇੜਿਓ ਆ ਰਹੀ ਸੀ ਜਿਸ ਕਰਕੇ ਸਾਡੇ ਜਵਾਨਾਂ ਦਾ ਬਹੁਤ ਭਾਰੀ ਨੁਕਸਾਨ ਹੋ ਰਿਹਾ ਸੀ। ਸਾਡੇ ਕਵਚ ਦੇ 1700 ਜਵਾਨ ਉਧਰ ਬਿਲਡਿੰਗ ਵੱਲ ਪੂਰੀ ਗੋਲੀ

ਚਲਾ ਰਹੇ ਸਨ। ਪਰ ਗੋਲੀ ਅੱਗੋ ਬੰਦ ਹੋਣ ਦਾ ਨਾਂ ਹੀ ਨਹੀਂ ਲੈ ਰਹੀ ਸੀ ਜਿਸ ਕਰ ਕੇ ਅਖੀਰ ਸਾਨੂੰ ਹਾਈ ਅਲਰਟ ਦਾ ਅਲਾਰਮ ਵਜਾਉਣਾ ਪਿਆ ਜਿਸ ਦਾ ਭਾਵ ਦੁਸ਼ਮਣ ਤੋਂ ਆਪਣਾ ਆਪ ਨਿਕਲਾ ਕੇ ਨਿਕਲੋ ਜਿਸ ਤਰ੍ਹਾਂ 1962 ਵਿੱਚ ਚੀਨ ਦੀ ਜੰਗ ਸਮੇਂ ਵਰਤਿਆ ਗਿਆ ਸੀ ਸਾਡੇ ਜਵਾਨ ਇਤਨਾ ਘਬਰਾ ਗਏ ਕਿ ਆਪਣੇ ਹਥਿਆਰ ਉਥੇ ਹੀ ਸੁਟਣੇ ਪਏ ਪਰ ਮੇਨ ਦਰਵਾਜੇ ਤੱਕ ਪਹੁੰਚਣਾ ਮੁਸ਼ਕਿਲ ਸੀ। ਜੋ ਦੂਰ ਸਨ ਉਹ ਸ਼ਹੀਦੀਆਂ ਪਾ ਗਏ ਸਾਡੇ 2200 ਜਵਾਨਾਂ ਵਿੱਚੋਂ ਸਿਰਫ 637 ਜਵਾਨ ਅਤੇ 1700 ਕਵਚ ਜਵਾਨਾਂ ਵਿੱਚੋਂ 1187 ਜਵਾਨ ਆਪਣੀਆਂ ਜਾਨਾਂ ਬਚਾ ਕੇ ਨਿਕਲ ਸਕੇ ਇਨ੍ਹਾਂ ਦੋਨਾਂ ਵਿੱਚੋਂ 164 ਜਵਾਨ ਹੀ ਸਹੀ ਸਲਾਮਤ ਸਨ। ਬਾਕੀ ਬਹੁਤੇ ਤਾਂ ਇਹੋ ਜਿਹੇ ਸਨ ਜਿਹੜੇ ਆਪੀਆਂ ਦੋਨੇ ਬਾਹਾਂ ਅਤੇ ਦੋਨੇ ਲੱਤਾਂ ਗੁਆ ਚੁੱਕੇ ਸਨ। ਸਾਡੇ ਲਈ ਇਹ ਬਹੁਤ ਸ਼ਰਮ ਵਾਲੀ ਗੱਲ ਸੀ ਕਿ ਅਸੀ ਦੁਸ਼ਮਣ ਦਾ ਬਿਲਕੁਲ ਨੁਕਸਾਨ ਕੀਤੇ ਬਗੈਰ ਆਪਣੇ 2076 ਜਵਾਨ ਮੌਤ ਦੇ ਮੂੰਹ ਪਾ ਬੈਠੇ ਅਸੀਂ ਇਹ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਕੋਲ ਅੰਦਰ ਭਾਰੀ ਮਸ਼ੀਨਗੰਨਾਂ ਹੋਣਗੀਆ।

ਬਾਅਦ 8 ਜੂਨ ਨੂੰ ਸਾਨੂੰ ਇਸ ਸਾਰੀ ਕਹਾਣੀ ਦਾ ਪਤਾ ਲੱਗਾ ਕਿ ਜਦੋਂ ਸਾਡੇ ਸਾਰੇ ਜਵਾਨ ਸਰੋਵਰ ਦੇ ਚਾਰੇ ਪਾਸੇ ਫੈਲ ਗਏ ਤਾਂ ਬਿਲਡਿੰਗ ਦੇ ਅੰਦਰ ਧਰਤੀ ਤੋਂ ਸਿਰਫ 3 ਇੰਚ ਉਚੀਆਂ ਕੰਧਾਂ ਵਿੱਚ ਵਰਮੇ ਨਾਲ 2 -2 ਲੰਬੀਆ ਮੋਰੀਆਂ ਕੀਤੀਆਂ ਹੋਈਆ ਸਨ ਇਕ ਮੋਰੀ ਵਿੱਚ ਮਸ਼ੀਨਗੰਨ ਦੀ ਨਾਲੀ ਅਤੇ ਦੂਜੀ ਮੋਰੀ ਅੱਖ ਨਾਲ ਦੇਖਣ ਲਈ ਕੱਢੀ ਗਈ ਸੀ ਗੋਲੀ ਸਿਰਫ ਧਰਤੀ ਤੋਂ 3 ਇੰਚ ਉੱਚੀ ਆ ਰਹੀ ਸੀ ਤਾਂ ਧਰਤੀ ਤੇ ਲੰਮਾ ਪਿਆ ਆਦਮੀ ਕਿਸ ਤਰ੍ਹਾਂ ਆਪਣੀ ਜਾਨ ਬਚਾ ਸਕਦਾ ਹੈ ਜਦੋਂ ਕਿ ਉਪਰ ਬੈਠੇ ਖਾੜਕੂ ਅੰਦਰ ਬੈਠੇ ਰਹੇ ਅਤੇ ਸਾਡੇ 1700 ਜਵਾਨ ਉਪਰ ਹੀ ਗੋਲੀ ਚਲਾਉਂਦੇ ਰਹੇ ਜਦੋ ਕਿ ਗੋਲੀ ਤਾਂ ਧਰਤੀ ਕੱਢ ਰਹੀ ਸੀ। ਇਸ ਕਾਂਡ ਨੇ ਮੇਰਾ ਬਲੱਡ ਪ੍ਰੈਸ਼ਰ ਵਧਾ ਦਿੱਤਾ ਅਤੇ ਅਸੀਂ ਸਾਰੇ ਸੀਨਿਅਰ ਅਫਸਰ ਸੋਚਾਂ ਵਿੱਚ ਪੈ ਗਏ।

3 ਜੂਨ ਸਵੇਰ

ਅਸੀਂ ਸਾਰੇ ਜਖਮੀ ਜਵਾਨਾਂ ਨੂੰ ਛੇਤੀ ਨਾਲ ਡਾਕਟਰੀ ਸਹਾਇਤਾ ਦਿੱਤੀ ਹਰਿਮੰਦਰ ਸਾਹਿਬ ਦੇ ਘੇਰੇ ਵਿੱਚ ਅਜੇ ਵੀ ਜਖਮੀ ਪਏ ਜਵਾਨਾਂ ਦੀਆਂ ਚੀਕਾਂ ਚੁਣ ਰਹੀਆਂ ਹਨ। ਪਰ ਜਖਮੀ ਜਵਾਨਾਂ ਨੂੰ ਚੁੱਕਣ ਦਾ ਕੋਈ ਰਾਹ ਨਹੀਂ ਮਿਲ ਰਿਹਾ ਸੀ। ਅਖੀਰ ਸਵੇਰੇ 2 ਵਜੇ ਇਕ ਲਾਊਡ ਸਪੀਕਰ ਰਾਹੀ ਭਿੰਡਰਾਂਵਾਲੇ ਨੂੰ ਲਾਸ਼ਾਂ ਚੁੱਕਣ ਦੀ ਬੇਨਤੀ ਕੀਤੀ ਗਈ ਅਤੇ ਨਾਲ ਚਿਤਾਵਨੀ ਦਿੱਤੀ ਗਈ ਕਿ ਜੇ ਕਰ ਇਹ ਲਾਸ਼ਾਂ ਨਾ 3-4 ਘੰਟੇ ਹੋਰ ਪਈਆਂ ਰਹੀਆਂ ਤਾ ਬਦਬੂ ਫੈਲ ਜਾਵੇ ਗੀ ਅਤੇ ਕਈ ਭਿਆਨਕ ਬਿਮਾਰੀਆਂ ਸਾਰੇ ਸ਼ਹਿਰ ਨੂੰ ਆਪਣੇ ਕਬਜੇ ਵਿੱਚ ਲੈ ਲੈਣ ਗੀਆ। ਜਿਸ ਦਾ ਸਾਨੂੰ ਅਗੋ ਉਤਰ ਹਾ ਵਿੱਚ ਆਇਆ ਅਸੀ ਉਸ ਸਮੇਂ ਇੱਕ ਘੰਟੇ ਵਿੱਚ 300 ਭੰਗੀ ਮਗਵਾਇਆ ਅਤੇ ਲਾਸ਼ਾਂ ਨੂੰ ਬਾਹਰ ਕੱਢਣਾ ਸ਼ੁਰੂ ਕੀਤਾ ਤਕਰੀਬਨ 1:30 ਘੰਟੇ ਵਿੱਚ ਸਾਰੀਆਂ ਲਾਸ਼ਾਂ ਬਾਹਰ ਕਢੀਆਂ ਗਈਆਂ ਜਿਨ੍ਹਾਂ ਵਿੱਚ ਕੁਝ ਜਖਮੀ ਵੀ ਸਨ ਪਰ ਖੂਨ ਜਿਆਦਾ ਨਿਕਲਣ ਕਰਕੇ ਸ਼ਹੀਦੀ ਜਾਮ ਪੀ ਗਏ ਸਨ। ਹੁਣ ਸਾਡੇ ਅੱਗੇ ਦਿਨ ਦਾ ਚਾਨਣ ਦਸਤਕ ਦੇ ਰਿਹਾ ਸੀ। ਜਦੋਂ ਕੀ ਅਸੀਂ ਸੋਚਿਆ ਸੀ ਕਿ ਦਿਨ

ਚੜ੍ਹਨ ਤੱਕ ਭਿੰਡਰਾਂਵਾਲੇ ਨੂੰ ਮਾਰ ਦੇਵਾਗੇ। ਜਰਨਲ ਸੁੰਦਰ ਜੀ ਅਤੇ ਦਿਆਲ ਜੀ ਸਾਰੀ ਰਾਤ ਸੁਤੇ ਨਹੀਂ ਸਨ। ਹੁਣ ਸਾਨੂੰ ਬਿਨ੍ਹਾਂ ਕਿਸੇ ਦੇਰੀ ਕੀਤੇ ਤੋਂ ਕੋਈ ਹੋਰ ਸਕੀਮ ਕਰਣੀ ਸੀ। ਅਜੇ ਸੂਰਜ ਪੂਰੀ ਤਰ੍ਹਾਂ ਨਿਕਲਿਆ ਨਹੀਂ ਸੀ ਇੱਕ ਤੂਫਾਨੀ ਮੀਟਿੰਗ ਕੀਤੀ ਗਈ ਅਤੇ ਹੋਏ ਸਾਰੇ ਨੁਕਸਾਨ ਦਾ ਅੰਦਾਜਾ ਲਾਇਆ ਗਿਆ ਅਸਲ ਵਿੱਚ ਸਾਡੀ ਸੀ. ਆਈ. ਡੀ. ਦੀ ਰਿਪੋਰਟ ਮੁਢੋ ਹੀ ਗਲਤ ਸੀ ਮੈਨੂੰ ਪਹਿਲਾ ਹੀ ਸ਼ੱਕ ਸੀ ਕਿ ਜਰਨਲ ਸੁਬੇਗ ਸਿੰਘ ਵਰਗਾ ਕੋਈ ਜਰੂਰ ਹਕੀਕਤ ਤੇ ਪਰਦਾ ਪਾ ਕੇ ਕੋਈ ਚੱਕਰ ਵਿਉ ਵਰਤੇ ਗਾ ਸੋ ਮੇਰਾ ਸ਼ੱਕ ਸਹੀ ਨਿਕਲਿਆ ਹੁਣ ਇਹ ਫੈਸਲਾ ਲਿਆ ਗਿਆ ਕਿ ਜਿਵੇ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਰਹਾਇਸ਼ੀ ਬਿਲਡਿੰਗਾਂ ਸਨ ਉਨ੍ਹਾਂ ਨੂੰ ਫੌਜ ਨੇ ਆਪਣੇ ਕਬਜੇ ਵਿੱਚ ਕਰਕੇ ਮੋਰਚਾ ਬੰਦੀ ਕੀਤੀ ਸੀ ਅਤੇ ਮਸ਼ੀਨਗੰਨਾ ਫਿੱਟ ਕੀਤੀਆ। ਸੋ ਸਾਡੀ ਇਹ ਫੌਜ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਮਜਬੂਤ ਬਿਲਡਿੰਗ ਦੇ ਤਹਿਖਾਨਿਆਂ ਵਿੱਚ ਬੈਠੇ ਖਾੜਕੂਆਂ ਨੂੰ ਬਿਲਡਿੰਗ ਦੀ ਛੱਤ ਉਪਰ ਨਹੀਂ ਆਉਣ ਦਿੰਦੀ ਸੀ।ਕਿਉ ਕਿ ਅਕਾਲ ਤਖਤ ਅਤੇ ਇਸ ਦੇ ਨਾਲ ਲੱਗਦੀ ਸਾਰੀ ਬਿਲਡਿੰਗ ਦੀਆ ਛੱਤਾਂ ਸਾਡੀ ਫੌਜ ਦੇ ਨਿਸ਼ਾਨੇ ਹੇਠ ਸੀ। ਸੋ ਫੈਸਲਾ ਕੀਤਾ ਗਿਆ ਕਿ ਹੈਲੀ ਕਾਪਟਰਾਂ ਦੇ ਨਾਲ ਉੱਪਰੋ ਕਮਾਡੋ ਉਤਾਰੇ ਜਾਣ ਜਿਨ੍ਹਾਂ ਨੂੰ ਛੋਟੀਆਂ ਗੰਨਾਂ ਅਤੇ 60-60 ਗਰਨੇਟ ਦਿੱਤੇ ਜਾਣ ਇਹ ਉਪਰ ਛੱਤਾਂ ਤੇ ਉਤਰ ਕੇ ਉਪਰੋ ਮੋਘਰਿਆਂ ਵਿੱਚ ਗਰਨੇਟ ਸੁਟਣ ਗਏ ਅਤੇ ਜਦੋਂ ਬਿਲਡਿੰਗ ਦੀਆਂ ਉਪਰੀਆਂ ਮੰਜਲਾਂ ਵਿੱਚ ਤਬਾਹੀ ਮੱਚੇਗੀ ਤਾਂ ਖਾੜਕੂ ਆਪਣੇ ਆਪ ਹੇਠਾਂ ਚਲੇ ਜਾਣਗੇ ਅਤੇ ਫੌਜ ਉਪਰਲੀਆਂ ਮੰਜਲਾਂ ਤੇ ਕਬਜਾ ਕਰ ਲਵੇਗੀ ਅਤੇ ਫੇਰ ਅਥਰੂ ਗੈਸ ਜਾਂ ਮਾਰੂ ਗੈਸ ਵਰਤ ਕੇ ਥੱਲੇ ਤੱਕ ਖਾੜਕੂ ਮਾਰੇ ਜਾ ਸਕਣ ਗੇ। ਸੋ ਇਸ ਸਕੀਮ ਨੂੰ ਜਰਨਲ ਦਿਆਲ ਜੀ ਨੇ ਹਰੀ ਝੰਡੀ ਦੇ ਦਿੱਤੀ ਸੋ ਇਸ ਕੰਮ ਲਈ ਗਿਆਰਾ ਹੈਲੀ ਕਾਪਟਰ ਲਾਏ ਗਏ ਅਤੇ ਸਵੇਰੇ 6:20 ਤੇ ਸਾਰੇ ਕਮਾਡੋ ਉਤਾਰਨੇ ਸ਼ੁਰੂ ਕੀਤੇ ਗਏ ਸਾਡੀ ਸਕੀਮ ਮੁਤਾਬਕ 7:00 ਵਜੇ ਤੱਕ 912 ਕਮਾਡੋ ਉਤਾਰ ਦੇਣੇ ਸਨ ਫੇਰ ਸਭ ਨੇ ਇੱਕ ਨਿਸਚਤ ਸਮੇਂ ਤੇ ਇੱਕਠੀ ਕਾਰਵਾਈ ਕਰਨੀ ਸੀ।

ਸੋ ਹੈਲੀਕਾਪਟ ਆਪਣਾ ਕੰਮ ਕਰਨ ਲੱਗੇ ਇੱਧਰ ਉਚੀਆਂ ਬਿਲਡਿੰਗਾਂ ਤੇ ਬੈਠੇ ਸਾਡੇ ਸਾਰੇ ਜਵਾਨ ਇੱਕ ਸਕੀਮ ਅਧੀਨ ਅਕਾਲ ਦੇ ਵਿਹੜੇ ਵਿੱਚ ਨਿਸ਼ਚਿਤ ਥਾਵਾਂ ਤੇ ਲਗਾਤਾਰ ਗੋਲੀਆਂ ਚਲਾਉਣ ਲੱਗੇ ਤਾਂ ਜੋ ਖਾੜਕੂਆਂ ਦਾ ਧਿਆਨ ਆਪਣੇ ਬਚਾ ਵਿੱਚ ਹੀ ਲੱਗਿਆ ਰਹੇ। ਕਮਾਡੋ ਦੇ ਉਤਰਦਿਆ ਦੋਰਾਨ ਸਾਡੇ ਜਵਾਨਾਂ ਨੇ ਤਕਰੀਬਨ 1 ਲੱਖ ਗੋਲੀ ਚਲਾਈ ਸਾਡੇ ਸਾਰੇ ਜਵਾਨ ਗਰਨੇਡਾ ਨਾਲੱ ਲਧੇ ਹੋਏ ਸਫਲਤਾ ਪੂਰਵਕ ਉਪਰਲੀਆਂ ਛੱਤਾ ਤੇ ਉੱਤਰ ਗਏ। ਹੁਣ ਇਨ੍ਹਾਂ ਜਵਾਨਾਂ ਨੇ ਇੱਕ ਅਕਾਲ ਤਖਤ ਅਤੇ ਸਮੂਹ ਬਿਲਡਿੰਗ ਵਿੱਚ ਐਸਾ ਤੂਫਾਨ ਖੜਾ ਕਰਨਾ ਸੀ ਕਿ ਭਿੰਡਰਾਂਵਾਲੇ ਨੇ ਇੱਕ ਵਾਰ ਭਾਰਤੀ ਫੌਜ ਨੂੰ ਦੇਖ ਕੇ ਸੋਚਾ ਵਿੱਚ ਪੈ ਜਾਣਾ ਸੀ ਸਾਡੇ 912 ਕਾਮਡੋ ਜਮਦੂਤਾਂ ਦਾ ਰੂਪ ਧਾਰਣ ਕਰੀ ਬੈਠੇ ਸਨ ਅਤੇ ਮੌਤ ਮੌਤ ਕੂਕਦੇ ਫਿਰਦੇ ਸਨ। ਉਹ ਇੱਕ ਦੂਜੇ ਤੋਂ ਵੱਧ ਕੇ ਆਪਣੇ ਕਾਰਨਾਮੇ ਦਖਾਉਣ ਲਈ ਕਾਹਲੇ ਸਨ । ਕਿਉ ਕਿ ਕਮਾਡੋਆਂ ਨੂੰ ਆਮ ਫੌਜ ਨਾਲੋ ਜਾ ਪੁਲਿਸ ਨਾਲੋਂ ਇਕ ਵਿਸ਼ੇਸ਼

ਸਿਖਲਾਈ ਦਿੱਤੀ ਜਾਂਦੀ ਹੈ। ਜੋ ਕਿ ਬਹੁਤ ਹੀ ਚੁਸਤੀ ਅਤੇ ਫੁਰਤੀ ਵਾਲਾ ਕਮਾਂਡੋ ਸਿਖਲਾਈ ਵਿੱਚ ਪਾਸ ਹੋ ਸਕਦਾ ਹੈ। ਸਾਡੇ ਕਮਾਂਡੋ ਇਤਨੇ ਕਾਹਲੇ ਸਨ ਕਿ ਉਹ ਚੈਨ ਨਾਲ ਮਿੱਥੇ ਸਮੇਂ ਲਈ ਇੰਤਜ਼ਾਰ ਵੀ ਨਹੀਂ ਕਰ ਰਹੇ ਸੀ ਉਹ ਲਗਾਤਾਰ ਵਾਇਰਲੈਸ ਤੇ ਕਾਰਵਾਈ ਦੀ ਮੰਗ ਕਰ ਰਹੇ ਸਨ। ਪਰ ਅਚਾਨਕ ਹੀ ਇੱਕ ਐਸੀ ਅਕਾਸ਼ੀ ਬਿਜਲੀ ਸਾਡੇ ਜਵਾਨਾਂ ਤੇ ਪੈਣੀ ਸ਼ੁਰੂ ਹੋਈ। ਇਹ ਅਕਾਸ਼ੀ ਬਿਜਲੀ ਕੋਈ ਹੋਰ ਨਹੀਂ ਮਸ਼ੀਨ ਗੰਨਾਂ ਦੀਆਂ ਗੋਲੀਆਂ ਦੀ ਸੀ ਤੇ ਉਨ੍ਹਾਂ ਭਾਰੀ ਮਸ਼ੀਨਗੰਨਾਂ ਦੀ ਸੀ ਜਿਸ ਦੀ ਗੋਲੀ 1800 ਮੀਟਰ ਤੱਕ ਜਾਂਦੀ ਹੈ। ਸਾਡੀ ਸੀ. ਆਈ. ਡੀ. ਇਤਨੀ ਨਿਕੰਮੀ ਨਿਕਲੀ ਜਿਸ ਕਰਕੇ ਸਾਨੂੰ ਇਤਨਾ ਨੁਕਸਾਨ ਉਠਾਉਣਾ ਪੈ ਰਿਹਾ ਸੀ ਜਿਤਨਾ ਪਾਕਿਸਤਾਨ ਦੀ ਜੰਗ ਸਮੇਂ ਵੀ ਨਹੀਂ ਹੋਇਆ ਸੀ ਇਹ ਗੋਲੀ ਅਚਾਨਕ ਇੱਕ ਦਮਸ਼ੁਰੂ ਹੋਈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਗੋਲੀ ਇਕ ਫੌਜੀ ਅਫਸਰ ਦੀ ਸਕੀਮ ਤੋਂ ਬਗੈਰ ਨਹੀਂ ਸੀ। ਉਹ ਫੌਜੀ ਅਫਸਰ ਜਨਰਲ ਸੁਬੇਗ ਸਿੰਘ ਹੀ ਸੀ। ਜਦੋਂ ਸਾਡੇ ਕਮਾਂਡੋ ਉਤਰ ਰਹੇ ਸਨ। ਤਾ ਸਾਡੀ ਸੁਰਖਿਆਂ ਵਾਲੀ ਫੌਜ ਇਤਨੀ ਗੋਲੀ ਚਲਾਈ ਕੇ ਸਮੂਹ ਮੋਰਚਿਆਂ ਵਿੱਚ ਬੈਠੇ ਖਾੜਕੂਆਂ ਵਲੋਂ ਕਮਾਂਡੋਆਂ ਦੇ ਉਤਰਨ ਵਿੱਚ ਕੋਈ ਰੁਕਾਵਟ ਨਾ ਆਵੇ । ਪਰ ਉਚੇ ਉਚੇ ਬੁੰਗੇ ਅਤੇ ਉੱਚੀ ਪਾਣੀ ਦੀ ਟੈਂਕੀ ਵਿੱਚ ਸੁਬੇਗ ਸਿੰਘ ਨੇ ਕੰਧਾਂ ਵਿੱਚ ਮੋਰੀਆਂ ਕਰਕੇ ਸਾਬਕਾ ਫੌਜੀਆਂ ਅਤੇ ਭਾਰੀ ਮਸ਼ੀਨਗੰਨਾਂ ਲਈ ਜਬਰ ਦਸਤ ਮੋਰਚਾ ਬੰਦੀ ਕੀਤੀ ਸੀ। ਜੋ ਸਾਨੂੰ ਅਖੀਰ ਤੱਕ ਇਸ ਮੋਰਚਾ ਬੰਦੀ ਦਾ ਪੱਤਾ ਨਹੀਂ ਲੱਗਾ। ਬਾਹਰੋ ਦੂਰਬੀਨ ਰਾਹੀ ਦੇਖਣ ਤੋਂ ਪਤਾ ਲੱਗਦਾ ਸੀ ਕਿ ਉੱਥੇ ਮੋਰਚਾ ਤਾਂ ਕੀ ਕੋਈ ਬੰਦਾ ਵੀ ਨਹੀਂ ਦਿਸਦਾ ਸੀ ਸੋ ਸਾਡੇ ਮੁਤਾਬਕ ਉਥੇ ਕੋਈ ਵੀ ਨਹੀਂ ਸੀ ਪਰ ਜਦੋਂ ਸਾਡੇ ਕਮਾਂਡੋਆਂ ਤੇ ਮੌਤ ਦੀ ਹਨੇਰੀ ਝੁਲੀ ਤਾਂ ਇਨ੍ਹਾਂ ਤਿਨ੍ਹਾਂ ਥਾਵਾਂ ਤੋਂ ਹੀ ਗੋਲੀ ਆਈ। ਸਾਡੇ ਕਮਾਂਡੋਆਂ ਨਾਲ 1919 ਵਿੱਚ ਜਿਲ੍ਹਾਂ ਵਾਲੇ ਬਾਗ ਦੀ ਘਟਨ੍ਹਾਂ ਵਾਪਰ ਗਈ। ਕਿਉ ਕਿ ਭੱਜਣ ਨੂੰ ਕੋਈ ਥਾਂ ਨਹੀਂ ਸੀ।

ਲੰਬੀ ਦੂਰ ਮਾਰ ਕਰਣ ਵਾਲੀਆਂ ਗੋਲੀਆਂ ਦੀ ਮਾਰ ਅੱਗੇ ਆਤਮ ਸਮਰਪਣ ਕਰਕੇ ਸ਼ਹੀਦੀ ਜਾਮ ਪੀ ਰਹੇ ਸਨ। ਕੁਮਾਂਡੋਆਂ ਦੀ ਵਾਗਡੋਰ ਸੰਭਾਲ ਰਹੇ ਜਰਨੈਲ ਅਖੀਰਲੇ ਪੱਲ ਤੱਕ ਜਖਮੀ ਹਾਲਤ ਵਿੱਚ ਸਾਨੂੰ ਜਾਣਕਾਰੀ ਦਿੰਦੇ ਰਹੇ ਅਤੇ ਅਖੀਰ ਸ਼ਹੀਦੀ ਜਾਮ ਪੀ ਗਏ।

ਸਾਡੇ ਵਾਇਰਲੈਸ ਸੈਟ ਦੇ ਸੰਪਰਕ ਟੁੱਟ ਗਏ। ਸਾਨੂੰ ਇਹ ਵੀ ਨਾ ਦੱਸ ਸਕੇ ਕਿ ਉਨ੍ਹਾਂ ਉਤੇ ਆ ਰਹੀ ਗੋਲੀ ਕਿਧਰੋ ਆ ਰਹੀ ਹੈ। ਹੁਣ ਤੱਕ 2988 ਜਵਾਨ ਮਾਰੇ ਗਏ ਹੁਣ ਸਾਨੂੰ ਅਸਲ ਵਿਚ ਪਤਾ ਲੱਗ ਗਿਆ ਸੀ। ਕਿ ਜੰਗ ਜਿਤਨੀ ਕੋਈ ਸੋਖੀ ਨਹੀਂ ਸੀ ਭਾਵੇ ਕਿ ਸਾਡੀਆਂ ਕੀਤੀਆਂ ਕਾਰਵੌਈਆਂ ਜੇ ਕਲਮ ਨਾਲ ਲਿਖੀਏ ਤਾਂ ਪੜ੍ਹਨ 15 ਮਿੰਟ ਹੀ ਲੱਗਣ ਗੇ ਪਰ ਅਸਲੀ ਕਾਰਵਾਈ ਕਰਦਿਆ 11 ਘੰਟੇ ਲੱਗ ਗਏ ਸਨ। ਹੁਣ ਅਸੀਂ ਸਾਰੀ ਮੋਰਚਾ ਬੰਦੀ ਜਾਨਣ ਲਈ ਦੁਬਾਰਾ ਵਿਚਾਰਾ ਕਰਨ ਲੱਗੇ ਅਤੇ ਸਾਡੇ ਨਾਲ ਲਗਾਤਾਰ ਸੰਪਰਕ ਬਨਾਈ ਰੱਖੇ ਰਾਜੀਵ ਗਾਂਧੀ ਜੀ ਸਾਰੀ ਗੱਲ ਬਾਤ ਦੱਸੀ ਗਈ। ਸਾਨੂੰ ਵੱਡਾ ਡਰ ਸੀ ਕਿ ਜੇ ਕਰ ਪੰਜਾਬ ਵਿੱਚ ਬਗਾਵਤ ਉਠ ਖੜੀ ਤਾ 1947 ਵਾਲੀ ਘਟਨਾ ਵਾਪਰ ਸਕਦੀ ਹੈ। ਪਰ ਇਥੇ ਕੇਂਦਰ ਸਰਕਾਰ ਨੇ

ਇੱਕ ਬਹੁਤ ਸਿਆਣੀ ਚਾਲ ਚੱਲੀ ਉਨ੍ਹਾਂ ਨੇ ਉਸ ਸਮੇਂ 7000 ਪੰਜਾਬੀ ਉਹ ਇਕਠੇ ਕਿਤੇ ਜਿਹੜੇ ਥਾਣਿਆਂ ਵਿੱਚ ਮੁਖਬਰੀ ਦਾ ਕੰਮ ਕਰਦੇ ਸਨ ਅਤੇ ਸਭ ਨੂੰ ਸਮਝਾਇਆ ਗਿਆ ਕਿ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਖਿਲਰ ਜਾਵੋ ਉਨ੍ਹਾਂ ਨੂੰ ਸਪੈਸ਼ਲ ਅਡੈਂਟੀਕਾਰਡ ਦਿਤੇ ਗਏ ਤਾਂ ਜੋ ਪੁਲਿਸ ਅਤੇ ਫੌਜ ਲਈ ਕੋਈ ਅੜਚਣ ਨਾ ਬਨਣ ਸਭ ਨੇ ਪਿੰਡਾਂ ਵਿੱਚ ਜਾ ਕੇ ਇਹ ਕਹਿਣਾ ਸੀ ਕਿ ਫੌਜ ਨੇ ਹਰਿਮੰਦਰ ਸਾਹਿਬ ਤੇ ਹਮਲਾ ਕਰ ਦਿੱਤਾ ਤੇ ਭਿੰਡਰਾਂਵਾਲੇ ਨੇ ਸਭ ਨੂੰ ਛੇਤੀ ਤੋਂ ਛੇਤੀ ਅਮ੍ਰਿਤਸਰ ਪਹੁੰਚਣ ਲਈ ਕਿਹਾ ਹੈ ਕਿਉ ਕਿ ਅਗਰ ਪੰਜਾਬ ਦੀ ਇਹ ਜਵਾਨੀ ਪਿੰਡਾਂ ਵਿੱਚ ਬੈਠੀ ਰਹਿੰਦੀ ਤਾਂ ਜਰੂਰ ਪ੍ਰਲੋ ਮਚਾ ਸਕਦੇ ਸੀ ਸੋ ਸਾਰੀ ਫੌਜ ਨੂੰ ਆਡਰ ਕੀਤਾ ਗਿਆ ਕਿ ਜੋ ਵੀ ਲੋਕਾਂ ਦੇ ਜੱਥੇ ਅੰਮ੍ਰਿਤਸਰ ਨੂੰ ਆ ਰਹੇ ਹਨ ਉਨ੍ਹਾਂ ਨੂੰ ਕਿਤੇ ਵੀ ਰੋਕਿਆ ਨਾ ਜਾਵੇ ਜਦੋ ਵੀ ਇਹ ਜੱਥੇ ਹਰਿਮੰਦਰ ਸਾਹਿਬ ਤੋਂ 20 ਕਿਲੋਮੀਟਰ ਪਿਛੇ! ਉਦੋ ਉਨ੍ਹਾਂ ਦਾ ਡਾਗਾਂ ਨਾਲ ਸਵਾਗਤ ਕੀਤਾ ਜਾਵੇ ਅਤੇ 12 ਘੰਟੇ ਖੇਤਾਂ ਵਿੱਚ ਬਿਠਾਏ ਜਾਣ। ਕਿਉ ਕਿ ਜਦੋ ਇਹ ਲੋਕ ਥੱਕੇ ਟੁੱਟੇ ਅੰਮ੍ਰਿਤਸਰ ਪੁਹੰਚਣੇ ਸਨ ਤਾਂ ਫੌਜ ਵਲੋਂ ਪਿਟਾਈ ਹੋਣੀ ਸੀ ਉਸ ਤੋਂ ਬਾਅਦ 12 ਘੰਟੇ ਹੋਰ ਦੁੱਖ ਝੱਲਣਾ ਪੈਣਾ ਸੀ ਅਤੇ ਫੇਰ ਇਨ੍ਹਾਂ ਨੂੰ ਆਪਣੇ ਘਰ ਜਾਂਦਿਆਂ ਨੂੰ 2 ਦਿਨ ਤੱਕ ਤਾਂ ਲੱਗ ਹੀ ਜਾਣੇ ਸਨ ਸੋ ਜਦੋਂ 5-5 ਦਿਨਾਂ ਪਿਛੋ ਪੂਰੇ ਥੱਕੇ ਹਾਰੇ ਘਰ ਪਹੁੰਚਣਾ ਸੀ ਇੱਕ ਤਾ ਉਦੋ ਤੱਕ ਬਲਿਊ ਸਟਾਰ ਉਪਰੇਸ਼ਨ ਪੂਰੀ ਤਰ੍ਹਾਂ ਮੁੱਕ ਜਾਣਾ ਸੀ ਦੂਸਰਾਂ ਪੰਜਾਬ ਵਿੱਚ ਬਗਾਵਤ ਦਾ ਡਰ ਬਿਲੱਕੁਲ ਮੁੱਕ ਜਾਣਾ ਸੀ ਜਦੋਂ ਕਿ ਕੇਂਦਰ ਸਰਕਾਰ ਨੂੰ ਇਸ ਚਾਲ ਦੇ ਫੇਲ ਹੋਣ ਦੇ 90% ਚਾਂਸ ਲੱਗਦੇ ਸਨ। ਕਿਉ ਕਿ ਭਿੰਡਰਾਂਵਾਲਾ ਆਪਣੇ ਭਾਸ਼ਨਾਂ ਵਿੱਚ ਕਹਿੰਦਾ ਸੀ ਕਿ ਜਦੋਂ ਅਕਾਲ ਤੱਖਤ ਤੇ ਹਮਲਾ ਹੋਇਆਂ ਤਾਂ ਇੱਧਰ ਨੂੰ ਕੋਈ ਵੀ ਨਾ ਆਵੇ ਪਿੰਡਾਂ ਵਿੱਚ ਬੈਠੀ ਸੰਗਤ ਉਥੇ ਹੀ ਗੁਰੂ ਦੇ ਨਿੰਦਕਾਂ ਨੂੰ ਸੋਧ ਦੇਵੇ ਪਰ ਭਿੰਡਰਾਂਵਾਲੇ ਦੀ ਇਸ ਗੱਲ ਨੂੰ ਫੇਲ ਕਰਨ ਵਾਸਤੇ ਕੁਝ ਕਹਾਣੀਆਂ ਵੀ ਝੂਠੀਆਂ ਗੜੀਆਂ ਗਈਆਂ ਜੋ 7000 ਮੁਕਬਰਾਂ ਨੂੰ ਲੋਕਾਂ ਵਿੱਚ ਸੁਣਾਉਣ ਵਾਸਤੇ ਦਿੱਤੀਆਂ ਗਈਆਂ।

ਸਭ ਤੋਂ ਵੱਡਾ ਹਥੀਆਰ ਇਹ ਵਰਤਿਆ ਗਿਆ ਕਿ ਇਨ੍ਹਾਂ 700 ਮੁਖਬਰਾਂ ਨੂੰ ਪੀਲੇ ਰੰਗ ਦੇ ਗੋਲ ਪਰਨੇ ਬੰਨਣ ਵਾਸਤੇ ਕਿਹਾ ਗਿਆ ਅਤੇ 1 ਫੁੱਟ 12 ਇੰਚ ਦੀਆਂ ਕਿਰਪਾਣਾ ਉਪਰ ਦੀ ਪਾਉਣ ਲਈ ਕਿਹਾ ਗਿਆ ਅਤੇ ਕੁਝ ਕਾਹਣੀਆਂ ਸੁਣਾਈਆਂ ਗਈਆ ਉਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਤੁਸੀ ਕਹਿਣਾ ਅਸੀਂ ਅਕਾਲ ਤੱਖਤ ਵਿੱਚੋਂ ਬੱਚ ਕੇ ਨਿਕਲੇ ਹਾਂ ਭਿੰਡਰਾਂਵਾਲਾ ਫੌਜ ਦੀਆਂ ਅੱਖਾਂ ਵਿੱਚ ਮਿੱਟੀ ਪਾ ਕੇ ਪਾਕਿਸਤਾਨ ਨਿੱਕਲ ਗਿਆ ਅਤੇ ਸਭ ਸੰਗਤ ਨੂੰ ਹਰਿਮੰਦਰ ਸਾਹਿਬ ਦੀ ਬੇਅਦਬੀ ਰੋਕਣ ਲਈ ਅੰਮ੍ਰਿਤਸਰ ਆਉਣ ਲਈ ਕਿਹਾ ਗਿਆ ਹੈ। ਸੋ ਇਹ ਸਕੀਮ ਬਹੁਤ ਜਿਆਦਾ ਕਾਮਯਾਬ ਹੋਈ। ਲੋਕ ਅੰਮ੍ਰਿਤਸਰ ਵਹੀਰਾ ਘੱਤ ਕੇ ਆਉਣ ਲੱਗੇ ਅੱਗੋ ਫੌਜ ਦੀ ਕੁੱਟ ਪੈਂਦੀ ਅਤੇ ਹਵਾਈ ਫਾਇਰਿੰਗ ਕਰਕੇ ਗੋਲੀ ਦਾ ਡਰਾਵਾ ਦਿੱਤਾ ਜਾਂਦਾ ਅਤੇ ਘਰ ਵਾਪਸ ਮੋੜ ਦਿੱਤੇ ਜਾਂਦੇ । ਸੋਂ ਭਿੰਡਰਾਂਵਾਲੇ ਦੇ ਭਾਸ਼ਣ ਸਰਕਾਰ ਨੇ ਬੇਅਸਰ ਕਰ ਦਿੱਤੇ ਸੋਂ ਇਹ ਸਕੀਮ ਇਸ ਕਰਕੇ ਘੜੀ ਗਈ ਸੀ ਕਿਉ ਕਿ ਅਸੀ ਆਪਣੀਆਂ ਕਾਰਵਾਈਆਂ ਵਿੱਚ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖ ਚੁੱਕੇ ਸੀ ਸੋਂ ਪੰਜਾਬ

ਵਿੱਚ ਬਗਾਵਤ ਦੀ ਬਲਾ ਦਾ ਇਲਾਜ ਲੱਭ ਲਿਆ ਸੀ।

ਸੋ ਆਪਾ ਹਮਲੇ ਦੀ ਗੱਲ ਕਰਈਏ ਤਾਂ 3 ਜੂਨ ਦੀ ਸਵੇਰ ਹੋ ਚੁੱਕੀ ਸੀ ਸਾਰੀ ਰਾਤ ਮੌਤ ਦਾ ਤਾਂਡਵ ਨਾਚ ਹੁੰਦਾ ਰਿਹਾ ਹੁਣ ਅਸੀਂ ਦੁਬਾਰਾ ਗੱਲਤੀ ਨਹੀਂ ਕਰ ਸਕਦੇ ਸੀ ਸਭ ਤੋਂ ਪਹਿਲਾ ਇਹ ਗੱਲ ਧਿਆਨ ਵਿੱਚ ਲਿਆਦੀ ਗਈ ਕਿ ਮੋਰਚਿਆਂ ਦੀ ਸਾਡੇ ਕੋਲ ਸਹੀ ਜਾਣਕਾਰੀ ਨਹੀਂ ਹੈ। ਦੂਸਰੀ ਗੱਲ ਇਹ ਕਿ ਸੁਬੇਗ ਸਿੰਘ ਨੇ ਸਾਡੀ ਸੀ ਅਈ ਡੀ ਨੂੰ ਬੁੱਧੂ ਬਾਣਾਉਣ ਲਈ ਗਲਤੀ ਥਾਂਵਾਂ ਤੇ ਅਤੇ ਦੇਸੀ ਹਥਿਆਰ ਆਮ ਜਨਤਕ ਰੂਪ ਵਿੱਚ ਦਿਖਾ ਕੇ ਹਾਥੀ ਦੇ ਦੰਦਾਂ ਵਾਲੀ ਗੱਲ ਕੀਤੀ ਹੈ। ਕਿਉ ਕਿ ਮਾਰੇ ਗਏ ਫੌਜੀ ਜਾਵਨਾਂ ਦੇ ਸ਼ਰੀਰਾਂ ਵਿੱਚੋਂ ਟੈਂਕ ਦੇ ਉਪਰ ਬੀੜਣ ਵਾਲੀਆਂ ਭਾਰੀ ਮਸ਼ੀਨ ਗੱਨਾਂ ਦੀਆਂ ਗੋਲੀਆਂ ਕੱਢੀਆਂ ਗਈਆਂ ਸੋ ਹੁਣ ਸਿੱਧਾ ਅੰਦਰ ਜਾਣਾ ਆਤਮ ਹੱਤਿਆ ਕਰਨ ਦੇ ਬਾਬਰ ਸੀ ਸੋਂ ਨਵੀ ਸਕੀਮ ਮੁਤਾਬਕ ਬੁਲਟ ਪਰੂਫ ਗੱਡੀਆਂ ਮੰਗਵਾਉਣ ਦਾ ਵਿਚਾਰ ਕੀਤਾ ਅਤੇ ਵਿੱਚ ਬੈਠਣ ਵਾਲੇ ਜਵਾਨਾ ਨੂੰ ਰੂਸ ਵਿੱਚ ਬਣੀਆਂ ਜੈਕਟਾਂ ਜੋ ਸਿਰ ਤੋਂ ਪੈਰਾਂ ਤੱਕ ਗੋਲੀ ਦੀ ਮਾਰ ਰੋਕਦੀਆਂ ਸਨ ਉਹ ਪਵਾਕੇ ਤੇਜਾ ਸਿੰਘ ਸਮੁੰਦਰੀ ਹਾਲ ਅਤੇ ਅਟੱਲ ਦੇ ਗੁਰਦਵਾਰੇ ਵੱਲ ਜਾਣ ਲਈ ਕਿਹਾ ਅਤੇ ਪਰਕਰਮਾ ਦੇ ਉਤਰੀ ਅਤੇ ਦਖਣੀ ਪਾਸੇ ਬਾਲਕੋਨੀਆਂ ਵਿੱਚ ਭੇਜਿਆ ਗਿਆ ਕਿਉ ਕਿ ਇਸ ਪਾਸੇ ਮੋਰਚਾ ਬੰਦੀ ਘੱਟ ਸੀ ਅਤੇ ਇੱਥੇ ਜਾ ਕੇ ਇਕ ਜਹਿਰੀਲੀ ਗੈਸ ਛੱਡੀ ਜਾਵੇ, ਜਿਸ ਤੋਂ ਬਾਅਦ ਗਰਨੇਡ ਸੁੱਟੇ ਜਾਣ ਅਤੇ ਬਾਅਦ ਵਿੱਚ ਫਾਇਰਿੰਗ ਕੀਤੀ ਜਾਵੇ ਕਿਉ ਕਿ ਦੁਸ਼ਮਣ ਦੇ ਘਰ ਅਗਰ ਖੜਣ ਜੋਗਾ ਥਾਂ ਬਣ ਜਾਵੇ ਬੈਠਣ ਜੋਗਾ ਆਪੇ ਹੀ ਬਣ ਜਾਦਾ ਹੈ ਸੋ ਦੁਪਹਿਰ ਦੇ 12 ਵਜੇ ਤੱਕ 33 ਬੁਲਟ ਪਰੂਫ ਗਡੀਆਂ ਪਰਕਰਮਾ ਵਿੱਚ ਲਾਈਆਂ ਗਈਆਂ ਗੱਡੀਆਂ ਉਤਰਨਸਾਰ ਹੀ ਉਨ੍ਹਾਂ ਤੇ ਅੰਨ੍ਹੇ ਵਾਹ ਗੋਲੀ ਸ਼ੁਰੂ ਹੋ ਗਈ।ਪਰ ਗਡੀਆਂ ਅਕਾਲਤੱਖਤ ਦੀ ਬਜਾਏ ਲੰਗਰ ਹਾਲ ਵੱਲ ਮੋੜੀਆਂ ਗਈਆ ਸਾਨੂੰ ਦਿੱਲੀ ਤੋਂ ਮੁੜ ਮੁੜ ਇਹ ਹਦਾਇਤ ਕੀਤੀ ਜਾ ਰਹੀ ਸੀ ਕਿ ਅਕਾਲੀ ਆਗੂਆਂ ਦਾ ਪੂਰਾ ਪੂਰਾਂ ਖਿਆਲ ਰੱਖਿਆ ਜਾਵੇ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਸੁਰਖਿਅਤ ਕੱਢਿਆ ਜਾਵੇ ਸੋ ਜਹਿਰੀਲੀ ਗੈਸ ਨਾਲ ਅਕਾਲੀ ਆਗੂਆਂ ਦਾ ਨੁਕਸਾਨ ਹੋ ਸਕਦਾ ਸੀ ਸੋ ਇਸ ਕਰਕੇ ਹੋਸਟਲ ਸਮੂਹ ਜਿੱਥੇ ਅਕਾਲੀ ਆਗੂ ਲੁਕੇ ਸਨ ਇੱਥੇ ਜਹਿਰੀਲੀ ਗੈਸ ਛਡਣ ਦਾ ਸੁਝਾਅ ਛੱਡ ਦਿੱਤਾ ਅਤੇ ਬ੍ਰਹਮ ਬੂਟਾ ਅਖਾੜਾ ਅਤੇ ਹੋਟਲ ਟੈਮਪਲ ਵਿਊ ਤੇ ਹਮਲਾ ਕਰਨ ਦਾ ਹੁਕਮ ਦਿੱਤਾ ਗਿਆ ਬੁਲਟ ਪਰੂਫ ਗੱਡੀਆਂ ਦੇ ਟਾਇਰ ਲਈ ਰੇਲ ਗੱਡੀ ਦੇ ਚੱਕਿਆ ਦੀ ਵਰਤੋਂ ਕੀਤੀ ਗਈ। ਜਦੋਂ ਇਹ ਗੱਡੀਆਂ ਬ੍ਰਹਮ ਬੂਟਾ ਅਖਾੜਾ ਅਤੇ ਹੋਟਲ ਟੈਮਪਲ ਵਿਊ ਦੇ ਨੇੜੇ ਪਹੁੰਚੀਆਂ ਤਾ ਇਨ੍ਹਾਂ ਨੇ ਛੋਟੀਆਂ ਗੰਨਾਂ ਨਾਲ ਜਹਿਰੀਲੀ ਗੈਸ ਦੇ ਗੋਲੇ ਅੰਦਰ ਸੁਟਣੇ ਸਨ ਅਤੇ ਬਾਅਦ ਵਿੱਚ ਗਰਨੈਡ ਸੁਟਣੇ ਸਨ।

ਜਦੋਂ ਜਹਿਰੀਲੀ ਗੈਸ ਦੇ ਗੋਲੇ ਅੰਦਰ ਸੁੱਟੇ ਗਏ ਤਾਂ ਖਾੜਕੂਆਂ ਨੇ ਬੜੀ ਫੁਰਤੀ ਨਾਲ ਅੰਦਰੋਂ ਬਾਹਰ ਪਰਕਰਮਾ ਵਿੱਚ ਸੁੱਟੇ ਕੁਝ ਗੋਲੇ ਬਿਲਡਿੰਗ ਦੇ ਬਾਹਰਲੇ ਪਾਸੇ ਦੋ ਪਾਸੜ ਚਲਦੀ ਗੋਲੀ ਲੱਗਣ ਕਰਕੇ ਫੱਟ ਕੇ ਸਾਡੇ ਜਵਾਨਾਂ ਦੀਆਂ ਗੱਡੀਆਂ ਉਪਰ ਡਿੱਗੇ ਸਾਡੇ ਜਵਾਨਾਂ ਨੂੰ ਕਈ ਵਾਰੀ ਗੱਡੀਆਂ ਅੱਗੇ ਪਿਛੇ ਕਰਨੀਆਂ ਪਈਆਂ

ਸੋ ਲਗਾਤਾਰ ਗਰਨੇਡ ਅਤੇ ਜਹਿਰੀਲੀ ਗੈਸ ਦੇ ਗੋਲੇ ਸੁੱਟਣ ਕਰਕੇ ਕੁਝ ਖਾੜਕੂ ਮਾਰੇ ਗਏ। ਕੁਝ ਤਹਿਖਾਨਿਆਂ ਵਿੱਚ ਜਾ ਲੁੱਕੇ ਜਦੋਂ ਸਾਡੇ ਜਵਾਨਾਂ ਨੂੰ ਅੰਦਰੋਂ ਗੋਲੀ ਰੁਕਣ ਦੀ ਤਸੱਲੀ ਹੋ ਗਈ ਤਾਂ 19 ਗੱਡੀਆਂ ਵਿੱਚ ਮੂੰਹ ਵਿੱਚ ਆਕਸੀਜਨ ਦੇ ਮੁਕਟ ਪਾਈ 93 ਜਵਾਨ ਅੰਦਰ ਦਾਖਲ ਹੋਏ ਅਤੇ ਅੰਦਰ ਪਈਆਂ ਲਾਸ਼ਾਂ ਦੇਖੀਆਂ ਗਈਆਂ ਉਸ ਤੋਂ ਬਾਅਦ ਦੂਜੇ 62 ਜਵਾਨ ਅੰਦਰ ਦਾਖਲ ਹੋਏ।

ਸਾਡਾ ਲਗਾਤਾਰ ਵਾਇਰਲੈਸ ਸੈਟ ਤੇ ਬਣੇ ਸੰਪਰਕ ਰਾਹੀ ਹੋਰ ਗੱਡੀਆਂ ਭੇਜਣ ਦਾ ਸੰਕੇਤ ਦਿੱਤਾ ਗਿਆ ਇਸੇ ਦੋਰਾਣ ਖਾੜਕੂਆਂ ਵਿੱਚ ਬੁਲਟ ਪਰੂਫ ਪਾਈਆ ਜੈਕਟਾਂ ਦਾ ਪਤਾ ਲੱਗ ਗਿਆ ਉਨ੍ਹਾਂ ਨੇ ਤੁਰੰਤ ਵਾਕੀ ਟਾਕੀ ਰਾਜੀ ਸੁਬੇਗ ਸਿੰਘ ਨੂੰ ਦੱਸਿਆ ਕਿਉ ਕਿ ਸੁਬੇਗ ਸਿੰਘ ਨੇ ਕੋਈ ਕੋਡ ਵਰਤ ਕੇ ਸੰਦੇਸ਼ ਦਿੱਤਾ। ਇਧਰ ਸਾਡੀਆਂ 90 ਗੱਡੀਆਂ ਹੋਰ ਅੰਦਰ ਦਾਖਲ ਕੀਤੀਆਂ। ਉੱਧਰ ਸੁਬੇਗ ਸਿੰਘ ਦਾ ਹੁਕਮ ਪਾਉਂਦੇ ਸਾਰ ਹੀ ਤਹਿਖਾਣੇ ਵਿੱਚੋਂ ਕੁਝ ਅੱਤਵਾਦੀ ਉਪਰ ਆਏ ਉਨ੍ਹਾਂ ਵਿੱਚੋ 2 ਚਾਰ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ ਉਸ ਤੋਂ ਅਗਲੇ ਪਲ ਹੀ ਬਹੁਤ ਸ਼ਕਤੀ ਸ਼ਾਲੀ ਧਮਾਕਾ ਹੋਇਆ ਇਸ ਧਮਾਕੇ ਨਾਲ ਬਿਲਡਿੰਗ ਦੇ ਲੈਂਟਰ ਤੱਕ ਹਿੱਲ ਗਏ ਅਤੇ ਸਾਡੇ 155 ਜਵਾਨ ਸ਼ਹੀਦੀ ਪਾ ਗਏ। ਅਸਲ ਵਿੱਚ ਇਸ ਧਮਾਕੇ ਵਿੱਚ ਆਰ ਡੀ ਐਕਸ ਦੀ ਵਰਤੋਂ ਕੀਤੀ ਗਈ। ਜੋ ਕਿ ਬੁਲਟ ਪਰੂਫ ਤਾ ਕਾ ਲੋਹੇ ਨੂੰ ਵੀ ਪਾੜ ਦਿੰਦੀ ਹੈ। ਉਸ ਤੋਂ ਬਾਅਦ ਅੱਤਵਾਦੀ ਆਪਣੇ ਲੱਕ ਦੁਆਲੇ ਆਰ ਡੀ ਐਕਸ ਬੰਨ ਕੇ ਸਾਡੀਆਂ ਦੂਜੀਆਂ ਗੱਡੀਆਂ ਤੋਂ ਉੱਤਰ ਰਹੇ ਜਵਾਨਾਂ ਤੇ ਡਿੱਗਣ ਲੱਗੇ।

ਧਮਾਕੇ ਇਨ੍ਹੇ ਜਬਰਦਸਤ ਸੀ ਕਿ ਸ਼ਹਿਰ ਦੇ 10 ਕਿਲੋ ਮੀਟਰ ਦੇ ਘੇਰੇ ਵਿੱਚ ਸੁਣੇ ਗਏ। ਸਾਡੇ ਜਵਾਨਾਂ ਵਿੱਚ ਘਬਰਾਹਟ ਫੈਲ ਗਈ ਅਤੇ ਪਿੱਛੇ ਭੇਜੇ ਜਵਾਨਾਂ ਵਿੱਚ ਅੱਤਵਾਦੀਆਂ ਨੇ ਆਪਣੇ ਦੁਆਲੇ ਆਰ ਡੀ ਐਕਸ ਬੰਨਣ ਕੇ ਉਪ ਡਿੱਗਣ ਕਰਕੇ 77 ਜਵਾਨ ਹੋਰ ਮਾਰੇ ਗਏ। ਬਾਕੀ ਜਵਾਨ ਗੱਡੀਆਂ ਨੂੰ ਪਿਛਾਹ ਲਿਜਾਕੇ ਸੁੱਰਖਿਅਤ ਹੋਏ ਪਰ ਗੱਡੀਆਂ ਦੇ ਟਾਇਰ ਲੋਹੇ ਦੇ ਹੋਣ ਕਰਕੇ ਉਹ ਬਾਹਰ ਪੌੜੀਆਂ ਨਹੀਂ ਚੜ੍ਹ ਰਹੀਆਂ ਸਨ। ਜੋ ਬਾਅਦ ਵਿੱਚ ਕਿਨੀ ਹੀ ਖਜਲ ਖੁਆਰੀ ਤੋਂ ਬਾਅਦ ਕਿੱਲਾਂ ਵਾਲੇ ਲੋਹੇ ਦੇ ਟੇਰਾਂ ਵਾਲੀਆਂ ਗੱਡੀਆਂ ਅੰਦਰ ਉਤਾਰ ਕੇ ਦੂਜੀਆਂ ਗੱਡੀਆਂ ਨੂੰ ਧੱਕਾ ਲਗਾ ਕੇ ਬਾਹਰ ਕੱਢਿਆ ਗਿਆ।

ਜਦੋਂ ਵੀ ਕੋਈ ਗੱਡੀ ਅੰਦਰ ਜਾਂਦੀ ਸੀ ਤਾ ਲਗਾਤਾਰ ਉਸ ਤੇ ਗੋਲੀਆਂ ਦਾ ਮੀਹ ਪੈਂਦਾ ਰਹਿੰਦਾ ਸਾਡੀਆਂ 48 ਗੱਡੀਆਂ ਬ੍ਰਹਮ ਬੂਟੇ ਅਤੇ ਹੋਟਲ ਟੈਮਪਲ ਵਿਊ ਦੇ ਕੋਲੇ ਖੜੀਆ ਸਨ ਹੁਣ ਤੱਕ ਕੁਲ 3220 ਜਵਾਨ ਮਾਰੇ ਜਾ ਚੁੱਕੇ ਸਨ। ਕੀ ਅੱਜ ਪੜਣ ਵਾਲੇ ਸਰੋਤੇ ਇਸ ਗੱਲ ਦਾ ਜਵਾਬ ਦੇ ਸਕਦੇ ਹਨ ਇਨ੍ਹਾਂ 3220 ਜਵਾਨਾਂ ਦਾ ਕੀ ਕਸੂਰ ਸੀ ਸ਼ਾਮ ਦੇ 3 ਵੱਜ ਗਏ ਸਨ। ਅਸੀ ਜਿੱਤ ਦੇ ਨੇੜੇ ਤਾਂ ਕਿ ਇੱਕ ਗੰਭੀਰ ਉਦਾਸੀ ਵਿੱਚ ਚੱਲੇ ਗਏ ਸੀ।

ਮੈਂ ਬੇਝਿਜਕ ਇਹ ਗੱਲ ਲਿਖਾ ਗਾ ਕਿ ਇੱਕ ਵਾਰੀ ਤਾਂ ਇੰਝ ਲੱਗਦਾ ਸੀ ਬਘਿਆੜ ਨੇ ਸ਼ੇਰ ਦੇ ਮੂੰਹ ਵਿੱਚ ਹੱਥ ਪਾ ਲਿਆ ਸੀ। ਸਾਡੀ ਫੌਜ ਨੂੰ ਵੀ ਪਾਕਿਸਤਾਨ ਦੀ ਏਨੀ ਫੌਜ ਨੂੰ 3 ਜੰਗਾਂ ਵਿੱਚ ਖੂੰਜੇ ਲਾਉਣ ਕਰਕੇ ਬਹੁਤ ਮਾਣ ਸੀ।

ਜਰਨਲ ਵੈਦਿਆ ਜੀ ਨੇ ਕਿਹਾ ਕਿ ਅਗਰ ਸਾਡੀ ਫੌਜ ਇਸੇ ਤਰ੍ਹਾਂ ਮਰਦੀ ਰਹੀ ਤਾਂ ਪਾਕਿਸਤਾਨ ਅਤੇ ਚੀਨ ਦੇ ਸਾਹਮਣੇ ਸਾਡੀ ਬੇਇਜਤੀ ਇਸ ਤਰ੍ਹਾ ਹੋਵੇਗੀ ਜਿਵੇ ਕਿਸੇ ਪਿਉ ਦੀ ਧੀ ਦੀ ਇਜਤ ਉਸ ਦੇ ਨੌਕਰ ਨੇ ਲੁੱਟ ਲਈ ਹੋਵੇ ਇਸ ਤੋਂ ਚੰਗਾ ਹੋਵੇਗਾ ਕਿ ਅਸੀਂ ਫੌਜ ਤੋਂ ਅਸਤੀਫਾ ਦੇ ਕੇ ਹਿਮਾਚਲ ਦੇ ਪਹਾੜਾਂ ਵਿੱਚ ਜਾ ਬੈਠੀਏ। ਹੁਣ ਕਰੋ ਜਾ ਮਰੋ ਪਰ ਸਾਡੇ ਸਾਹਮਣੇ ਇੱਕ ਮਜਬੂਤ ਬਿਲਡਿੰਗ ਸੀ ਅਤੇ ਉਸ ਵਿੱਚ ਬੈਠੇ ਭਿੰਡਰਾਂਵਾਲੇ ਦੇ ਚੇਲੇ ਆਦਮੀ ਨਹੀਂ ਸਨ ਉਹ ਤਾਂ ਇੱਕ ਅਜਿਹੀ ਫੌਜ ਸੀ ਜਿਸ ਨੂੰ ਨਾ ਕੋਈ ਮੌਤ ਦਾ ਡਰ ਸੀ ਨ ਆਪਣੇ ਘਰ ਦਿਆ ਦਾ ਮੋਹ ਸੀ ਨਾ ਕੋਈ ਦੁਨੀਆਂ ਵਿੱਚ ਕਿਸੇ ਚੀਜ ਦੀ ਖਾਹਿਸ਼ ਸੀ ਉਹ ਤਾਂ ਇੱਕ ਦੂਜੇ ਤੋਂ ਪਹਿਲਾ ਮਰਨਾ ਚਾਹੁੰਦੇ ਸੀ। ਉਨ੍ਹਾਂ ਨੂੰ ਇੱਕ ਭਰਮ ਸੀ ਕਿ ਇਸ ਤਰ੍ਹਾਂ ਉਹ 80 ਲੱਖ ਜੂਨਾਂ ਵਿੱਚ ਨਹੀਂ ਪੈਂਦੇ ਅਤੇ ਉਨ੍ਹਾਂ ਦੀ ਕਮਾਨ ਇੱਕ ਤੇਜ ਤਰਾਰ ਅਤੇ ਹੰਢਿਆ ਹੋਇਆ ਸਾਬਕਾ ਅਫਸਰ ਸੁਬੇਗ ਸਿੰਘ ਕਰ ਰਿਹਾ ਸੀ। ਸਾਨੂੰ ਇਹ ਸਮਝ ਨਹੀਂ ਆ ਰਹੀ ਸੀ । ਕਿ ਹੁਣ ਕੀ ਕੀਤਾ ਜਾਵੇ। ਮੇਰੇ ਪੇਟ ਵਿੱਚ ਕੁਝ ਗਲਤ ਖਾਣ ਪੀਣ ਕਰਕੇ ਸਵੇਰੇ ਦੀਆਂ ਟੱਟੀਆਂ ਲੱਗੀਆਂ ਸਨ ਅਤੇ ਮੇਰੇ ਸ਼ਰੀਰ ਵਿੱਚ ਪਾਣੀ ਦੀ ਘਾਟ ਦਾ ਖਤਰਾ ਹੋਣ ਕਰਕੇ ਮੈਂ ਗੁਲੂਕੋਜ਼ ਦੀਆ ਬੋਤਲਾ ਲਗਵਾਈਆਂ ਕਿਉ ਕਿ ਧੂੰਏ ਕਰਕੇ ਵਾਤਾਵਰਣ ਇੰਨ੍ਹਾਂ ਖਰਾਬ ਹੋਗਿਆ ਸੀ।

ਅਖੀਰ ਜਦੋਂ 9 ਜੂਨ ਨੂੰ ਸਵੇਰੇ ਮੈਂ ਸਪੈਸ਼ਲ ਜਹਾਜ਼ ਰਾਹੀ ਚੰਡੀਗੜ੍ਹ ਗਿਆ ਫੇਰ ਪੇਟ ਦੀ ਬਿਮਾਰੀ ਠੀਕ ਹੋਈ। ਤਿੰਨ ਜੂਨ ਸ਼ਾਮ ਨੂੰ ਮੈਂ ਆਪਣੇ ਘਰ ਫੋਨ ਕੀਤਾ। ਮੇਰੀ ਪਤਨੀ ਫੋਨ ਦੇ ਉਪਰ ਹੀ ਦੁੱਖੀ ਹੋ ਰਹੀ ਸੀ।

ਜਦੋਂ ਮੈਂ ਆਪਣੀਆ ਨੇੜੇ ਦੀਆਂ 4 ਰਿਸਤੇਦਾਰੀਆਂ ਵਿੱਚ ਫੋਨ ਕੀਤਾ ਤਾਂ ਸਾਰੇ ਬੇਚੈਨ ਸਨ ਅਤੇ ਮੈਨੂੰ ਆਪਣਾ ਬਚਾਅ ਰੱਖਣ ਵਾਸਤੇ ਅਕਾਲ ਤੱਖਤ ਤੋਂ ਦੂਰ ਰਹਿਣ ਦੀ ਪ੍ਰੇਰਨਾ ਦੇ ਰਹੇ ਸਨ ਮੈਨੂੰ ਭਿੰਡਰਾਂਵਾਲੇ ਤੇ ਇਨ੍ਹਾਂ ਗੁੱਸਾ ਆ ਰਿਹਾ ਸੀ ਕਿ ਇਸ ਨੇ ਆਪਣੇ ਚੇਲਿਆਂ ਨੂੰ ਕੀ ਸਿਖਾਇਆ ਹੈ ਕਿ ਆਤਮ ਸਮਰਪਨ ਕਰਨ ਦਾ ਨਾਮ ਹੀ ਨਹੀਂ ਲੈਂਦੇ ਸਨ। ਕੀ ਉਨ੍ਹਾਂ ਨੂੰ ਆਪਣੇ ਘਰਦਿਆ ਦਾ ਚੇਤਾ ਨਹੀਂ ਆਉਂਦਾ ਸੀ। ਕੀ ਗੁਰਬਾਣੀ ਇਹ ਕਹਿੰਦੀ ਹੈ ਕਿ ਧਰਮ ਹੀ ਸਭ ਕੁਝ ਹੈ ਅਤੇ ਆਪਣੇ ਬੱਚਿਆਂ ਨੂੰ ਭੁੱਲ ਜਾਵੋ ਕੀ ਗੁਰਬਾਣੀ ਨਹੀਂ ਕਹਿੰਦੀ ਕਿ ਆਦਮੀ ਨੂੰ ਆਪਣੇ ਆਪ ਨਹੀਂ ਮਰਨਾ ਚਾਹੀਦਾ।

ਜੇਕਰ ਕੋਈ ਜੁਲਮ ਵੀ ਹੋ ਰਿਹਾ ਹੈ ਤਾਂ ਰੱਬ ਦੇ ਭਾਣੇ ਨੂੰ ਮੰਨੋ ਭਿੰਡਰਾਂਵਾਲਾ ਕਈ ਦਲੀਲਾਂ ਦੇ ਕਿ ਕਹਿੰਦਾ ਹੈ ਕਿ ਪੰਜਾਬ ਨਾਲ ਵਿਤਕਰਾ ਹੋ ਰਿਹਾ ਹੈ। ਉਸ ਨੂੰ ਸ਼ਾਇਦ ਇਸ ਗੱਲ ਦਾ ਪੱਤਾ ਨਹੀਂ ਕਿ ਗੁਰੂ ਅਰਜਨ ਦੇਵ ਜੀ ਜੁਲਮ ਨੂੰ ਰੱਬ ਦਾ ਭਾਣਾ ਮਨ ਕੇ ਤੱਤੀ ਤਵੀ ਤੇ ਬੈਠ ਗਏ ਸਨ। ਕੀ ਸਾਨੂੰ ਗੁਰਬਾਣੀ ਕਹਿੰਦੀ ਹੈ ਕਿ ਤੁਸੀ ਵਧੀਆਂ ਤੋਂ ਵੰਧੀਆਂ ਹਥਿਆਰ ਰੱਖ ਕੇ ਫੌਜ ਬਣਾਓ ਦਸਮੇ ਗੁਰੂ ਜੀ ਨੇ ਸਿੱਖਾਂ ਨੂੰ ਅੰਮ੍ਰਿਤ ਛਕ ਕੇ ਸਿਰਫ ਕਿਰਪਾਨ ਰੱਖਣ ਲਈ ਕਿਹਾ ਸੀ ਨਾ ਕਿ ਪਸਤੋਲ ਤੇ ਬੰਦੂਖਾ ਕੀ ਗੁਰਬਾਣੀ ਇਹ ਕਹਿੰਦੀ ਹੈ ਕਿ ਤੁਸੀ ਧਰਮ ਲਈ ਸ਼ਹੀਦ ਹੋ ਕਿ 84 ਲੱਖ ਜੂਨਾਂ ਤੋਂ ਬਚ ਜਾਵੋਗੇ ਪਰ ਮੇਰਾ ਇਹ ਵਿਚਾਰ ਹੈ ਕਿ 84 ਲੱਖ ਜੂਨ ਤਾਂ ਸਿਰਫ

ਪ੍ਰਮਾਤਮਾ ਦਾ ਸਿਮਰਨ ਕਰਕੇ ਹੀ ਕੱਟੀ ਜਾ ਸਕਦੀ ਹੈ।

ਗੁਰਬਾਣੀ ਸਾਨੂੰ ਦੱਸਦੀ ਹੈ ਜੋ ਵੀ ਕੁਝ ਹੋ ਰਿਹਾ ਹੈ ਉਹ ਰੱਬ ਆਪ ਕਰਦਾ ਹੈ ਸੋ ਸਾਨੂੰ ਅਪਾਣੇ ਘਰ ਬੈਠ ਕੇ ਰੱਬ ਦਾ ਨਾਮ ਜੱਪਣਾ ਚਾਹੀਦਾ ਹੈ। ਪਰ ਭਿੰਡਰਾਂਵਾਲੇ ਨੇ ਮੁਸਲਮਾਨਾਂ ਵਾਂਗ ਆਪਣੇ ਪੈਰੋਕਾਰਾਂ ਵਿੱਚ ਇੰਨੀ ਧਰਮ ਦੀ ਕਟੜਤਾ ਭਰ ਦਿੱਤੀ ਸੀ ਕਿ ਉਹ ਸਾਡੇ ਜਵਾਨਾਂ ਦੇ ਆਹੂ ਲਾਹ ਰਹੇ ਸਨ।

ਹੁਣ ਆਪਾਂ ਗੱਲ ਦਾ ਰੁੱਖ ਹਮਲੇ ਵੱਲ ਕਰੀਏ ਅਸੀਂ ਸਾਰਾ ਕੁਝ ਰਾਤ ਦੇ 8 ਵੱਜੇ ਤੱਕ ਮੁਲਤਵੀ ਕਰ ਦਿੱਤਾ ਅਤੇ ਕਈ ਮੀਟਿੰਗਾਂ ਕੀਤੀਆ ਅਖੀਰ ਇਹ ਫੈਸਲਾ ਕੀਤਾ ਗਿਆ ਕਿ 100 ਜਵਾਨ ਸਿੱਖ ਪਲਟਨ ਦੇ ਸਮਝੌਤੇ ਲਈ ਭੇਜੇ ਜਾਣ ਕੁਝ ਜਵਾਨ ਭਿੰਡਰਾਂਵਾਲੇ ਨੂੰ ਸਮਝਾਉਣ ਲਈ ਹੋਣਗੇ ਬਾਕੀ ਜਵਾਨ ਨੇ ਭਿੰਡਰਾਂਵਾਲੇ ਦੇ ਪ੍ਰੋਰੋਕਾਰਾਂ ਨੂੰ ਕਈ ਵੱਡੇ ਲਾਲਚ ਦੇ ਕੇ ਬਾਗੀ ਹੋਣ ਲਈ ਸਮਝਾਉਣਗੇ ਸੋ ਲਾਉਡ ਸਪੀਕਰ ਰਾਹੀ ਭਿੰਡਰਾਂਵਾਲੇ ਤੋਂ ਇਜਾਜਤ ਮੰਗੀ ਗਈ। ਉਸ ਨੇ ਹਰੀ ਝੰਡੀ ਦੇ ਦਿੱਤੀ। ਇੱਥੇ ਸਭ ਤੋਂ ਵੱਡੀ ਇਹ ਪ੍ਰੇਸ਼ਾਨੀ ਆਈ ਕਿ ਅੰਦਰ ਜਾਣ ਨੂੰ ਕੋਈ ਤਿਆਰ ਨਹੀਂ ਹੋ ਰਿਹਾ ਸੀ। ਅਖੀਰ ਸਾਨੂੰ ਪੁਲਿਸ ਦੇ ਮੁਖਬਰ ਜੋ ਕੇਸ ਦਾੜੀ ਰੱਖਦੇ ਸਨ ਅੰਦਰ ਜਾਣ ਲਈ ਤਿਆਰ ਕੀਤੇ ਉਹ 7:00 ਵਜੇ ਅੰਦਰ ਭੇਜੇ ਗਏ ਅਤੇ 1 ਘੰਟਾ ਅੰਦਰ ਰਹੇ ਸਾਨੂੰ ਕਾਫੀ ਆਸ ਹੋ ਗਈ ਕਿ ਸ਼ਾਇਦ ਅਸੀ ਮਾੜੀ ਮੋਟੀ ਕਾਮਯਾਬੀ ਦੇਖ ਸਕਾਗੇ ਪਰ ਅਫਸੋਸ ਭਿੰਡਰਾਂਵਾਲੇ ਨੇ ਸਿਰਫ ਉਨ੍ਹਾਂ ਨੂੰ ਦੁਰਕਾਰਾਂ ਪਾਕੇ ਵਾਪਸ ਭੇਜਿਆ। ਪਰ ਉਹ ਵਿੱਚ ਬੈਠੇ ਅਖੰਡ ਕੀਰਤਨੀਆਂ ਦੇ ਅਤਵਾਦੀਆਂ ਨੇ ਉਨ੍ਹਾਂ ਸਾਰਿਆਂ ਨੂੰ ਅਲਫ ਨੰਗਾ ਕਰਵਾ ਕੇ ਜਰਨੇਟਰਾਂ ਵਿਚੋ ਕਾਲਾ ਮੁਗਲੈਲ ਕੱਢ ਕੇ ਉਨ੍ਹਾਂ ਦੇ ਮੂੰਹਾਂ ਅਤੇ ਸਾਰੇ ਸਰੀਰ ਤੇ ਉਨ੍ਹਾਂ ਨੂੰ ਆਪ ਲਾਉਣ ਨੂੰ ਹੁਕਮ ਦੇ ਦਿੱਤਾ ਅਤੇ ਬਿਜਲੀ ਫਿਟਿੰਗ ਵਾਲੀਆਂ ਤਾਰਾਂ ਨਾਲ ਪਿਛੇ ਦੋਨੇ ਹੱਥ ਬੰਨ ਕੇ ਲਾਈਨ ਵਾਰ ਬਾਹਰ ਤੋਰ ਦਿੱਤੇ।

ਉਹ ਰਾਤ ਦੇ ਟਾਈਮ ਵਿੱਚ ਕਬਰਸਤਾਨ ਵਿੱਚ ਭੂਤ ਫਿਰਦਿਆਂ ਦੇ ਸਮਾਨ ਪ੍ਰਤੀਤ ਹੁੰਦੇ ਸਨ। ਕਈ ਦਿਨ੍ਹਾਂ ਵਿੱਚ ਸਾਡੀ ਫੌਜ ਦੇ ਦਿਮਾਗ ਵਿੱਚ ਪਈ ਉਦਾਸੀ ਇੱਕ ਹਾਸੇ ਵਿੱਚ ਬਦਲ ਗਈ। ਉਹ ਸਾਰੇ ਦੁੱਖੀ ਹੋਏ ਸ਼ਰਮ ਨਾਲ ਆਪਣਾ ਮੂੰਹ ਸਿਰ ਲੁਕਾਉਣ ਦਾ ਯਤਨ ਕਦੇ ਸਨ। ਉਨ੍ਹਾਂ ਨੂੰ ਤਰੰਤ ਗੱਡੀਆਂ ਵਿੱਚ ਲੱਦ ਕੇ ਸਹੀ ਥਾਂ ਤੇ ਲਿਜਾਇਆ ਗਿਆ।

ਸੋ ਹੁਣ ਅਗਲੀ ਕਾਰਵਾਈ ਇਹ ਸੀ। ਕਿ ਫੌਜ ਦੇ ਹੈਲੀਕਾਪਟਰਾਂ ਨਾਲ ਤਿਰਛੀ ਗੋਲੀ ਚਲਾਈ ਜਾਵੇ। ਤਾਂ ਜੋ ਭਿੰਡਰਾਂਵਾਲੇ ਦੇ ਨਾਲ ਆਦਮੀਆਂਨੂੰ ਪਤਾ ਹੀ ਨਾ ਲੱਗੇ ਕਿ ਗੋਲੀਆਂ ਕਿਧਰੋ ਆ ਰਹੀਆਂ ਹਨ। ਇੱਕ ਜਹਾਜ ਰਾਹੀ ਉਪਰੋ ਵਿਡਿਓ ਰਿਕਾਡਿੰਗ ਕੀਤੀ ਜਾਵੇ। ਜਿਸ ਕੈਮਰਿਆਂ ਨਾਲ ਰਾਤ ਨੂੰ ਦੁਨੀਆਂ ਨੂੰ ਕੈਚ ਕੀਤਾ ਜਾ ਸਕਦਾ ਹੈ। ਤਾਂ ਜੋ ਇਹ ਪਤਾ ਲੱਗ ਸਕੇਕਿ ਸੁਬੇਗ ਸਿੰਘ ਨੇ ਕਿਹੜੀ ਕਿਹੜੀ ਜਗ੍ਹਾ ਤੇ ਖੁਫੀਆਂ ਮੋਰਚੇ ਬਣਾਏ ਹਨ। ਤੇ ਜੇ ਹੋ ਸਕੇ ਤਾਂ ਉਨ੍ਹਾਂ ਮੋਰਚਿਆਂ ਨੂੰ ਛੋਟੇ ਬੰਬਾਂ ਰਾਹੀ ਤਬਾਹ ਕੀਤਾ ਜਾਵੇ। ਉਸ ਤੋਂ ਬਾਅਦ ਉਪੱਰ ਹੈਲੀਕਾਪਟਰਾਂ ਨੂੰ ਇੱਕ ਸਕਿਉਰਟੀ ਵਰਤ ਕੇ ਫੌਜ ਨੂੰ ਫੇਰ ਦੁਬਾਰਾ ਹਰਿਮੰਦਰ ਸਾਹਿਬ ਉਤਾਰਿਆ

ਜਾਵੇ। ਅਜੇ ਇਹ ਵਿਚਾਰਾਂ ਚੱਲ ਰਹੀਆਂ ਸਨ। ਜਨਰਲ ਵੈਦਿਆ ਜੀ ਵਲੋਂ ਦਿੱਲੀ ਦੀਤੀ ਗੱਲਬਾਤ ਤੋਂ ਬਾਅਦ ਇੱਕ ਹਰ ਫੈਸਲਾ ਆ ਗਿਆ।

ਇੱਕ ਬਖਤਰਬੰਦ ਗੱਡੀਆਂ ਜੋ ਰਸ਼ੀਆਂ ਦੀਆ ਬਣੀਆਂ ਹੋਈਆ ਸਨ ਅਤੇ 27 ਇੰਚ ਮੋਟਾ ਲੋਹਾ ਚਾਰੇ ਪਾਸੇ ਕੱਛੂ ਦੀ ਤਰਾਂ ਉਸ ਦੇ ਓਪਰ ਲਪੇਟਿਆ ਹੋਇਆ ਸੀ ਉਸ ਵਿਚ ਛੋਟੀ ਤੋਪ 3:7 ਇੰਚ ਦੀ ਹਾਊਵਿਟਜਨ ਦੀ ਫਿੱਟ ਕੀਤੀ ਹੋਈ ਸੀ। ਉਸ ਨੂੰ ਪਹਿਲਾ ਅਕਾਲ ਤਖਤ ਫੇਰ ਦੂਜੇ ਪਾਸੇ ਦੀ ਬਿਲਡਿੰਗ ਦੀਆ ਖਿੜਕੀਆਂ ਨੂੰ ਨਿਸ਼ਾਨਾ ਬਣਾਉਣਾ ਸੀ। ਇਸ ਤੋਪ ਨਾਲ ਛੋਟੇ ਧਮਾਕੇ ਕੀਤੇ ਜਾ ਸਕਦੇ ਸਨ। ਇਹ ਕਿਸੇ ਬਿਲਡਿੰਗ ਨੂੰ ਢਾਹ ਨਹੀਂ ਸਕਦੀਆਂ ਸੀ। ਸੋ ਇਸੇ ਵਿਚਾਰ ਅਧੀਨ ਇਹ ਸਲਾਹ ਸਭ ਨੇ ਮਨਜ਼ੂਰ ਕੀਤੀ। ਤਾਂ ਜੋ ਕਿਸੇ ਬਿਲਡਿੰਗ ਦਾ ਨੁਕਸਾਨ ਕੀਤੇ ਬਗੈਰ ਅੱਤਵਾਦੀਆਂ ਨੂੰ ਠੱਲ ਪਾਈ ਜਾ ਸਕੇ। ਕੁਝ ਘੰਟਿਆਂ ਵਿੱਚ ਹੀ ਇਹ ਗੱਡੀਆਂ ਜ਼ਹਾਜ ਰਾਹੀ ਅੰਮ੍ਰਿਤਸਾਰ ਆ ਗਈਆ।

4 ਜੂਨ

4 ਜੂਨ ਨੂੰ ਸਵੇਰੇ ਇੱਕ ਵਜੇ 6 ਗੱਡੀਆਂ ਵਿਹੜੇ ਵਿੱਚ ਭੇਜੀਆ ਗਈਆਂ। ਇਹ ਗੱਡੀਆਂ ਅਜੇ ਆਪਣੇ ਸ਼ਿਕਾਰ ਵੱਲ ਨਿਸ਼ਾਨਾਂ ਸਾਧ ਹੀ ਰਹੀਆਂ ਸਨ ਕਿ ਅਚਾਨਕ ਚੀਨ ਦਾ ਬਣਿਆ ਰਾਕਟ ਲਾਂਚਰ ਜਿਸ ਦਾ ਵਜਨ 58 ਕਿਲੋ ਹੁੰਦਾ ਹੈ ਜਿਸ ਦੀ ਸਮੱਰਥਾ 90 ਟਨ ਭਾਰੇ ਟੈਂਕ ਨੂੰ ਹਵਾ ਵਿੱਚ 21 ਫੁੱਟ ਚੁੱਕ ਕੇ ਮੁਧਾ ਮਾਰ ਦਿੰਦਾ ਹੈ। ਪਹਿਲੀ ਗਡੀ ਦੇ ਡਰਾਈਵਰ ਵਾਲੀ ਸੀਟ ਦੇ ਥੱਲੇ ਪਾਸੇ ਲਗਾ ਇਹ ਰਾਕੇਟ ਵੀ ਤਹਿਖਣੇ ਵਲੋਂ ਸਾਧਿਆ ਗਿਆ। ਗੱਡੀ ਨੂੰ ਰੂੰ ਵਾਂਗ ਉਡਦੀ ਹੋਈ ਸਰੋਵਰ ਦੇ ਕਿਨਾਰੇ ਤੋਂ 61 ਫੁੱਟ ਅੱਗੇ ਪਾਣੀ ਵਿੱਚ ਜਾ ਡਿੱਗੀ। ਇਸ ਤੋਂ ਪਹਿਲਾ ਦੂਸਰੀਆਂ ਗੱਡੀਆਂ ਇੱਧਰ ਉੱਪਰ ਪਹੁੰਚਦੀਆਂ ਸਾਡੀਆਂ ਚਾਰ ਗੱਡੀਆਂ ਰਾਕਟ ਲੱਗਣ ਕਰਕੇ ਸਰੋਵਰ ਵਿੱਚ ਜਾ ਡਿਗੀਆਂ ਅਤੇ ਡੁਬ ਗਈਆ। ਸਾਡੀਆ ਦੂਸਰੀਆਂ ਦੋਨੇ ਗੱਡੀਆਂ ਦੇ ਡਰਾਈਵਰ ਅਤੇ ਜਵਾਨ ਘਬਰਾ ਗਏ। ਉਹ ਟੁਟੀ ਪਤੰਗ ਵਾਂਗ ਇਧਰ ਉਧਰ ਭੱਜਣ ਲੱਗੇ। ਅਸਲ ਵਿੱਚ ਅੱਤਵਾਦੀਆਂ ਕੋਲ ਸਿਰਫ਼ 5 ਹੀ ਰਾਕਟ ਲਾਚਰ ਸਨ।

ਜੋ ਕਿ ਸੁਬੇਘ ਸਿੰਘ ਨੇ ਇੱਕ ਦੂਰ ਦੀ ਸੋਚ ਕੇ ਟੈਂਕਾਂ ਦੇ ਹਮਲੇ ਤੋਂ ਡਰਦੇ ਹੋਏ ਰੱਖੇ ਸਨ। ਅਜੇ ਸਾਡੇ ਜਵਾਨ ਇੱਕ ਬੱਕਰੀ ਦੇ ਲੇਲੇ ਵਾਂਗ ਆਪਣੀ ਜਾਨ ਬਚਾਉਣ ਲਈ ਰਾਹ ਲੱਭ ਰਹੇ ਸਨ। ਜਿਸ ਜਗ੍ਹਾਂ ਬੇਰੀ ਦੀ ਦਰਖਤ ਹੈ ਉਸ ਤੋਂ 150 ਕੁ ਫੁੱਟ ਤੇ ਆਰ. ਡੀ. ਐਕਸ. ਨਾਲ ਬਣੇ ਆਤਮਘਾਤੀ ਅੱਤਵਾਦੀ ਇੰਨ੍ਹਾਂ ਨਾਲ ਟਕਰਾਏ। ਉਹ ਗੱਡੀਆਂ ਨੂੰ ਪੂਰੀ ਤਰ੍ਹਾਂ ਤਬਾਹ ਤਾਂ ਨਾ ਕਰਸਕੇ ਪਰ ਗੱਡੀਆਂ ਚੱਲਣ ਤੋਂ ਨਕਾਰਾਂ ਹੋ ਗਈਆਂ ਜਦੋਂ ਧਮਾਕਾ ਹੋਇਆ ਤਾਂ ਤਾਪਮਾਨ ਵੱਧਣ ਕਰਕੇ ਗੱਡੀਆਂ ਦੇ ਅੰਦਰ ਰੱਖੇ ਛੋਟੇ ਗੋਲਿਆ ਦਾ ਬਾਰੂਦ ਫੱਟ ਗਿਆ ਅਤੇ ਗੱਡੀਆਂ ਵਿਚਲੇ ਸਾਰੇ ਜਵਾਨ ਮਾਰੇ ਗਏ। ਦੂਸਰੀ ਗੱਡੀ ਵਿੱਚ ਕੁਝ ਜਵਾਨ ਹੱਥ ਖੜ੍ਹੇ ਕਰਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਉਹ ਪਹਿਲਾ ਹ ਗੋਲੀਆਂ ਨਾਲ ਭੁੰਨ ਦਿੱਤੇ।

ਜਦੋਂ ਇਹ ਦੁਖਦਾਈ ਖਬਰ ਸਾਡੇ ਕੋਲ ਪਹੁੰਚੀ ਤਾਂ ਜਰਨਲ ਵੈਦਿਆ ਜੀ ਨੇ

ਕਿਹਾ ਹੁਣ ਗੋਰਮਿੰਟ ਨੂੰ ਇੱਕ ਐਟਮ ਬੰਬ ਅੰਮ੍ਰਿਤਸਰ ਪਰਖ ਕੇ ਦੇਖਣਾ ਚਾਹਿਦਾ ਹੈ। ਪਿਛਲੇ ਕਈ ਦਿਨ੍ਹਾਂ ਦੇ ਉਨੀਦਰੇ ਨਾਲ ਦਿਮਾਗ ਅੱਧਾ ਕਮਲਾ ਹੋਇਆ ਫਿਰਦਾ ਸੀ। ਇਸ ਘਟਨਾ ਵਿੱਚ ਸਾਡੇ 59 ਜਵਾਨ ਸ਼ਹੀਦੀਆ ਪਾ ਗਏ ਉਸ ਟਾਈਮ ਬਿਨ੍ਹਾਂ ਦੇਰੀ ਕੀਤੀਆਂ 7 ਜ਼ਹਾਜ ਅੰਮ੍ਰਿਤਸਰ ਦੇ ਅਸਮਾਨ ਵਿੱਚ ਨੱਚਣ ਲੱਗੇ। ਇਹ ਵੱਡੀਆਂ ਮਸ਼ੀਨਗੰਨਾਂ ਨਾਲ ਲੈਸ ਮੋਤ ਮੋਤ ਕੂਕਣ ਗੱਲੇ 6 ਜਹਾਜਾਂ ਰਾਹੀ ਫਾਇਰਿੰਗ ਅਤੇ ਇੱਕ ਜਹਾਜ ਰਾਹੀ ਗੁੱਪਤ ਮੋਰਚੇ ਦੇਖਣੇ ਸੀ ਅਤੇ ਦੂਸਰੇ ਜਹਾਜਾਂ ਨੂੰ ਸੇਧ ਦੇਣੀ ਸੀ। ਇਨ੍ਹਾਂ ਜਹਾਜਾਂ ਨੇ ਸਵੇਰੇ 2:30 ਵਜੇ ਆਪਣਾ ਕੰਮ ਸ਼ੁਰੂ ਕੀਤਾ। ਸਭ ਅੱਤਵਾਦੀ ਉੱਪਰੋ ਮੋਰਚੇ ਛੱਡ ਕੇ ਥੱਲੇ ਜਾ ਲੁਕੇ ਉਨ੍ਹਾਂ ਨੂੰ ਹਨੇਰੇ ਵਿੱਚ ਪੂਰੀ ਤਰ੍ਹਾਂ ਪਤਾ ਨਾ ਲੱਗ ਸਕਿਆ ਕਿ ਫੌਜ ਕੀ ਭਾਣਾ ਵਰਤਾ ਰਹੀ ਹੈ। ਅੱਧੇ ਘੰਟੇ ਵਿੱਚ ਸਭ ਅੱਤਵਾਦੀ ਖੁਲੀਆਂ ਥਾਵਾਂ ਤੋਂ ਅੰਦਰ ਲੁਕਾ ਦਿਤੇ ਗਏ। ਸਾਨੂੰ ਵੀਡਿਓ ਰਿਕਾਡਿੰਗ ਵਾਲੇ ਜਹਾਜ ਰਾਹੀ ਕਈ ਟਿੱਕਾਣੇ ਪਤਾ ਲੱਗੇ।ਪਰ ਪੂਰੀ ਕਾਮਯਾਬੀ ਨਹੀਂ ਕਹੀ ਜਾ ਸਕਦੀ ਅਤੇ 3:30ਵਜੇ ਅਸੀ 4623 ਜਵਾਨ ਲਾਇਬ੍ਰੇਰੀ, ਅਕਾਲ ਤਖਤ, ਬ੍ਰਹਮ ਬੂਟਾ ਅਖਾੜਾ , ਹੋਟਲ ਟੈਮਪਲ ਵਿਊ ਅਤੇ ਦੀਵਾਨ ਮੰਜੀ ਸਾਹਿਬ ਦੀਆਂ ਛੱਤਾਂ ਤੇ ਉਤਾਰ ਦਿਤੇ ਅਤੇ ਉਪਰਲੇ ਜਹਾਜਾਂ ਰਾਹੀ ਖਾਸ ਮੋਰਚਿਆਂ ਅਤੇ ਬਿਲਡਿੰਗਾਂ ਵਿੱਚ ਉੱਪਰ ਨੂੰ ਆਉਂਦੀਆਂ ਪਾਉੜੀਆਂ ਦੇ ਦੁਆਰਾ ਤੇ ਲਗਾਤਾਰ ਫਾਇਰਿੰਗ ਜਾਰੀ ਰੱਖੀ ਤਾਂ ਜੋ ਉਪਰੋਂ ਉਤਰ ਰਹੀ ਫੌਜ ਨੂੰ ਕੋਈ ਨਿਸ਼ਾਨਾ ਨਾ ਬਣਾ ਸਕੇ।

ਦੂਸਰਾ ਪਹਿਲਾ ਵਾਂਗ ਹੇਠੋ ਅੱਤਵਾਦੀ ਨਿਕਲ ਕੇ ਉਪਰਲੀਆਂ ਛੱਤਾਂ ਤੇ ਆਏ ਜਵਾਨਾਂ ਨੂੰ ਸ਼ਹੀਦ ਨਾ ਕਰਦੇਣ। ਇਹ ਸਾਰੀ ਕਾਰਵਾਈ ਹਨੇਰੇ ਵਿੱਚ ਦੇਖਣ ਵਾਲੀਆਂ ਦੂਰਬੀਨਾਂ ਰਾਹੀ ਕੀਤੀ ਜਾ ਰਹੀ ਸੀ ਇਸ ਤੋਂ ਅਗਲੀ ਕਾਰਵਾਈ ਸਾਰੀਆਂ ਬਿਲਡਿੰਗਾਂ ਨੂੰ ਉਪਰ ਤੋਂ ਸਫਾਈ ਕਰਨ ਦੀ ਸੀ । ਜਿਵੇ ਜਿਵੇ ਅੱਤਵਾਦੀ ਮਰਦੇ ਜਾਣਗੇ। ਉਸ ਤਰ੍ਹਾਂ ਫੌਜ ਕਬਜਾ ਕਰਦੀ ਜਾਵੇਗੀ। ਇਧਰ ਸਾਰੇ ਅੱਤਵਾਦੀ ਮੋਰਚੇ ਛੱਡ ਕੇ ਅੰਦਰ ਲੁਕੇ ਹੋਏ ਸਨ। ਦੀਵਾਨ ਮੰਜੀ ਸਾਹਿਬ, ਲਾਇਬ੍ਰੇਰੀ, ਬ੍ਰਹਮ ਬੂਟਾ ਅਖਾੜਾ, ਆਟਾ ਮੰਡੀ, ਅਕਾਲ ਤਖਤ, ਬਾਬਾ ਅਟੱਲ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਗੁਰੂ ਰਾਮ ਦਾਸ ਸਰ੍ਹਾਂ ਆਦਿ ਸਭ ਤੇ 4623 ਜਵਾਨ, ਚੌੜੀਆਂ ਛਾਤੀਆਂ ਵਾਲੇ ਮੋਤ ਦੀਆਂ ਭਰੀਆਂ ਗੰਨਾਂ ਚੁੱਕੀ ਮੰਨੋ ਅੰਮ੍ਰਿਤਸਰ ਤੇ ਅੱਗ ਦੇ ਗੋਲੇ ਫਿਰ ਰਹੇ ਸਨ। ਜਿਨ੍ਹਾਂ ਨੂੰ ਆਪਣੇ ਪੁਰਾਣੇ ਸਾਥੀਆਂ ਦਾ ਬਦਲਾ ਲੈਣ ਲਈ ਪੂਰੇ ਗੁੱਸੇ ਨਾਲ ਭਰੇ ਪਏ ਸਨ।

ਉਧਰੋਂ ਲਗਾਤਾਰ ਹੋ ਰਹੀ ਫਾਈਰਿੰਗ ਸਮੂਹ ਅੱਤਵਾਦੀਆਂ ਨੂੰ ਫੌਜ ਦਾ ਕੋਈ ਵੀ ਕਾਰਨਾਮਾ ਦੇਖਣ ਨਹੀਂ ਦੇ ਰਹੀ ਸੀ। ਇਸੇ ਦੋਰਾਨ ਅਕਾਲ ਤਖਤ ਨਾਲ ਦੀ ਬਿਲਡਿੰਗ ਵਿੱਚੋਂ 5 ਅੱਤਵਾਦੀ ਛੇਤੀ ਨਾਲ ਉੱਪਰ ਨੂੰ ਆਏ। ਪਰ ਗੋਰਖਾ ਰੈਜੀਮੈਂਟ ਦੀਆਂ ਗੋਲੀਆਂ ਨਾਲ ਥਾਏ ਮਾਰੇ ਗਏ। ਇਸੇ ਤਰ੍ਹਾਂ ਬ੍ਰਹਮ ਬੂਟੇ ਦੇ ਅਖਾੜੇ ਕੋਲੋ 17 ਅੱਤਵਾਦੀ ਫੌਜ ਦੀ ਤਰ੍ਹਾਂ ਕੰਘਾ ਕਾਰਵਾਈ ਤਰ੍ਹਾਂ ਬਾਹਰ ਨਿਕਲੇ।

ਪਰ ਜਹਾਜ ਦੀਆਂ ਗੋਲੀਆਂ ਨਾਲ ਭੁੰਨੇ ਗਏ। ਇਸੇ ਤਰ੍ਹਾਂ ਜਿੱਥੇ ਬੇਰੀ ਦਾ ਦੱਰਖਤ ਹੈ। ਉਥੇ ਵੀ ਅੱਤਵਾਦੀਆਂ ਨੇ ਬਾਹਰ ਨਿਕਲ ਕੇ ਅਕਾਲ ਤਖਤ ਦੀ ਛੱਤ ਦੇ

ਉੱਪਰ ਫੌਜ ਤੇ ਗੋਲੀ ਚਲਾਈ। ਪਰ ਇਸ ਤੋਂ ਪਹਿਲਾ ਅੱਤਵਾਦੀ ਰੱਬ ਨੂੰ ਪਿਆਰੇ ਹੋ ਗਏ। ਸਿਰਫ 45 ਮਿੰਟ ਵਿੱਚ 61 ਅੱਤਵਾਦੀ ਮਾਰੇ ਗਏ। ਅਜੇ ਫੌਜ ਨੇ ਆਪਣਾ ਅਗਲਾਕਰਮ ਚੁਕਣਾ ਸੀ। ਕਿ ਇਸੇ ਦੌਰਾਨ ਸਾਡੀ ਮਾੜੀ ਕਿਸਮਤ ਸਦਕਾ ਬਿਲਡਿੰਗਾਂ ਦੇ ਉਪਰ ਸਾਡੀ ਫੌਜ ਤੇ ਭਾਰੀ ਮਸ਼ੀਨਗੰਨਾਂ ਦੀਆਂ ਗੋਲੀਆਂ ਲੱਗਣੀਆਂ ਸ਼ੁਰੂ ਹੋਈਆ।

ਸਾਡੇ ਜਹਾਜ 1 ਮਿੰਟ ਵਿੱਚ 15000 ਗੋਲੀਆਂ ਦੇ ਹਿਸਾਬ ਨਾਲ ਸਮੂਹ ਖਿੜਕੀਆਂ, ਮੋਰਚਿਆਂ ਤੇ ਲਗਾਤਾਰ ਗੋਲੀ ਚਲਾ ਰਹੇ ਸਨ। ਇਸ ਦੌਰਾਨ ਸਾਨੂੰ ਸ਼ੱਕ ਹੋਇਆ ਕਿ ਜਵਾਨ ਆਪਣਾ ਰਾਹ ਖੁੰਝ ਕੇ ਗਲਤ ਗੋਲੀ ਚਲਾ ਰਿਹਾ ਹੈਪ ਉਸੇ ਦੌਰਾਨ ਤਰੰਤ ਗੋਲੀ ਰੋਕੀ ਗਈ।

ਪਰ ਅਕਾਲ ਤੱਖਤ ਨਾਲ ਲੱਗਦੀਆਂ ਬਿਲਡਿੰਗ ਦੇ ਜਵਾਨ ਲੱਗਾਤਾਰ ਤੜਫ ਤੜਫ ਕੇ ਮਰਨ ਲੱਗੇ। ਸਿਰਫ਼ 35 ਮਿੰਟ ਚੱਲੀ ਗੋਲੀ ਨੇ ਸਾਡੇ 2773 ਜਵਾਨ ਸ਼ਹੀਦ ਕਰ ਦਿਤੇ ਅਤੇ 900 ਤੋਂ ਵਧੇਰੇ ਜਖਮੀ ਹੋਏ ਅਤੇ ਜਿਹੜੇ ਨਾਨਕ ਨਿਵਾਸ ਅਤੇ ਗੁਰੂਦਾਸ ਸਰ੍ਹਾਂ ਦੀਆਂ ਬਿਲਡਿੰਗ ਤੇ ਸਨ ਉਨ੍ਹਾਂ ਨੂੰ ਆਪਣੇ ਰਇਹ ਛੱਡਣੇ ਪਏ। ਸਾਨੂੰ ਕੋਈ ਸਮਝ ਨਹੀਂ ਆ ਰਹੀ ਸੀ ਕਿ ਸਿਰਫ਼ ਸੈਂਕੜਿਆਂ ਦੀ ਗਿਣਤੀ ਦੇ ਅੱਤਵਾਦੀ ਸਾਡੇ ਤੇ ਕਿਉ ਭਾਰੂ ਪੈ ਰਹੇ ਹਨ।

ਜੇਕਰ ਇਹੋ ਜਿਹੇ ਪਾਕਿਸਤਾਨ ਦੀ ਫੌਜ ਵਿੱਚ ਹੋਣ ਤਾਂ ਸ਼ਾਮ ਤੱਕ ਸਾਰੇ ਹਿੰਦੋਸਤਾਨ ਤੇ ਕਬਜਾ ਕਰ ਜਾਣ। ਅਸਲ ਵਿੱਚ ਭਿੰਡਰਾਂਵਾਲੇ ਦੀਆਂ ਬਰੂਦ ਨਾਲ ਭਰੀਆਂ ਤਕਰੀਰਾਂ ਨੇ ਸਮੂਹ ਅੱਤਵਾਦੀਆਂ ਦੇ ਦਿੱਲਾਂ ਵਿੱਚ ਮੌਤ ਦਾ ਖੌਫ ਬਾਹਰ ਕੱਢ ਦਿਤਾ ਸੀ ਅਤੇ ਜਦੋ ਮੌਤ ਦਾ ਖੌਫ ਮਨ ਵਿੱਚੋਂ ਬਾਹਰ ਨਿੱਕਲ ਜਾਵੇ ਅਤੇ ਚੰਗਾ ਜਰਨਲ ਮਿਲਜਾਵੇ ਫੇਰ ਉਸ ਦਾ ਸਮੂਹ ਤੇ ਜਿੱਤ ਕਰਨੀ ਨਾ ਮੁਮਕਿਨ ਜੋ ਜਾਂਦੀ ਹੈ। ਹੁਣ ਸਾਨੂੰ ਸਿਰਫ ਦੋ ਗੱਲਾਂ ਹੀ ਸੁਝ ਰਹੀਆਂ ਸਨ। ਜਾਂ ਤਾ ਗੋਬਿੰਦ ਸਿੰਘ ਦੇ ਸਮੇਂ ਅਨੁਸਾਰ ਮੁਗਲ ਫੌਜਾਂ ਵਾਂਗ ਅੰਮ੍ਰਿਤਸਰ ਨੂੰ ਘੇਰਾ ਪਾ ਕੇ ਬੈਠੇ ਰਹੀਏ ਜਾਂ ਟੈਂਕਾਂ ਨਾਲ ਹਮਲਾ ਕੀਤਾ ਜਾਵੇ ਕਿਉ ਕਿ ਜਿੱਥੇ ਸਾਡੇ ਹੁਣ ਤੱਕ 6052 ਜਵਾਨ ਮਾਰੇ ਜਾ ਚੁੱਕੇ ਸਨ। ਕੀ ਉਥੇ ਹੋਰ ਫੋਜ ਭੇਜ ਕੇ ਮੂਰਖਤਾ ਦਾ ਪ੍ਰਗਟਾਵਾ ਕਰਨਾ ਸੀ । ਜਿਹੜੇ ਸਾਡੇ 4 ਜੂਨ ਨੂੰ ਸਵੇਰੇ 2773 ਜਵਾਨ ਬਿੱਲਡਿੰਗਾਂ ਦੀਆਂ ਛੱਤਾਂ ਦੇ ਉਪਰ ਸ਼ਹੀਦ ਹੋਏ ਉਹ ਜਦੋਂ ਰਸ਼ੀਆਂ ਦੇ ਗੋਲੀ ਦੀਸ਼ਾਂ ਦੇਖਣਾ ਵਾਲੇ ਸ਼ਕਤੀਸ਼ਾਲੀ ਲੇਜਰ ਰਾਹੀ ਦੇਖਿਆ ਗਿਆ ਤਾਂ ਪਤਾ ਲੱਗਾ ਕਿ 150 ਸਾਲ ਪੁਰਣੇ ਬਣੇ ਬੁਗਿਆ ਤੋਂ ਗੋਲੀਆਂ ਚਲਾਈ ਗਈ । ਇਸ ਬੁੰਗੇ ਸਭ ਤੋਂ ਉਚੇ ਸਨ। ਇੰਨ੍ਹਾਂ ਦੇ ਚੋ ਪਾਸੇ ਅਕਾਲ ਤਖਤ ਦੀਆਂ ਸੱਭ ਤੋਂ ਉਪਰਲੀਆ ਬਿਲਡਿੰਗਾਂ ਤੇ ਗੋਲੀ ਚਾਲਈ ਜਾ ਸਕਦੀ ਸੀ ਰਸ਼ੀਆਂ ਦੀ ਬਣੀ ਲੇਜਰਾਂ ਤੋਂ ਪਤਾ ਲੱਗਾ ਕਿ ਇਹ ਗੋਲੀਆਂ ਭਾਰੀ ਮਸ਼ੀਨਗੱਨਾਂ ਨਾਲ ਦਾਗੀਆਂ ਗਈਆਂ।

ਅਸੀਂ ਐਮਰਜੈਂਸੀ ਹਾਰਨ ਵਜਾ ਕੇ ਸਾਰੀ ਫੌਜ ਨੂੰ ਬਾਹਰ ਕੱਢਿਆ ਜਖਮੀ ਜਵਾਨ ਨੂੰ ਚੁੱਕ ਕੇ ਲਿਆਏ ਅਤੇ ਜਵਾਨਾਂ ਦੀ ਪ੍ਰੰਸਾਸਾ ਕੀਤੀ ਗਈ। ਜਖਮੀ ਜਵਾਨ ਦਰਦ ਨਾਲ ਕੁਰਲਾ ਰਹੇ ਸਨ ਅਤੇ ਕਈ ਦਰਦ ਨਾ ਸਹਰਦੇ ਹੋਏ ਡਾਕਟਰੀ ਮਦਦ

ਤੋਂ ਪਹਿਲਾ ਹੀ ਬੇਹੋਸ਼ ਹੋ ਰਹੇ ਸਨ। ਕਿਉਂਕਿ ਕਾਫੀ ਖੂਨ ਨਿਕਲਣ ਕਰਕੇ ਬੇਹੋਸ਼ੀ ਦੀ ਹਾਲਤ ਵਿੱਚ ਜਾ ਰਹੇ ਸਨ। ਅਤਿ ਦੀ ਪੀੜਾ ਨਾਲ ਜਵਾਨ ਕੁਰਲਾ ਰਹੇ ਜਵਾਨਾਂ ਨੂੰ ਦੇਖਿਆ ਨਹੀਂ ਸੀ ਜਾ ਸਕਦਾ। ਕਿ ਤੁਸੀ ਅਜੇ ਵੀ ਭਿੰਡਰਾਂਵਾਲੇ ਹਮਾਇਤ ਕਰੋਗੇ।

ਰੱਬ ਕਿਸੇ ਨੇ ਦੇਖਿਆ ਨਹੀ ਨ ਹੀ ਰੱਬ ਨਾ ਦੀ ਕੋਈ ਚੀਜ ਹੈ। ਇੱਕ ਧਾਰਮੀਕ ਬਿਲਗਿੰਡ ਬਚਾਉਣ ਲਈ ਭਿੰਡਰਾਂਵਾਲੇ ਨੇ ਕਿੰਨੇ ਜਵਾਨ ਰੱਬ ਨੂੰ ਪਿਆਰੇ ਕਰਵਾ ਦਿੱਤੇ ਅਤੇ ਦੁਨੀਆ ਸਾਹਮਣੇ ਸ਼ਕਤੀਸ਼ਾਲੀ ਭਾਰਤੀ ਫੌਜ ਨੂੰ ਇੰਨੇ ਦਿਨ ਰੋਕ ਕੇ ਆਪਣੀ ਸ਼ਕਤੀ ਦਾ ਵਰਨਣ ਕਰਵਾ ਦਿੱਤਾ। ਉਪਰ ਦਿੱਲੀ ਵਿੱਚ ਹਾਹਕਾਰ ਮੱਚੀ ਹੋਈ ਸੀ। ਇੰਦਰਾ ਗਾਂਧੀ ਨੇ ਰਾਜੀਵ ਗਾਂਧੀ ਨੂੰ ਪਲ ਪਲ ਦੀ ਬਲਿਊ ਸਟਾਰ ਅਪਰੇਸ਼ਨ ਦੀ ਜਾਣਕਾਰੀ ਰੱਖਣ ਲਈ ਕਿਹਾ ਹੋਇਆ ਸੀ ਅਤੇ 4 ਜੂਨ ਨੂੰ ਜਰਨਲ ਵੈਦਿਆ ਅਤੇ ਸੁੰਦਰ ਜੀ ਨੇ ਸ਼੍ਰੀ ਮਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨਾਲ ਲਗਾਤਾਰ 5 ਘੰਟੇ ਮੁਲਾਕਾਤ ਚੱਲੀ ਜਿਸ ਵਿੱਚ ਕਈ ਸਕੀਮਾਂ ਸਰਕਾਰ ਅੱਗੇ ਰੱਖੀਆ ਗਈਆ।

ਇੱਕ ਵਾਰ ਤਾ ਇੰਦਰਾ ਗਾਂਧੀ ਜੀ ਵੀ ਇੰਨੇ ਘੋਰ ਨਿਰਾਸ਼ਾ ਵਿੱਚ ਚਲੇ ਗਏ ਕਿ ਸੁੰਦਰ ਜੀ ਨੂੰ ਹਾਸਾ ਮਜ਼ਾਕ ਕਰਕੇ ਸਾਰੀ ਸਥਿਤੀ ਬਦਲਣੀ ਪਈ। ਸਾਰੇ ਕੇਂਦਰੀ ਮੰਤਰੀ ਇਸ ਕਰਕੇ ਹੈਰਾਨ ਸਨ ਕਿ ਪਾਕਿਸਤਾਨ ਦੀ ਫੌਜ ਓ ਬੰਗਲਾਦੇਸ਼ ਅਜਾਦ ਕਰਵਾਉਣ ਵਾਲੀ ਫੌਜ ਨੂੰ ਇੱਕ ਇਤਨੀ ਛੋਟੀ ਬਿਲਡਿੰਗ ਤੇ ਕਬਜਾ ਨਹੀਂ ਕਰ ਸਕੀ।

ਉਧਰ ਕੰਮ ਜਿਆਦਾ ਲੇਟ ਹੁੰਦਾ ਕਰਕੇ ਪੰਜਾਬ ਵਿੱਚ ਗਦਰ ਮੱਚਣਦਾ ਡਰ ਵੱਧਦਾ ਜਾਦਾ ਸੀ। ਭਿੰਡਰਾਂਵਾਲਾ ਇੱਕ ਛੋਟੇ ਜਿਹੇ ਪਿੰਡ ਵੱਚ ਜਨਮ ਲੈ ਕੇ ਸਾਰੇ ਹਿੰਦੋਸਤਾਨ ਦੀ ਲੀਡਰੀ ਨੂੰ ਅੱਜ ਸੋਚਾਂ ਵਿੱਚ ਪਾਈ ਬੈਠਾ ਸੀ। ਜਦੋਂ ਸੁੰਦਰ ਜੀ ਅਤੇ ਵੈਦਿਆ ਜੀ ਦੀਆਂ ਇੰਦਰਾ ਗਾਂਧੀ ਜੀ ਨਾਲ ਮੁਲਾਕਾਤ ਚੱਲ ਰਹੀ ਸੀ ਤਾਂ ਇੰਦਰਾ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੇ ਫੋਨ ਆਏ ਅਤੇ ਸਾਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਕਿਉ ਕਿ ਸਾਡੀ ਫੋਜ ਕਈ ਦਿਨ੍ਹਾਂ ਤੋਂ ਇੱਕ ਛੋਟੀ ਜਿਹੀ ਬਿਲਡਿੰਗ ਦੇ ਨਾਲ ਜੂਝ ਰਹੀ ਸੀ।

ਰਸ਼ੀਆਂ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇਕਰ ਤੁਹਾਡੀ ਫੋਜ ਇਸ ਤਰਾਂ ਹਾਰਦੀ ਰਹੀ ਤਾਂ ਇਕਲਾ ਪੰਜਾਬ ਹੀ ਨਹੀ ਸਾਰਾ ਹਿੰਦੋਸਤਾਨ ਕਈ ਟੁਕੜਿਆਂ ਵਿੱਚ ਵੰਡਿਆ ਜਾਵੇਗਾ। ਇਸ ਤੋਂ ਪਹਿਲਾ ਹੀ ਵੱਡੇ ਬੰਬ ਸੁੱਟ ਕੇ ਆਪਣੀ ਤਾਕਤ ਦੁਨੀਆ ਅੱਗੇ ਰੱਖੋ।

ਚੀਨ ਦੇ ਪ੍ਰਧਾਨ ਮੰਤਰੀ ਨੇ ਹੋ ਰਹੀ ਹਾਰ ਦਾ ਅਫਸੋਸ ਕੀਤਾ। ਅਮਰੀਕਾ ਦੇ ਰਾਸ਼ਟਰਪਤੀ ਨੇ ਮਜਾਕੀਆਂ ਲਿਹਜੇ ਵਿੱਚ ਕਿਹਾ ਆਪਣੀ ਫੌਜ ਦੀ ਸਿਖਲਾਈ ਕੇਂਦਰਾਂ ਵਿੱਚ ਸਾਡੇ ਆਦਮੀ ਰੱਖ ਲਵੋ।

ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਫੌਜ ਨੂੰ ਵਾਪਸ ਸੱਦਣ ਲਈ ਕਿਹਾ ਇਸੇ ਤਰ੍ਹਾਂ ਫਰਾਂਸ, ਜਰਮਨ, ਪੋਲੈਂਡ ਆਦਿ ਦੇਸ਼ਾਂ ਨੇ ਭਿੰਡਰਾਂਵਾਲੇ ਦੀਆ ਜਾਇਜ ਮੰਗਾਂ

ਮਨ ਕੇ ਸ਼ਾਂਤੀ ਬਹਾਲੀ ਦਾ ਸੱਦਾ ਦਿੱਤਾ। ਪਾਕਿਸਤਾਨ ਨੇ ਪੰਜਾਬ ਨੂੰ ਅਜ਼ਾਦ ਕਰਨ ਦੀ ਗੱਲ ਕਹੀ। ਇਸ ਮੀਟਿੰਗ ਤੋਂ ਬਾਅਦ ਕੁਝ ਅਹਿਮ ਫੈਸਲੇ ਲਏ ਗਏ।

ਪਹਿਲਾ ਇਹ ਕਿ 5 ਜੂਨ ਤੱਕ ਜਮੀਨੀ ਜੰਗ ਹੋਰ ਲੜ ਕੇ ਦੇਖੀ ਜਾਵੇਅਤੇ ਅੱਗੇ ਭੇਜਣ ਵਾਲੀ ਫੌਜ ਵਿੱਚ 45 ਸਾਲ ਤੋਂ ਉਪਰਲੇ ਫੌਜੀਆ ਨੂੰ ਹੀ ਲਾਇਆ ਜਾਵੇ ਹਰੇਕ ਸ਼ਹੀਦ ਹੋਣ ਵਾਲੇ ਫੌਜੀ ਨੂੰ 10 ਲੱਖ ਰੁ: ਦੀ ਮਦਦ ਦਿੱਤੀ ਜਾਵੇਗੀ। ਜਖਮੀਆਂ ਨੂੰ 2 ਲੱਖ ਪੈਨਸ਼ਨ ਦੇ ਨਾਲ ਨਾਲ ਸੇਵਾ ਮੁਕਤੀ ਮਿਲੇਗੀ।

ਭਿੰਡਰਾਂਵਾਲੇ ਦੇ ਚੇਲਿਆ ਨੂੰ ਸਪੀਕਰਾਂ ਰਾਹੀ ਉਨ੍ਹਾਂ ਦੇ ਪ੍ਰੀਵਾਰਾਂ ਦਾ ਵੇਰਵਾ ਦੇ ਕੇ ਅਤੇ ਆਮ ਮੁਆਫੀ ਦਾ ਲਾਲਚ ਦੇ ਕੇ ਬਾਹਰ ਕੱਢਿਆ ਜਾਵੇ। ਇਸੇ ਤਰ੍ਹਾਂ ਕਈ ਗੁਪਤ ਫੈਸਲੇ ਲਏ ਗਏ ਅਖੀਰ ਜੇਕਰ ਕੋਈ ਚਾਰਾ ਨਹੀਂ ਚੱਲਦਾ ਤਾਂ ਫਿਰ ਟੈਂਕਾਂ ਦੇ ਨਾਲ ਹੀ ਬੰਬ ਸੁਟ ਦਿੱਤੇ ਜਾਣ ਜਦੋਂ 45 ਸਾਲ ਤੋਂ ਉਪਰ ਜਾਣ ਵਾਲੀ ਫੌਜਆਂ ਦੀ ਰਦੋਬਦਲ ਦੀ ਖਬਰ ਫੌਜ ਵਿੱਚ ਗਈ ਤਾਂ ਹਾਹਾਕਾਰ ਮੱਚ ਗਈ । 45 ਸਾਲ ਤੋਂ ਉਪਰਲੇ ਜਵਾਨ ਇਨੀਂ ਗਰਮੀ ਵਿੱਚ ਆ ਗਏ ਕਿ ਇਹ ਸਕੀਮ ਕੈਂਸਲ ਕਰਨੀ ਪਈ। ਇਥੇ ਇਹ ਗੱਲ ਮੈਂ ਬੜੀ ਬੇਝਿਜਕੀ ਨਾਲ ਕਹਿ ਰਿਹਾ ਹਾਂ। ਭਾਵੇ ਕੋਈ ਵੀ ਗੱਲ ਹੋਵੇ।

ਜਦੋਂ ਫੌਜ ਵਿਚਲੀ ਸੀ. ਆਈ. ਡੀ.ਦੀ ਰਿਪੋਰਟ ਦੇਖੀ ਗਈ ਤਾਂ ਬਹੁਤ ਹੈਰਾਨੀ ਜਨਕ ਸੀ। ਉਹ ਆਪਣੇ ਹੌਸਲੇ ਹਾਰੀ ਬੈਠੇ ਸਨ। ਇੱਥੋਂ ਤੱਕ 48% ਜਵਾਨ ਤੁਰੰਤ ਫੌਜ ਦੀ ਨੌਕਰੀ ਛੱਡਣ ਲਈ ਤਿਆਰ ਸਨ ਇਸ ਦੇ ਉਲਟ 1965 ਦੀ ਸੀ. ਆਈ ਡੀ ਰਿਪੋਰਟ ਵਿੱਚ 0.4% 1971 ਦੀ ਰਿਪਰੋਟ ਵਿੱਚ 1.3% ਜਵਾਨ ਨੌਕਰੀ ਛੱਡਣ ਲਈ ਤਿਆਰ ਸੀ। ਜਦੋਂ ਕਿ ਉਸ ਸਮੇਂ ਨਾਲੋਂ ਅਗਲਾ ਦੁਸ਼ਮਣ ਵੀ ਗਿਣਤੀ ਵਿੱਚ ਘੱਟ ਸੀ ਅਤੇ ਸਾਡੀ ਫੌਜ ਅਧੁਨੀਕ ਹਥਿਆਰਾਂ ਨਾਲ ਲੈਸ ਸੀ।

ਪਰ ਵੱਡੀ ਗਿਣਤੀ ਵਿੱਚ ਸਾਡੀ ਫੌਜ ਵਿੱਚ ਸ਼ਹੀਦੀਆਂ ਪਾਉਣ ਕਰਕੇ ਸਾਡੀ ਫੌਜ ਦਾ ਮਨੋਬਲ ਡਿੱਗ ਗਿਆ ਪਿਆ ਸੀ। ਸੋ ਇਹ ਸਾਡੇ ਲਈ ਇੱਕ ਚੰਤਾ ਦਾ ਵੱਡਾ ਵਿਸ਼ਾ ਸੀ ਸਾਡੇ ਜਵਾਨ ਆਪਣੇ ਪ੍ਰੀਵਾਰ ਬਾਰੇ ਸੋਚ ਸੋਚ ਕੇ ਘਬਰਾ ਰਹੇ ਸਨ। ਵੈਸੇ ਤਾਂ ਇਹ ਸਖਤੀ ਨਾਲ ਹੁਕਮ ਕੀਤਾ ਗਿਆ ਸੀ। ਕਿ ਕੋਈ ਵੀ ਜਵਾਨ ਆਪਣੇ ਪ੍ਰੀਵਾਹ ਨਾਲ ਕਿਸੇ ਵੀ ਢੰਗ ਨਾਲ ਸੰਪਰਕ ਨਹੀਂ ਰੱਖ ਸਕਦਾ।

ਇੱਧਰ ਦੂਰੀ ਤੇ ਬਿਲਡਿੰਗ ਤੇ ਬੈਠੇ ਜਵਾਨ ਸਾਰੀ ਦਿਹਾੜੀ ਰੁੱਕ ਰੁੱਕ ਕੇ ਅਕਾਲ ਤੱਖਤ ਤੇ ਸਮੂਹ ਬਿਲਡਿੰਗ ਤੇ ਗੋਲੀਆਂ ਚਾਉਂਦੇ ਰਹੇ। 4 ਜੂਨ ਦੀ ਸ਼ਾਮ ਹੋ ਚੁਕੀ ਸੀ ਅਤੇ ਅਸੀਂ ਆਪਣੇ ਨਿਸ਼ਾਨੇ ਦੇ ਨੇੜੇ ਤੇੜੇ ਵੀ ਨਹੀਂ ਸੀ। ਇੱਧਰ ਗਰਮੀ ਦੇ ਕਹਿਰ ਨੇ ਸਾਡੇ ਜਵਾਨਾ ਦੀ ਜੀਭ ਬਾਹਰ ਕੱਢੀ ਹੋਈ ਸੀ। ਹੁਣ ਰਾਤ ਦੀ ਉਡੀਕ ਹੋਣ ਲੱਗੀ ਇੱਧਰ ਇਨੇ ਦਿਨ੍ਹਾਂ ਦੀ ਹੋ ਰਹੀ ਬੇਇਜਤੀ ਸਾਨੂੰ ਇਜਤ ਵਿੱਚ ਬਦਲਣ ਦੀ ਉਮੀਦ ਜਾਗੀ। ਸਾਡੀ ਸੀ ਆਈ ਡੀ ਜੋ ਇੱਕ ਜੂਨ ਨੂੰ ਸ਼ਰਧਾਲੂਆ ਵਿੱਚ ਰੱਲ ਕੇ ਅੰਦਰ ਗਈ ਉਹ ਨਾਨਕ ਨਿਵਾਸ ਵਿੱਚ ਲੋਗੋਵਾਲ ਅਤੇ ਟੋਹੜੇ ਨਾਲ ਬੈਠੀ ਹੋਈ ਸੀ। ਉਸ ਨੇ 4 ਦਿਨਾਂ ਵਿੱਚ ਅੰਦਰਲੀ ਕਾਰਵਾਈ ਚੰਗੀ ਤਰ੍ਹਾਂ ਦੇਖੀ ਸੀ।

ਇਹ ਭਿੰਡਰਾਂਵਾਲੇ ਦੇ ਦਿੱਤੇ ਬਿਆਨ ਕਿ ਜੋ ਵੀ ਹੱਥ ਖੜ੍ਹੇ ਕਰਕੇ ਬਾਹਰ

ਜਾਣਾ ਚਾਹੇ ਤਾਂ ਜਾ ਸਕਦਾ ਹੈ। ਤਾਂ ਇਹ ਬਾਹਰ ਆ ਗਏ ਅਕਾਲੀ ਲੀਡਰ ਡਰ ਕੇ ਅੰਦਰ ਇਸ ਕਰਕੇ ਬੈਠੇ ਰਹੇ ਕਿ ਸ਼ਾਇਦ ਬਾਹਰ ਨਿਕਲਣ ਸਮੇਂ ਗੋਲੀ ਮਾਰ ਦਿੱਤੀ ਜਾਵੇਗੀ। ਸਾਡੀ ਸੀ ਆਈ ਡੀ ਨੇ ਸਾਨੂੰ ਕਈ ਅਹਿਮ ਟਿਕਾਣੇ ਦੱਸੇ ਅਤੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਜਿਨ੍ਹਾਂ ਚਿਰ ਅਕਾਲ ਤੱਖਤ ਨੂੰ ਦੂਜੀਆ ਬਿਲਡਿੰਗਾਂ ਨਾਲੋ ਅੱਲਗ ਥਲੱਗ ਨਹੀਂ ਕੀਤਾ ਜਾਂਦਾ ਉਨ੍ਹਾਂ ਚਿਰ ਜਿੱਤ ਅਸੰਭਵ ਹੈ ਅਤੇ ਜਿਨ੍ਹਾਂ ਚਿਰ ਉਚੇ ਬੁੰਗਿਆਂ ਨੂੰ ਨਹੀਂ ਢਾਹਿਆ ਜਾਂਦਾ ਉਨ੍ਹਾਂ ਚਿਰ ਜਵਾਨ ਮਰਦੇ ਰਹਿਣਗੇ।

ਸੋ ਜੇਕਰ ਸਾਡੀ ਸੀ ਆਈ ਦੀ ਸਾਨੂੰ ਨਾ ਮਿਲਦੀ ਤਾਂ ਸ਼ਾਇਦ ਸਾਡੇ ਕਈ ਹਜਾਰ ਜਵਾਨ ਹੋਰ ਸ਼ਹੀਦਾਂ ਪਾਉਂਦੇ।

ਇੱਧਰ ਵੈਦਿਆ ਜੀ ਦੀਆ ਪ੍ਰਧਾਨ ਮੰਤਰੀ ਨਾਲ ਹੋਈਆਂ ਮੀਟਿੰਗਾਂ ਬਾਅਦ ਰੂਸ ਤੋਂ ਸਿਖਲਾਈ ਪ੍ਰਾਪਤ ਐਨ. ਐਸ. ਜੀ. ਭਾਵ ਨੈਸ਼ਲਨ ਸਕਿਉਰਟੀ ਗਾਰਡ ਤੋਂ ਅਕਾਲ ਤੱਖਤ ਤੇ ਹਮਲਾ ਕਰਨ ਦਾ ਫੈਸਲਾ ਕੀਤਾ ਗਿਆ। ਮੈਂ ਇੱਥੇ ਇਨ੍ਹਾਂ ਕਮਾਂਡੋਆਂ ਬਾਰੇ ਦੱਸਣਾ ਚਾਹਾ ਗਾ ਕਿ ਇਹ ਬਹੁਤ ਮਹਿੰਗੀ ਸਕਿਉਰਟੀ ਹੁੰਦੀ ਹੈ। ਇਹ ਸਿਰਫ ਵੀ ਆਈ ਪੀ ਦੇ ਦੁਆਲੇ ਜਾਂ ਜਿਥੇ ਨਾਜਕ ਥਾਵਾਂ ਤੇ ਲਾਈ ਜਾਂਦੀ ਹੈ।

ਇਸ ਦੇਸ਼ ਦੀ ਸਭ ਤੋਂ ਨਿਸ਼ਾਨੇਬਾਜ , ਫੁਰਤੀਲੀ , ਤੇਜ ਦਿਮਾਗ ਵਾਲੀ ਅਤਿ ਦਰਜੇ ਦੀ ਦਲੇਰ ਅਤੇ 6 ਫੁੱਟ ਤੋਂ ਜਿਆਦਾ ਕੱਦ ਅਤੇ 22 ਤੋਂ 28 ਸਾਲ ਦੀ ਉਮਰ ਦੇ ਵਿਚਕਾਰ ਵਾਲੀ, ਦੇਸ਼ ਦੇ ਸਭ ਤੋਂ ਅਧੁਨਿਕ ਹਥਿਆਰਾ ਨਾਲ ਲੈਸ ਅਤੇ ਸ਼ਰੀਰਕ ਤੋਰ ਤੇ ਪੂਰੀ ਬਲਵਾਨ ਹੁੰਦੀ ਹੈ। ਇਨ੍ਹਾਂ ਦੇ ਸਾਰੇ ਅੰਗ ਪੈਰ ਖੋਲੇ ਜਾਂਦੇ ਹਨ ਅਤੇ 25 ਫੁੱਟ ਤੋਂ ਛਾਲਾ ਮਾਰ ਸਕਦੇ ਹਨ। ਇਨ੍ਹਾਂ ਤੋਂ ਉਦਦੇ ਪੰਛੀਆਂ ਦੇ ਪੈਰਾਂ ਦਾ ਨਿਸ਼ਨਾਂ ਲਗਵਾ ਕੇ ਸਿਖਲਾਈ ਦਿੱਤੀ ਜਾਂਦੀ ਹੈ।

ਸਾਡੇ ਦੇਸ਼ ਦੇ ਐਨ. ਐਸ. ਜੀ ਜਵਾਨਾਂ ਨੂੰ ਫਰਾਂਸ ਅਤੇ ਰੂਸ 'ਚ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਨੂੰ ਹਰੇਕ ਤਰ੍ਹਾਂ ਦਾ ਹਮਲਾ, ਦੁਸ਼ਮਣ ਨੂੰ ਘੇਰੇ ਵਿੱਚ ਲੈਣਾ, ਕਈ ਤਰ੍ਹਾਂ ਦੀਆਂ ਭਾਸ਼ਾ ਸਿਖਾਉਣੀਆਂ, ਦੁਸ਼ਮਣ ਨੂੰ ਧੋਖੇ ਵਿੱਚ ਲੈਣਾ, ਦੁਸ਼ਮਣ ਦੇ ਵੱਡੇ ਘੇਰੇ ਵਿੱਚੋਂ ਨਿਕਲਣਾ ਆਦਿ ਸਿਖਾਇਆ ਜਾਂਦਾ ਹੈ। ਇਹ ਕਾਂਮਡੋ ਆਪਣੀਆਂ ਅੱਖਾਂ ਦੀਆਂ ਪਰਤਾ ਵੀ ਇੱਕ ਮਿੰਟ ਤੋਂ ਬਆਦ ਝਪਕਦੇ ਹਨ। ਸੋ ਇਹ ਮਹਿੰਗੀ ਸਕਿਉਰਟੀ ਹੋਣ ਕਰਕੇ ਇਹ ਮੰਤਰੀਆਂ ਦੇ ਦੁਆਲੇ ਰਹਿੰਦੀ ਹੈ। ਸ੍ਰੀ ਮਤੀ ਇੰਦਰਾ ਗਾਂਧੀ ਜੀ ਨੇ ਅਕਾਲ ਤਖਤ ਦਾ ਜਿਆਦਾ ਨੁਕਸਾਨ ਹੋਣ ਤੋ ਬਚਣ ਲਈ ਦੇਸ਼ ਦੇ ਸਭ ਤੋਂ ਵੀ ਆਈ ਪੀ ਤੋਂ ਇਹ ਕਮਾਂਡੋ ਦਿੱਲੀ ਮੰਗਵਾ ਲਏ ਸਨ। 4 ਜੂਨ ਦੇ ਸ਼ਾਮ 3 ਵਜੇ 1300 ਕਮਾਂਡੋ 3 ਜਹਾਜਾਂ ਰਾਹੀ ਅੰਮ੍ਰਿਤਸਰ ਆ ਚੁੱਕੇ ਸਨ।

ਸਾਨੂੰ ਅਚਾਨਕ 3 ਵਜੇ ਹੀ ਇਨ੍ਹਾਂ ਦੇ ਆਉਣ ਦੀ ਖਬਰ ਪਤਾ ਲੱਗੀ। ਚਾਰੇ ਪਾਸੇ ਖੁਸ਼ੀ ਦੀ ਲਹਿਰ ਦੋੜ ਗਈ। ਸਾਨੂੰ ਆਪਣੇ ਨਿਸ਼ਾਨੇ ਵਿੱਚੋਂ ਆਸ ਦੀ ਕਿਰਨ ਦਿਸਣ ਲੱਗ ਪਈ। ਜਾਵਨਾਂ ਨੇ ਖੁਸ਼ੀ ਵਿੱਚ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿਤੇ। ਚਾਰੇ ਪਾਸੇ ਸਭ ਦੇ ਚਿਹਰਿਆ ਤੇ ਰੌਣਕ ਦਿਸਣ ਲੱਗੀ। ਜਦੋਂ ਅਸੀਂ ਐਨ. ਐਸ. ਜੀ ਜਵਾਨਾਂ ਨੂੰ ਜਿਲਿਆਂ ਵਾਲੇ ਬਾਗ ਵਿੱਚ ਠਹਿਰਾਇਆ ਤਾਂ ਇਨ੍ਹਾਂ ਜਵਾਨਾਂ ਦੇ ਡੀਲ

ਡੋਲ ਦੇਖ ਕੇ ਅਸੀਂ ਵੀ ਦੰਗ ਰਹਿ ਗਏ। ਅਸਲ ਵਿੱਚ ਵੀ ਆਈ ਪੀ ਸੁਰਖਿਆ ਵਿੱਚ ਰਹਿਣ ਕਰਕੇ ਚੰਗੀ ਕਸਰਤ ਅਤੇ ਚੰਗੀ ਖੁਰਾਕ ਲੈਂਦੇ ਹਨ। ਐਨ ਐਸ ਜੀ ਕਮਾਂਡੋਆਂ ਦੇ 5 ਚੀਫ਼ ਸਨ ਅਤੇ ਸਭ ਤੋਂ ਸੀਨੀਅਰ ਸਾਰੇ ਕਮਾਂਡੋਆਂ ਦੇ ਸ੍ਰੀ ਬ੍ਰਹਮਮਿਸ਼ਰਾ ਜੀ ਸਨ। ਸਾਨੂੰ ਕਮਾਂਡੋਆਂ ਦੀਆਂ ਕਈ ਕਾਰਨਾਮੇ ਅਤੇ ਸਫਲਤਾਵਾਂ ਦੱਸੀਆਂ ਗਈਆਂ। ਸਾਡੀ 2 ਘੰਟੇ ਲਗਾਤਾਰ ਕਮਾਂਡੋ ਚੀਫ ਨਾਲ ਮੀਟਿੰਗ ਚੱਲੀ। ਉਹ ਬਹੁਤ ਖੁੱਲ ਕੇ ਹੱਸੇ ਅਤੇ ਸਾਡੇ ਸਾਹਮਣੇ ਰਸ਼ੀਆ ਫੌਜ ਦੀਆਂ ਘੇਰਾ ਬੰਦੀਆਂ ਦਾ ਜਿਕਰ ਕੀਤਾ ਅਤੇ ਅਕਾਲ ਤਖਤ ਤੇ ਕਬਜ਼ਾ ਕਰਨ ਦੀ ਲੁਕਣ ਮੀਟੀ ਦੀ ਨੀਤੀ ਦੱਸੀ।

ਬ੍ਰਹਮ ਮਿਸ਼ਰਾ ਜੀ ਨੇ ਇਹ ਸਾਰਾ ਕਾਂਡ ਸਿਰਫ 10 ਘੰਟੇ ਰਾਤ ਦੇ ਵਿੱਚ ਪੂਰਾ ਕਰਨ ਦੀ ਗੱਲ ਆਖੀ। ਅਸੀਂ ਸਭ ਹੈਰਾਨ ਸੀ। ਉਨ੍ਹਾਂ ਨੇ ਅਕਾਲ ਤਖਤ ਦੇ ਅੰਦਰ ਬਾਹਰ ਜਾਣ ਵਾਲੇ ਸਾਰੇ ਰਾਸਤੇ ਅੰਦਰਲੇ ਨਕਸ਼ੇ ਅੱਤਵਾਦੀਆਂ ਦੇ ਠਿਕਾਣੇਅਤੇ ਹਥਿਆਰਾਂ ਬਾਰੇ ਜਾਣਕਾਰੀ ਲਈ ਅਤੇ ਸਾਨੂੰ ਸਭ ਨੂੰ ਬੜੇ ਹੌਸਲੇ ਨਾਲ ਇਹ ਸਾਰਾ ਕੁਝ ਇੱਕ ਰਾਤ ਵਿੱਚ ਪੂਰਾ ਕਰਨ ਦਾ ਹੌਸਲਾ ਦਿੱਤਾ। ਇਸ ਤੋਂ ਬਾਅਦ ਇਹ ਸਾਰੇ ਚੀਫ਼ ਮੱਛੀ ਦਾ ਪਾਣੀ ਵਿੱਚ ਤੈਰਨ ਵਾਂਗ ਆਪਣੇ ਸਭ ਕਮਾਂਡੋਆ ਵਿੱਚ ਘੁੰਮਣ ਲੱਗੇ ਅਤੇ ਹਮਲੇ ਦੀ ਸਾਰੀ ਯੋਜਨਾ ਬੰਦੀ ਦੱਸਣ ਲੱਗੇ। ਅਸੀਂ ਸਭ ਅੰਦਲਰੇ ਨਕਸ਼ੇ ਦਿਖਾਏ ਅਤੇ ਲਗਾਤਾਰ ਅਸਫਲਤਾਵਾਂ ਦੇ ਕਾਰਣ ਦੱਸੇ। ਬ੍ਰਹਮ ਮਿਸ਼ਰਾ ਜੀ ਹੱਸਣ ਲੱਗੇ।

ਉਨ੍ਹਾਂ ਨੇ ਕਿਹਾ ਇਹ ਮਿਸ਼ਨ 20 ਘੰਟੇ ਤੱਕ ਪਹੁੰਚ ਸਕਦਾ ਹੈ। ਪਰ ਰਸ਼ੀਆਂ ਦੀਆਂ ਅਸਾਲਟ ਰਫਲਾ ਜਿਨ੍ਹਾਂ ਵਿੱਚ ਏ ਕੇ 94 ਏ ਕੇ 56 ਅਤੇ ਏ ਕੇ 47 ਸਨ। ਮਿਸ਼ਰਾਂ ਜੀ ਕਹਿਣ ਲੱਗੇ ਜਦੋਂ ਇਕ ਵਾਰ ਖੜ੍ਹਨ ਜਿੰਨ੍ਹਾਂ ਥਾਂ ਮਿਲ ਗਿਆ ਬੈਠ ਤਾਂ ਆਪੇ ਹੀ ਜਾਵਾਂਗੇ। ਅਸਾਲਟ ਰਫਲਾ ਦਾ ਮੀਹ ਸ਼ਾਇਦ ਅੱਤਵਾਦੀਆ ਨੂੰ ਸੰਭਲਣ ਦਾ ਮੌਕਾ ਨਾ ਦੇਣ। ਮਿਸ਼ਰਾ ਜੀ ਨੇ ਸਭ ਤੋਂ ਪਹਿਲਾ ਰਿਹ ਰਾਇ ਸੁੰਦਰ ਜੀ ਨਾਲ ਲਈ ਇਹ ਗੁਰੀਲਾ ਜੰਗ ਇੱਕ ਗੁਰੀਲਾ ਢੰਗ ਨਾਲ ਹੀ ਖੇਡੀ ਜਾ ਸਕਦੀ ਹੈ। ਸੋ ਸਾਡਾ ਹਮਲਾ ਲੁਕੋ ਵਾਲਾ ਹੋਵੇਗਾ। ਜਿਹੜੀ ਇਤਿਹਾਸਕ ਬੇਰੀ ਹੈ। ਇਸ ਦੇ ਨਾਲ ਲੱਗਦੀ ਬਿਲਡਿੰਗ ਵਿੱਚ ਘੁਸਪੈਠ ਕਰਨ ਦੀ ਸਕੀਮ ਘੜੀ ਗਈ।

ਕਿਉ ਕਿ ਸਾਡੀ ਸੀ ਆਈ ਡੀ ਮੁਤਾਬਕ ਇਸ ਦੇ ਤਹਿਖਾਨਿਆਂ ਵਿੱਚ ਅੱਤਵਾਦੀਆਂ ਨੇ ਕੋਈ ਟਿਕਾਣਾ ਨਹੀਂ ਰੱਖਿਆ ਸੀ। ਸੋ ਸਕੀਮ ਮੁਤਾਬਿਕ 5 ਫੁੱਟ ਦੋਲ ਅਕਾਰ ਦੀ ਸੁਰੰਗ ਇਸ ਬਿਲਡਿੰਗ ਦੀ ਬਾਹਰਲੀ ਕੰਧ ਤੋਂ 200 ਫੁੱਟ ਤੋਂ ਪਟਣੀ ਸ਼ੁਰੂ ਕੀਤੀ ਅੱਤਵਾਦੀਆਂ ਦਾ ਧਿਆਨ ਸਿਰਫ ਅੰਦਰ ਲਾਉਣ ਵਾਸਤੇ 2 ਕਿਲੋ ਮੀਟਰ ਤੋਂ ਉਪਰੋ ਸਰੋਵਰ ਵੱਲ ਫਾਈਰਿੰਗ ਕੀਤੀ ਗਈ। ਤਾਂ ਜੋ ਅੱਤਵਾਦੀਆਂ ਨੂੰ ਕਿਸੇ ਕਿਸਮ ਦਾ ਇਲਮ ਨਾ ਹੋ ਸਕੇ। ਅੱਤਵਾਦੀ ਵੀ ਉਸੇ ਤਰ੍ਹਾਂ ਅੱਗੋ ਜਵਾਬ ਦਿੰਦੇ ਰਹੇ।

ਕੁਲ 4 ਘੰਟਿਆਂ ਵਿੱਚ ਮਸੀਨ ਦੁਆਰਾ ਬਣਾਈ ਸੁਰੰਗ ਇਮਾਰਤ ਦੀ ਫਰਸ਼ ਤੋਂ ਸਿਰਫ 6 ਫੁੱਟ ਨੀਵੀ ਜਗ੍ਹਾਂ ਤੱਕ ਪੁਹੰਚ ਗਈ। ਹੁਣ ਸਭ ਤੋਂ ਔਖੀ ਘੜੀ

ਸੀ ਕਿਉ ਕਿ ਤਹਿਖਾਨੇ ਵਿੱਚ ਕੋਈ ਅੱਤਵਾਦੀ ਵੀ ਹੋ ਸਕਦਾ ਸੀ। ਵਰਮਾ ਟਾਈਪ ਪਾਈਪ ਪਾ ਕੇ ਪਹਿਲਾ ਤਹਿਖਾਨੇ ਵਿੱਚ ਸਿਰਫ ਬੇਹੋਸ਼ੀ ਵਾਲੀ ਗੈਸ ਛੱਡ ਗਈ। ਜਿਸ ਦਾ ਅਸਰ ਸਿਰਫ 30 ਮਿੰਟ ਤੱਕ ਹੁੰਦਾ ਹੈ।ਉਸ ਤੋਂ ਬਾਅਦ ਸਾਡੇ ਕਮਾਂਡੋ ਤਹਿਖਾਨੇ ਵਿੱਚ ਪ੍ਰਵੇਸ਼ ਕਰ ਗਏ। ਜਦੋਂ ਅੰਦਰ ਦੇਖਿਆ ਤਾਂ ਉੱਥੇ ਭੁਜੇ ਛੋਲੇ, ਮਾਹਾਂ ਦੀ ਦਾਲ, ਸੁੱਕੇ ਮੇਵੇ ਅਤੇ ਪਾਣੀ ਦੀਆ ਬੋਤਲਾਂ ਆਦਿ ਸਨ। ਵਾਕੀ ਟਾਕੀ ਦੇ ਗੁਪਤ ਭਾਸ਼ਾਂ ਵਿੱਚ ਦਿੱਤੇ ਕੋਡਾਂ ਨੇ ਮਿਸ਼ਰਾ ਜੀ ਦਾ ਹੋਸਲਾ ਵਧਾ ਦਿੱਤਾ। ਦੂਸਰਾ ਨਿਸ਼ਾਨਾਂ ਉੱਪਰ ਵਧਣਾ ਸੀ।

ਜਿਹੜਾ ਅਤਿ ਬਿਖੜਾ ਸੀ। ਭਾਵੇ ਕਿ ਸਿਰ ਤੋਂ ਪੈਰਾਂ ਤੱਕ ਸਾਡੇ ਕਮਾਂਡੋ ਬੁਲਟ ਪਰੂਫ ਜੈਕਟਾ ਨਾਲ ਢੱਕੇ ਹੋਏ ਸਨ। ਸਿਰ ਉਪਰ ਵੀ ਬੁਲਟ ਪਰੂਫ ਹੈਲਮਟ ਸਨ। ਅੱਤਵਾਦੀ ਇੰਨੇ ਚਲਾਕ ਸਨ। ਉਨ੍ਹਾਂ ਨੇ ਅੱਗ ਲੱਗਣ ਦੇ ਡਰੋ ਅੰਦਰ ਲਕੜੀ ਦਾ ਸਮਾਨ ਪਹਿਲਾ ਹੀ ਲਾਹਿਆ ਹੋਇਆ ਸੀ। ਹੁਣ ਜਵਾਨ ਕੰਧੇ ਨਾਲ ਕੰਧਾ ਮਿਲਾ ਕੇ ਚੱਲ ਰਹੇ ਸੀ। ਸਭ ਤੋਂ ਪਹਿਲਾ ਸਾਡੇ ਕਮਾਡੋਆਂ ਦਾ ਬਿਲਡਿੰਗ ਦੀ ਦੂਸਰੀ ਮੰਜਿਲ ਤੇ ਪਹੁੰਚ ਕੇ ਸੱਜੇ ਅਤੇ ਖੱਬੇ ਪਾਸੇ ਦਾ ਮਿਲਵਰਤਨ ਤੋੜਨਾ ਸੀ। ਜਦੋਂ ਸਾਡੇ ਕਮਾਂਡੋਆ ਨੇ ਦੂਸਰੀ ਮੰਜਿਲ ਤੇ ਪੈਰ ਧਰਿਆ ਅਚਾਨਕ ਸੱਜੇ ਪਾਸੇ 30 ਫੁੱਟ ਦੀ ਦੂਰੀ ਤੇ ਅੱਤਵਾਦੀ ਫਰਸ਼ ਤੇ ਹੀ ਪਏ ਸਨ। ਜਿਨ੍ਹਾਂ ਦੀ ਗਿਣਤੀ ਤਕਰੀਬਨ 6 ਦੇ ਆਸ ਪਾਸ ਸੀ। ਬਾਕੀ ਅੱਤਵਾਦੀ ਟੁਕੜੀਆਂ ਦੇ ਰੂਪ ਵਿੱਚ ਫਿਰ ਰਹੇ ਸਨ। ਸਾਡੇ ਕਮਾਡੋਆਂ ਨੇ ਪੁਜੀਸ਼ਨਾਂ ਸੰਭਾਲ ਲਈਆ ਸਨ ਅਤੇ ਇੱਕੋ ਸਾਹ ਫਾਇਰੰਗ ਖੋਲ੍ਹ ਦਿੱਤੀ।

ਮਿਸ਼ਰਾ ਜੀ ਦੇ ਮੁਤਾਬਕ ਅੱਤਵਾਦੀ ਸੰਭਲ ਹੀ ਨਾ ਸਕੇ। ਘੱਟੋ ਘੱਟ 30 ਦੇ ਆਸ ਪਾਸ ਅੱਤਵਾਦੀ ਮਾਰ ਦਿੱਤੇ। ਕਾਫੀ ਦੂਰ ਤੋਂ ਸਾਡੇ ਕਮਾਂਡੋਆਂ ਤੇ ਗੋਲੀ ਆ ਰਹੀ ਸੀ ਪਰ ਗੋਲੀ ਬੇਅਸਰ ਹੋ ਰਹੀ ਸੀ। ਹੁਣ ਸਾਡੇ ਜਵਾਨ ਇਕ ਦੂਜੇ ਨੂੰ ਕਵਰਿੰਗ ਫਾਇਰ ਦੇ ਕੇ ਅੱਗੇ ਵਧਨੇ ਸ਼ੁਰੂ ਹੋਏ। ਵੈਦਿਆ ਵੀ ਖੁਸ਼ੀ ਵਿੱਚ ਹੋ ਗਏ। ਜਿਸ ਆਸ ਨੂੰ ਮੰਗ ਰਹੇ ਸੀ ਉਹ ਪੂਰੀ ਹੋ ਰਹੀ ਸੀ। ਕਿਉ ਕਿ ਅੰਦਰਲੀ ਸਾਰੀ ਕਾਰਵਾਈ ਇੱਕ ਨਿਵੇਕਲੀ ਭਾਸ਼ਾ ਵਿੱਚ ਬ੍ਰਹਮ ਮਿਸ਼ਰਾ ਨੂੰ ਮਿਲ ਰਹੀ ਸੀ। ਕਮਾਂਡੋਆਂ ਦੀ ਬਣਾਈ ਸੁਰੰਗ ਸਾਡਾ ਨਿਸ਼ਾਨਾ ਦਿਖਾ ਰਹੀ ਸੀ। ਸਾਡੇ ਕਮਾਂਡੋ ਸੱਜੇ ਅਤੇ ਖੱਬੇ ਪਾਸੇ ਦੇ ਜੋੜ ਨੂੰ ਤੋੜ ਚੁੱਕੇ ਸਨ।

ਪਰ ਸਾਡੀ ਇੱਕ ਅਸਫਲਤਾ ਅੱਤਵਾਦੀਆਂ ਦੇ ਖਤਰਨਾਕ ਬਾਰੂਦ ਅਤੇ ਹਥਿਆਰਾਂ ਦੀ ਸਪਲਾਈ ਅਤੇ ਟਿਕਾਣਾ ਸਾਡੇ ਕਮਾਂਡੋਆਂ ਨੂੰ ਨਹੀਂ ਲੱਭ ਰਿਹਾ ਸੀ। ਉਪਰ ਤੀਜੀ ਬਿਲਡਿੰਗ ਤੇ ਪਹੁੰਚਣਾ ਸਭ ਤੋਂ ਜਰੂਰੀ ਸੀ ਪਰ ਇਸ ਦੀਆ ਪੌੜੀਆਂ ਰਾਤ ਦੇ ਹਨੇਰੇ ਵਿੱਚ ਚੰਗੀ ਤਰ੍ਹਾਂ ਪਤਾ ਨਹੀਂ ਲੱਗ ਰਹੀਆਂ ਸਨ। ਅੱਤਵਾਦੀਆਂ ਨੂੰ ਇਸ ਘੁਸਪੈਠ ਦਾ ਪੱਤਾ ਨਹੀਂ ਲੱਗ ਰਿਹਾ ਸੀ ਕਿਉ ਕਿ ਇਹ ਲਾਵੇ ਵਾਗ ਪਹਾੜ ਦੇ ਵਿੱਚੋਂ ਹੀ ਪੈਦਾ ਹੋ ਗਿਆ ਸੀ। ਅਤੇ ਅੱਤਵਾਦੀ ਆਪਣੇ ਸਾਥੀਆਂ ਦੇ ਸਹੀ ਟਿਕਾਣੇ ਨਾ ਪਤਾ ਹੋਣ ਕਾਰਣ ਸਿੱਧੀ ਗੋਲੀ ਵੀ ਨਹੀਂ ਚਲਾ ਸਕਦੇ ਸਨ। ਘੱਟੋ ਘੱਟ 45 ਦੇ ਨੇੜੇ ਅੱਤਵਾਦੀ ਮਾਰੇ ਜਾ ਚੁੱਕੇ ਸਨ। ਇਸ ਦੌਰਾਨ ਉਪਰਲੀ ਮੰਜਲ ਦੇ ਸਭ

ਅੱਤਵਾਦੀਆਂ ਨੂੰ ਥੱਲੇ ਘੁਸਪੈਠ ਹੋਣ ਦੀ ਖਬਰ ਅਤੇ ਬੁਲਟਪਰੂਫ ਜੈਕਟਾਂ ਦਾ ਪੱਤਾ ਲੱਗ ਗਿਆ ਇਸ ਤੋਂ ਪਹਿਲਾ ਉਹ ਦੇਰੀ ਕਰਦੇ ਉਨ੍ਹਾਂ ਨੇ ਵੇ ਆਪਣੀ ਭਾਸ਼ਾ ਵਿੱਚ ਕਮਾਨ ਸੰਭਾਲ ਰਿਹਾ ਨਾਲ ਰਾਬਤਾ ਕਾਇਮ ਕੀਤਾ ਉਨਾਂ ਦੇ ਵਾਕੀ ਟੈਕ ਸੈਟ ਸਾਡੇ ਸੈਂਟਰ ਖਿੱਚ ਰਹੇ ਸਨ। ਇਸ ਤੋਂ ਪਹਿਲਾ ਉਹ ਸਾਡੇ ਜਵਾਨਾਂ ਤੇ ਕੋਈ ਆਰ ਡੀ ਐਕਸ ਜਾ ਰਾਕਟ ਲਾਚਰ ਨਾਲ ਹਮਲਾ ਕਰਦੇ ਉਨ੍ਹਾਂ ਨੇ ਤੇਜ ਅਤੇ ਦੂਰ ਮਾਰ ਕਾਰਣ ਵਾਲੀਆਂ ਬੈਟਰੀਆਂ ਦੀ ਰੋਸ਼ਨੀ ਸਾਡੇ ਜਵਾਨਾਂ ਤੇ ਸੁੱਟੀ।

ਇਹ ਰੋਸ਼ਨੀ ਉਚੇ ਉਚੇ ਬੰਗਿਆ ਅਤੇ ਅਕਾਲ ਤਖਤ ਅਤੇ ਉਪਰਲੀ ਮੰਜ਼ਿਲ ਦੀ ਛੱਤ ਵਿੱਚ ਪਾੜ ਪਾ ਕੇ ਪਾਏ ਹੋਏ ਮਘੋਰਿਆਂ ਤੋਂ ਆ ਰਹੀ ਸੀ ਪਰ ਸਭ ਕਮਾਂਡੋ ਖਿਲਰ ਕੇ ਆਪਣੇ ਆਪ ਨੂੰ ਸੀਮਿੰਟ ਦੇ ਬਣੇ ਉਹਲਿਆ ਵਿੱਚ ਪੁਜੀਸ਼ਨਾਂ ਸ਼ੰਭਾਲ ਕੇ ਖੜ੍ਹੇ ਸਨ। ਕਿਉ ਕਿ ਸਾਡੇ ਕਮਾਂਡੋ ਇਸ ਪੁਜੀਸ਼ਨ ਵਿੱਚ ਸਨ ਜਿਨ੍ਹਾਂ ਤੇ ਅੱਤਵਾਦੀਆਂ ਨੂੰ ਕਿਸੇ ਠੋਸ ਰੂਪ ਵਿੱਚ ਹਮਲਾ ਕਰਨਾ ਔਖਾ ਸੀ।

ਭਾਵੇ ਕਿ ਅੱਤਵਾਦੀ ਵੀ ਲਗਾਤਾਰ ਗੋਲੀਆਂ ਦਾ ਮੀਂਹ ਵਰਾ ਰਹੇ ਸਨ। ਅਚਾਨਕ ਕੁਝ ਚੀਰ ਮਗਰੋ ਪੜਛਤੀਆਂ ਦੇ ਉੱਪਰ ਹਮਲੇ ਤੋਂ ਪਹਿਲਾ ਬਣਾਏ ਮੋਘਰਿਆਂ ਰਾਹੀ ਪਰਪੈਨ ਗੈਸ ਨਾਲ ਭਰੇ ਹੋਏ ਪਿੱਤਲ ਦੀ ਧਾਂਤ ਦੇ ਬਣੇ ਹੋਏ ਸੈਲੰਡਰ ਸੁੱਟੇ ਗਏ ਜਿਨ੍ਹਾਂ ਨਾਲ 3-3 ਮਿੰਟ ਬਾਅਦ ਟਾਈਮ ਬੰਬ ਬਣੇ ਹੋਏ ਸਨ। ਅਚਾਨਕ ਹੀ ਓਥੇ ਅੱਗ ਦੇ ਭਾਬੜ ਮੱਚ ਉਠੇ ਅੱਤਵਾਦੀਆਂ ਨੇ ਹਮਲੇ ਤੋਂ ਪਹਿਲਾਂ ਹੀ ਅੱਗ ਲੱਗਣ ਵਾਲਾ ਸਮਾਨ ਅੰਦਰਲੇ ਪਾਸੇ ਤੋਂ ਲਾਹ ਰਖਿਆ ਸੀ ਸਾਡੇ ਤਕਰੀਬਨ 187 ਜਵਾਨ ਉਸ ਮੰਜਲ ਤੇ ਸਨ। ਸਰੰਗ ਅਤੇ ਤਹਿਖਾਣੇ ਵਿੱਚ ਹਥਿਆਰਾਂ ਦੀ ਸਪਲਾਈ ਲਈ 300 ਕਮਾਂਡੋਂ ਸੀ। ਅੱਗ ਐਸੀ ਫੈਲੀ ਕੀ ਸਾਡੇ ਕਮਾਂਡੋ ਇਸ ਤੋਂ ਬੱਚ ਨਾ ਸਕੇ ਲੱਕ ਦੁਆਲੇ ਬਣੇ ਹੋਏ ਗਰਨੇਡ ਫਟਣ ਲੱਗੇ। ਕਿਉ ਕਿ ਅੱਗ ਪਾਸੇ ਨੂੰ ਘੱਟ ਫੈਲ ਰਹੀ ਸੀ ਸਾਹਮਣੇ ਉਪਰਲੀ ਮੰਜਲ ਦੀ ਛੱਤ ਤੇ ਦੂਜੇ ਨੰਬਰ ਦੀ ਛੱਤ ਦੇ ਵਿੱਚ ਕੁਲ 16 ਫੁੱਟ ਵਿੱਚੋਂ ਸਿਰਫ 4 ਫੁੱਟ ਦੀ ਕੰਧ ਸੀ 12 ਫੁੱਟ ਰਾਹੀ ਅੱਗ ਦੀਆਂ ਲੱਪਟਾ ਸਰੋਵਰ ਵੱਲ ਨਿਕਲ ਰਹੀਆਂ ਸਨ।

ਸਾਡੇ ਕਮਾਂਡੋ ਵੀ ਹੁਣ ਸੰਭਲ ਨਹੀਂ ਰਹੇ ਸਨ। ਕਿਉ ਕਿ ਪਰਪੈਨ ਗੈਸ ਤੋਂ ਤਾਪਮਾਨ ਬਹੁਤ ਜਿਆਦਾ ਹੁੰਦਾ ਹੈ। ਅਸਲ ਵਿੱਚ ਉਹ ਉਨ੍ਹਾਂ ਸੈਲੰਡਰਾਂ ਨੂੰ ਰੋਟੀ ਆਦ ਬਣਾਉਣ ਵਾਸਤੇ ਵੀ ਅਤੇ ਬੰਬ ਦੇ ਤੋਰ ਤੇ ਵਰਤਨ ਲਈ ਉਸੇ ਢੰਗ ਨਾਲ ਬਣਾਏ ਹੋਏ ਸਨ ਕਿਉ ਕਿ ਇਹ ਗੈਸ ਪਿੱਤਲ ਧਾਂਤ ਦੇ ਸਲੰਡਰਾਂ ਨਾਲ ਬਣਦੀ ਹੋਈ ਸੀ ਸਾਡੇ 187 ਕਮਾਂਡੋਆ ਵਿੱਚੋਂ 133 ਕਮਾਂਡੋ ਅਤੇ ਪੂਰੀ ਤਰ੍ਹਾਂ ਅੱਗ ਨਾਲ ਅਤੇ ਗਰਨੇਟ ਫਟਣ ਨਾਲ ਸ਼ਹੀਦੀ ਪਾ ਗਏ ਕੁਝ ਕਮਾਂਡੋ ਆਪਣੇ ਬਚਾ ਪੱਖ ਲਈ ਅਕਾਲ ਤੱਖਤ ਦੀ ਬਿਲਡਿੰਗ ਵੱਲ ਨਿਕਲੇ।

ਪਰ ਅੱਤਵਾਦੀਆਂ ਦਾ ਸਾਰਾ ਧਿਆਨ ਇੱਧਰ ਹੋਣ ਕਰਕੇ ਅੱਗੇ ਉਹ ਮਜਬੂਤੀ ਨਾਲ ਖੜੇ ਸਨ। 55 ਵਿੱਚੋਂ 30 ਕਮਾਂਡੋ ਅਕਾਲ ਤਖਤ ਦੀ ਬਾਹੀ ਵੱਲ ਦੌੜੇ ਸਨ ਹੁਣ ਉਨ੍ਹਾਂ ਕੋਲ ਹੱਥ ਖੜੇ ਕਰਣ ਤੋਂ ਇਲਾਵਾ ਕੁਝ ਨਹੀਂ ਬੱਚਿਆ ਸੀ ਬਾਕੀ 25 ਕਮਾਂਡੋ ਵੀ ਅੱਤਵਾਦੀਆਂ ਦੇ ਹੱਥ ਆ ਗਏ। ਅੱਤਵਾਦੀਆ ਨੇ ਛੇਤੀ ਨਾਲ ਇਨ੍ਹਾਂ ਤੋਂ

ਜਾਣਕਾਰੀ ਲਈ ਇਨ੍ਹਾਂ ਦੀ ਬੁਲਟ ਪਰੂਫ ਜੈਕਟਾਂ ਵੀ ਲੈ ਲਈਆਂ ਅਤੇ ਹਥਿਆਰ ਵੀ ਖੋਹ ਲਏ ਅਤੇ ਬਆਦ ਵਿੱਚ ਇਨ੍ਹਾਂ ਦੇ ਹੱਥ ਬਣ ਕੇ ਢਾਲ ਵਾਂਗ ਅੱਗੇ ਲਾ ਲਿਆ ਅਤੇ ਤਹਿਖਾਣੇ ਵੱਲ ਵੱਧੇ ਕੁਦਰਤੀ ਚੰਗੀ ਸਿਖਲਾਈ ਕਾਰਣ ਤਹਿਖਾਨੇ ਵਿੱਚਲੇ ਸਾਰੇ ਕਮਾਂਡੋ ਪਹਿਲਾ ਹੀ ਨਿੱਕਲ ਚੁੱਕੇ ਸਨ। ਅੱਤਵਾਦੀਆਂ ਨੇ ਸਾਡੇ ਕਮਾਂਡੋਆਂ ਨੂੰ ਅੱਗੇ ਰੱਖਕੇ ਕਈ ਗਰਨੇਡ ਤਹਿਖਾਨਿਆ ਵਿੱਚ ਸੁੱਟੇ ਅਤੇ 4 ਘੰਟਿਆ ਬਾਅਦ ਅੱਤਵਾਦੀਆਂ ਨੇ ਸੁਰੰਗ ਦੇ ਅੱਧ ਵਿਚਾਲੇ ਜੋਰਦਾਰ ਬੰਬ ਧਮਾਕਾਂ ਕੀਤਾ ਇਹ ਧਮਾਕਾ ਆਰ ਡੀ ਐਕਸ ਦਾ ਸੀ।

ਸਾਰੀ ਕਮਾਂਡੋ ਕਾਰਵਾਈ ਰੁੱਕ ਗਈ ਸੀ। ਇਹ 55 ਜਵਾਨਾਂ ਦੀਆ ਲਾਸ਼ਾਂ ਅਖੀਰ ਤੋਂ ਬਾਬਾ ਅਟੱਲ ਵਾਲੇ ਗੁਰਦੁਆਰੇ ਵੱਲੋਂ ਮਿਲੀਆ ਸਾਡੀ ਸੀ. ਆਈ. ਡੀ. ਮੁਤਾਬਕ ਅੱਤਵਾਦੀ ਕਈ ਵਾਰ ਇਨ੍ਹਾਂ ਨੂੰ ਮੂਹਰੇ ਲਾ ਕੇ ਬਾਹਰਲੀ ਕਾਰਵਾਈ ਦੇਖਦੇ ਰਹੇ। 187 ਜਵਾਨਾਂ ਦੇ ਮਾਰੇ ਜਾਣ ਤੇ ਰਾਜੀਵ ਗਾਂਧੀ ਜੀ ਨੇ ਕਮਾਂਡੋ ਕਾਰਵਾਈ ਤੁਰੰਤ ਰੋਕ ਦਿੱਤੀ ਕਿਉ ਕਿ ਨੁਕਸਾਨ ਹੋਰ ਵੀ ਬਹੁਤ ਜਿਆਦਾ ਹੋ ਸਕਦਾ ਸੀ।

ਆਖੀਰ ਸਭ ਦੀ ਸੂਈ ਟੈਂਕਾਂ ਵੱਲ ਘੁਮ ਰਹੀ ਸੀ। ਜਿਹੜੇ ਬ੍ਰਹਮ ਮਿਸ਼ਰਾ ਕਮਾਂਡੋ ਚੀਫ ਕੇਂਦਰ ਅੱਗੇ ਕਮਾਂਡੋਆਂ ਨੂੰ ਇਸ ਸਾਰੀ ਕਾਰਵਾਈ ਦਾ ਸਿਹਰਾ ਬਨਣਾ ਚਾਹੁੰਦੇ ਸਨ ਅਤੇ ਜਿਹੜੇ ਥੋੜੇ ਮਾਣ ਵਿੱਚ ਵੀ ਆਏ ਸਨ 2 ਟੱਕੇ ਦੇ ਅੱਤਵਾਦੀਆਂ ਨੇ ਇਨ੍ਹਾਂ ਦੀ ਕਮਰ ਤੋੜ ਦਿੱਤੀ ਸੀ ਕਿਉ ਕਿ ਪਿਛਲੇ 7 ਸਾਲ ਤੋਂ ਸਭ ਤੋਂ ਸ੍ਰੇਸ਼ਟ ਸਕਿਉਰਟੀ ਦਾ ਦੇਸ਼ ਵਿੱਚ ਰਾਸ਼ਟਰਪਤੀ ਵਲੋਂ ਦਿੱਤਾ ਜਾਂਦਾ ਤਗਮਾ ਇਹ ਜਿੱਤ ਰਹੇ ਸਨ । ਹੁਣ ਵੈਦਿਆ ਜੀ ਅਤੇ ਸੁੰਦਰ ਜੀ ਅਤੇ ਦੋ ਸੀਨੀਅਰ ਲੈਫਟੀਨੈਂਟ ਜਨਰਲਾਂ ਵਲੋਂ ਅਤੇ ਕੇਂਦਰ ਦੀ ਸਲਾਹ ਨਾਲ ਕਮਾਂਡੋ ਅਤੇ ਫੌਜ ਨੇ ਰਲ ਕੇ ਕਾਰਵਾਈ ਕਰਨੀ ਸੀ। ਇਹ ਕਾਰਵਾਈ ਟੈਂਕਾਂ ਦੀ ਸੀ। ਸਭ ਤੋਂ ਪਹਿਲਾ ਛੋਟੀਆਂ ਤੋਪਾਂ ਨਾਲ ਰਾਹ ਪਧਰਾ ਕਰਨ ਦੀ ਸਾਲਹ ਬਣਾਈ ਤਾਂ ਜਾ ਵੱਡੇ ਟੈਂਕਾਂ ਨੂੰ ਕੋਈ ਮੁਸ਼ਕਲ ਨਾ ਆਵੇ ਸੋ ਸਭ ਤੋਂ ਪਹਿਲਾ 3:7 ਇੰਚ ਦੀ ਹਾਊ ਵਿਟਜਰ ਦੀ ਟੋਪ ਲਿਆਦੀ ਗਈ ਇਸ ਨੂੰ ਐਸੀ ਦਿਸ਼ਾਂ ਵਿੱਚ ਬਾਹਰਲੇ ਪਾਸੇ ਰੱਖਿਆ ਗਿਆ ਜਿੱਥੋਂ ਦੋਵੇ ਬੁੰਗੇ ਮਾਰ ਵਿੱਚ ਆ ਜਾਣ ਫੇਰ ਅੱਗੇ ਵਧਣ ਦਾ ਮਨ ਬਣਾਇਆ ਗਿਆ ਸਾਰੀ ਕਾਰਵਾਈ ਨੂੰ ਅੰਜਾਮ ਦਿੱਤਾ ਜਾਣ ਲੱਗਾ।

5 ਜੂਨ

ਸੋ ਸਾਨੂੰ ਕੁਝ ਜਿੱਤ ਜਾਣ ਦੀ ਆਸ ਜਾਗੀ ਅਤੇ 5 ਜੂਨ ਦੀ ਸਵੇਰ 4:40 ਤੇ ਛੋਟੇ ਗੋਲੇ ਸੁੱਟੇ ਗਏ ਅਤੇ ਹੁਣ ਬੁੰਗਿਆ ਵਿੱਚ ਬੈਠੇ ਅੱਤਵਾਦੀਆਂ ਨੂੰ ਸ਼ੇਰ ਦੇ ਜਬਾੜੇ ਸਾਹਮਣੇ ਦਿਸ ਰਹੇ ਸਨ ਬੰਬਾਂ ਦੀ ਲਗਾ ਤਾਰ ਕੀਤੀ ਵਰਖਾ ਨੇ ਬੁੰਗਿਆ ਨੂੰ ਮਿਟੀ ਵਿੱਚ ਰਲਾ ਕੇ ਅਸਮਾਨੀ ਮਿੱਟੀ ਚੜ੍ਹਾ ਦਿੱਤੀ ਇਸ ਤਰ੍ਹਾਂ ਸੁਬੇਗ ਸਿੰਘ ਅਤੇ ਭਿੰਡਰਾਂਵਾਲੇ ਦਾ ਹੋਸਲਾ ਜਰੂਰ ਹਿਲਿਆ ਹੋਵੇਗਾ। ਅੱਜੇ ਸਾਨੂੰ ਛੋਟੇ ਬੰਬ ਕਿਸੇ ਹੋਰ ਪਾਸੇ ਵੱਲ ਦਾਗਣ ਦੀ ਇਜਾਜਤ ਨਹੀਂ ਸੀ। ਪਾਣੀ ਦੀਆਂ ਟੈਂਕੀਆਂ ਤੇ ਬਣੇ ਮੋਰਚਿਆਂ ਨੂੰ ਵੀ ਇਸੇ ਛੋਟੇ ਬੰਬਾਂ ਨਾਲ ਉਡਾ ਦਿੱਤਾ ਗਿਆ। ਸਾਡੀ ਸੀ. ਆਈ. ਡੀ ਜੋ ਅੰਦਰੋ ਆਈ ਸੀ ਉਸ ਨੇ ਦਸਿਆ ਕਿ ਸਾਰੇ ਅਨਾਲੀ ਸ਼ੀਤਲ ਮੌਤ ਦੇ ਡਰੋਂ ਬਹੁਤ

ਬਹੁਤ ਸਹਿਮੇ ਹੋਏ ਹਨ ਅਤੇ ਹੱਥ ਉਪਰ ਨੂੰ ਕਰਕੇ ਬਾਹਰ ਆਉਣ ਨੂੰ ਤਿਆਰ ਬੈਠੇ ਹਨ ਪਰ ਭਿੰਡਰਾਂਵਾਲੇ ਦੇ ਚੇਲਿਆਂ ਤੋਂ ਡਰਦੇ ਹਨ। ਸਾਨੂੰ ਪਤਾ ਲੱਗਾ ਕਿ ਸਿਰਫ ਅਕਾਲਤਖਤ ਵਿਚ ਹੀ 300 ਅੱਤਵਾਦੀ ਡੇਰਾ ਲਈ ਬੈਠੇ ਹਨ ਅਤੇ ਘੱਟੋ ਘੱਟ 1100 ਬਾਕੀ ਸਮੂਹ ਬਿਲਡਿੰਗ ਵਿੱਚ ਹਨ। ਸਾਡੀ ਅੰਦਰੋ ਆਈ ਸੀ. ਆਈ. ਡੀ. ਅੱਤਵਾਦੀਆਂ ਦੀ ਕਈ ਅਹਿਮ ਗੱਲਾਂ ਅਤੇ ਦਲੇਰ ਪੁਣੇ ਦੀਆਂ ਗੱਲਾਂ ਦੱਸ ਰਹੀ ਸੀ।

ਮੈਨੂੰ ਮੇਰੇ ਬੱਚਿਆਂ ਦਾ ਅਤੇ ਘਰ ਵਾਲੀ ਦੀ ਸੁਰਖਿਆ ਦਾ ਡਰ ਵੱਢ ਵੱਢ ਖਾਣ ਲੱਗਾ।ਪਰ ਮੈਂ ਆਪਣੀ ਗੱਲ ਢਿੱਡ ਅੰਦਰ ਹੀ ਛੁਪਾ ਕੇ ਮੀਟਿੰਗ ਕਰਦਾ ਰਿਹਾ। ਜਦੋ ਬੁੰਗੇ ਢਾਏ ਜਾ ਚੁੱਕੇ ਸਨ ਹੁਣ ਨਵੀਂ ਸਕੀਮ ਅਨੁਸਾਰ ਮੇਨ ਗੇਟ ਵੱਲ 300 ਜਵਾਨ ਭੇਜਿਆ ਜਾਵੇ ਜਿਹੜਾ ਸਿਰਫ ਪੌੜੀਆਂ ਕੋਲ ਹੀ ਬਿਲਡਿੰਗ ਉਪਰ ਗੋਲੀ ਚਲਾਈ ਜਾਣ ਪਰ ਪਰਕਰਮਾਂ ਵਿਚ ਨਾ ਜਾਣ।

ਜਦੋਂ ਸਾਰੇ ਅੱਤਵਾਦੀਆਂ ਦਾ ਧਿਆਨ ਇੱਧਰ ਟਿਕਿਆ ਹੋਵੇਗਾ ਤਾ ਉਦੋ ਰਾਮਦਾਸ ਸਰਾਂ ਅਤੇ ਰਾਮ ਦਾਸ ਲੰਗਰ ਵੱਲ ਦੀ ਸਾਰੀ ਫੌਜ ਅੰਦਰ ਵਾੜੀ ਜਾਵੇ ਕਿਉ ਕਿ ਬੁੰਗੇ ਢਹਿਣ ਕਰਕੇ ਇੱਧਰ ਕੋਈ ਖਤਰਾ ਨਹੀਂ ਸੀ ਅਤੇ ਛੋਟੀ ਤੋਪ ਰਾਹੀ ਤਹਿਖਾਣੇ ਦੀਆਂ ਖਿੜਕੀਆਂ ਰਾਹੀ ਗੋਲੇ ਸੁੱਟੇ ਜਾਣ ਤਾਂ ਜੋ ਪੈਰਾਂ ਵਾਲੀ ਥਾਂ ਤਹਿਖਾਣੀਆਂ ਵਿੱਚੋਂ ਆਉਣ ਵਾਲੀ ਗੋਲੀ ਬੰਦ ਕਰ ਦਿੱਤੀ ਜਾਵੇ ਸੋ ਇਸ ਸਕੀਮ ਅਧੀਨ ਗੋਰਖਾ ਫੌਜ ਨੂੰ ਕੰਮ ਸੌਂਪਿਆ ਗਿਆ। ਕਿਉ ਕਿ ਬਾਕੀ ਬਟਾਲੀਅਨਾਂ ਦਾ ਬਹੁਤ ਭਾਰੀ ਨੁਕਸਾਨ ਹੋ ਚੁੱਕਾ ਸੀ ਅਤੇ ਉਹ ਕੇਂਦਰ ਸਰਕਾਰ ਨੂੰ ਸਿਫਾਰਸ਼ ਪਾ ਕੇ ਆਪਣੇ ਆਪ ਨੂੰ ਬਚਾ ਰਹੇ ਸਨ। ਸੋ ਇਸੇ ਸਕੀਮ ਅਧੀਨ ਛੋਟੀਆ 7 ਤੋਪਾਂ ਅਤੇ 13597 ਜਵਾਨ ਇੱਥੋ ਦੀ ਅੰਦਰ ਦਾਖਲ ਹੋਣ ਲਈ ਹੁਕਮ ਕੀਤਾ ਗਿਆ। ਇਹ ਕੰਮ ਸਵੇਰੇ 3:30 ਵਜੇ ਸ਼ੁਰੂ ਕੀਤਾ ਗਿਆ।ਜਦੋਂ ਸਾਡੀ ਫੋਜ ਇਧਰ ਦੀ ਦਾਖਲ ਹੋਈ ਤਾਂ ਗੋਲੀ ਨਾਲ ਸੁਟੇ ਜਾਣ ਵਾਲੇ ਗਰਨੇਡ ਰਾਮ ਦਾਸ ਲੰਗਰ ਅਤੇ ਰਾਮ ਦਾਸ ਸਰਾਂ ਵਲੋਂ ਆਏ। ਭਾਵੇ ਸਾਡੇ ਜਵਾਨਾਂ ਦਾ ਭਾਰੀ ਨੁਕਸਾਨ ਹੋਇਆ ਪਰ ਬਿਲਡਿੰਗ ਵਿਚ ਸੁੱਟੇ ਗੋਲਿਆਂ ਅਤੇ ਅੱਥਰੂ ਗੈਸ ਅੱਤਵਾਦੀਆਂ ਦੀ ਕਾਰਵਾਈ ਰੋਕ ਦਿੱਤੀ ਕਿਉ ਕਿ ਇਥੇ ਘੱਟ ਗਿਣਤੀ ਵਿੱਚ ਸਨ।

ਹੁਣ ਛੋਟੀਆਂ ਤੋਪਾਂ ਤੇ ਕਵਰੇਜ ਫਾਈਰਿੰਗ ਨਾਲ ਸਾਡੀ ਫੌਜ ਪਰਿਕਰਮਾਂ ਵਿੱਚ ਦਾਖਲ ਹੋਈ ਉਧਰ ਮੇਨ ਗੇਟ ਤੇ ਲਗਾਤਾਰ ਸਾਡੇ ਜਵਾਨ ਅਕਾਲ ਤਖਤ ਅਤੇ ਸਮੂਹ ਬਿਲਡਿੰਗ ਤੇ ਗੋਲਾ ਬਾਰੀ ਕਰ ਰਹੇ ਸਨ। ਭਾਵੇ ਅੱਤਵਾਦੀ ਬੜੀ ਬਹਾਦਰੀ ਨਾਲ ਲੜ ਰਹੇ ਸਨ। ਸਿਰਫ ਪ੍ਰਕਰਮਾਂ ਵਿੱਚ ਦਾਖਲ ਹੋਣ ਤੱਕ 6 ਘੰਟੇ ਲੱਗ ਗਏ ਸਨ। ਉਧਰੋ ਅਕਾਲ ਤਖਤ, ਬ੍ਰਹਮ ਬੂਟਾ, ਲਾਈਬ੍ਰੇਰੀ ਵਲੋਂ ਦੁਵੱਲੀ ਫਾਈਰਿੰਗ ਹੋ ਰਹੀ ਸੀ ਪਰ ਤਹਿਖਾਣਿਆ ਵਿੱਚ ਸੁੱਟੇ ਛੋਟੇ ਬੰਬ ਕਈ ਅੱਤਵਾਦੀਆਂ ਨੂੰ ਮਾਰ ਰਹੇ ਸਨ। ਇੱਥੇ ਫੇਰ ਵੀ ਉਹ ਬਹਾਦਰੀ ਦੀ ਪ੍ਰਸ਼ੰਸਾ ਦਾ ਹੱਕ ਰਖਦੇ ਸਨ। ਕਿ ਅੱਤਵਾਦੀ ਬਾਹਰ ਨਿਕਲ ਕੇ ਅੰਨ੍ਹੇਵਾਹ ਫਾਈਰਿੰਗ ਕਰ ਕੇ ਆਪ ਫੌਜ ਦੀ ਗੋਲੀ ਨਾਲ ਮਰ ਰਹੇ ਸਨ। ਇਸ ਦੋਰਾਨ ਅੱਤਵਾਦੀਆਂ ਵੱਲੋਂ ਸੁੱਟੇ ਛੋਟੇ ਬੰਬਾਂ ਨਾਲ ਸਾਡੀਆਂ ਛੋਟੀਆਂ ਤੋਪਾਂ ਨਕਾਰਾ ਹੋ ਰਹੀਆਂ ਸਨ। ਇਸੇ ਗਹਿ ਗੱਚ ਲੜਾਈ ਵਿੱਚ ਅੱਗੇ ਵੱਧਣਾ ਔਖਾ

ਸੀ। ਸਾਡੇ ਜਵਾਨ ਵੀ ਉਪਰਲੀਆਂ ਮੰਜਲਾਂ ਤੋਂ ਆਉਣ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਰਹੇ ਸਨ। ਆਖੀਰ ਸਾਡੇ ਜਵਾਨ ਰਾਤ ਦੇ 9 ਵਜੇ ਤੱਕ ਬ੍ਰਹਮ ਬੂਟਾ ਅਖਾੜੇ ਦੇ ਹੇਠਲੇ ਪੋਰਸ਼ਨ ਨੂੰ ਆਪਣੇ ਕਬਜੇ ਵਿੱਚ ਕਰਨ ਵਿੱਚ ਕਾਮਯਾਬ ਹੋ ਗਏ ਸਨ। ਸਾਡੀ ਇਸ ਦਿਨ ਦੀ ਲੜਾਈ ਸਭ ਤੋਂ ਖੂਨੀ ਜੰਗ ਪਿਛਲੇ 17 ਘੰਟਿਆਂ ਵਿੱਚ 4088 ਜਵਾਨ ਸ਼ਹੀਦੀ ਅਤੇ 7263 ਗੰਭੀਰ ਜਖਮੀ ਹੋ ਗਏ ਸਨ ਤਾ ਸਿਰਫ ਇਨੇ ਜਵਾਨ ਸ਼ਹੀਦੀਆਂ ਪਾਉਣ ਤੋਂ ਬਾਅਦ ਸਿਰਫ ਇੱਕ ਮੰਜ਼ਿਲ ਹੀ ਕਬਜੇ ਵਿੱਚ ਕੀਤੀ ਸੀ।

ਅੱਤਵਾਦੀ ਛੋਟੀਆ ਤੋਪਾਂ ਨੂੰ ਨਕਾਰਾ ਕਰ ਦਿੰਦੇ ਸਨ ਅਤੇ ਵੱਡੀਆਂ ਤੋਪਾਂ ਵਰਤਣ ਦੇ ਅਜੇ ਆਡਰ ਨਹੀਂ ਹੋਏ ਸਨ। ਅਖੀਰ ਜਰਨਲ ਵੈਦਿਆ ਜੀ ਨੂੰ ਸਾਰੀ ਕਾਰਵਾਈ ਦੱਸਣ ਤੋਂ ਬਾਅਦ ਵੱਡੀਆਂ ਤੋਪਾ ਅਤੇ ਟੈਂਕਾਂ ਦੀ ਆਗਿਆ ਲਈ ਗਈ। ਕਿਉ ਕਿ ਟੈਂਕ ਟੋੜਣ ਵਾਲੇ ਰਾਕਟ ਲਾਚਰ ਅੱਤਵਾਦੀਆਂ ਕੋਲ ਖਤਮ ਹੋਏ ਗਏ ਸੀ।

ਸੋ ਰਾਤ 10:30 ਵਜੇ ਜਲਿਆ ਵਾਲੇ ਬਾਗ ਤੋਂ ਟੈਂਕ ਤੋਰ ਲਏ ਗਏ।ਸਕੀਮ ਇਹ ਸੀ ਪਹਿਲਾਂ ਟੈਂਕਾਂ ਨਾਲ ਅਕਾਲ ਤਖਤ ਦੇ ਪੱਕੇ ਮੋਰਚੇ ਤੋੜ ਦਿੱਤੇ ਜਾਣ ਅਤੇ ਬਾਅਦ ਵਿੱਚ ਦੂਸਰੇ ਮੋਰਚਿਆਂ ਨੂੰ ਨਿਸ਼ਾਨਾਂ ਬਣਾਇਆ ਜਾਵੇ ਟੈਂਕਾਂ ਨਾਲ ਅਸਪਾਤੀ ਫਾਟਕ ਟੋੜ ਦਿਤਾ ਗਿਆ ਸਾਰੀ ਫੌਜ ਨੂੰ ਪਿਛੇ ਰੱਖਿਆ ਗਿਆ ਜਦੋਂ ਟੈਂਕ ਫਾਟਕ ਤੋੜ ਕੇ ਪਰਕਰਮਾਂ ਵਿੱਚ ਗਏ ਤਾਂ ਟੈਂਕਾਂ ਤੇ ਅੰਨ੍ਹੇਵਾਹ ਫਾਈਰਿੰਗ ਹੋਈ। ਕਿਉ ਕਿ ਅੱਤਵਾਦੀ ਕੁਝ ਵੀ ਨਹੀਂ ਸੀ ਕਰ ਸਕਦੇ।

ਮੈਂ ਅੰਦਰੋ ਅੰਦਰੀ ਸਤਿਆ ਹੋਇਆ ਬਹੁਤ ਖੁਸ਼ ਸੀ। ਮੈਂ ਆਪਣੇ ਘਰਦਿਆ ਮਿਲਣ ਲਈ ਬਹੁਤ ਕਾਹਲਾ ਸੀ ਬਿਨ੍ਹਾਂ ਟੈਂਕਾਂ ਤੋਂ ਇਹ ਲੜਾਈ ਖਤਮ ਨਹੀਂ ਹੋ ਸਕਦੀ ਸੀ ਰਾਤ ਦੇ ਸਮੇਂ ਗਿਣਤੀ ਦੇ ਕੁਝ ਜਵਾਨਾਂ ਨੂੰ ਟੈਂਕਾਂ ਦਾ ਸਾਰਾ ਕਾਰਜ ਸਾਭਣਾ ਬਹੁਤ ਮੁਸ਼ਕਲ ਸੀ ਕਿਉ ਕਿ ਅੱਤਵਾਦੀ ਲਗਾਤਾਰ ਟੈਂਕਾਂ ਦੇ ਆਸੇ ਪਾਸੇ ਗੋਲੀ ਵਰਾਂ ਰਹੇ ਸਨ ਕੁਲ ਚਾਰ ਟੈਂਕ ਪਰਕਰਮਾਂ ਵਿੱਚ ਉਤਾਰੇ ਗਏ ਅਤੇ ਵੱਡੀਆਂ ਤੋਪਾਂ ਨਾਲ ਵੀ ਹਮਲੇ ਜਾਰੀ ਰਹੇ। ਆਖੀਰ 4 ਘੰਟਿਆਂ ਦੀ ਸਥਿਤੀ ਤੋਂ ਬਾਅਦ ਪਹਿਲਾ ਗੋਲਾ ਅਕਾਲ ਤਖਤ ਤੇ ਸਵੇਰੇ 3 ਵਜੇ ਸੁਟਿਆ ਗਿਆ। ਇਸ ਗੋਲੇ ਨੇ ਸਾਰਾ ਅੰਮ੍ਰਿਤਸਰ ਸ਼ਹਿਰ ਹਿਲਾ ਕੇ ਰੱਖ ਦਿੱਤਾ। ਇਸ ਤੋਂ ਤੁਰੰਤ ਬਾਦ ਦੂਜਾ ਗੋਲਾ ਸੁਟਿਆ ਗਿਆ ਲਗਾ ਤਾਰ 9 ਗੋਲੇ ਅਕਾਲ ਤਖਤ ਤੇ ਸੁੱਟੇ ਗਏ ਪੱਕੇ ਮੋਰਚੇ ਰੂੰ ਦੇ ਫੰਬਿਆਂ ਵਾਗ ਉਡ ਗਏ। ਇਨ੍ਹੰ ਮੋਚਿਆਂ ਨੇ ਸਾਡੇ ਹਜਾਰਾਂ ਜਵਾਨ ਮਾਰ ਦਿੱਤੇ। ਹੁਣ ਅਕਾਲ ਤਖਤ ਤੋਂ ਗੋਲੀ ਆਉਣੀ ਰੁਕ ਗਈ ਸੀ ਇਸ ਤੋਂ ਇਲਾਵਾ ਦੂਜੇ ਸਾਰੇ ਤਹਿਖਾਣੀਆਂ ਵੱਲ ਬੰਬ ਦਾਗੇ ਗਏ। ਜਿੱਥੇ ਸਾਡੀ ਸੀ. ਆਈ. ਡੀ. ਜਿਹੜੀ ਅੰਦਰੋ ਆਈ ਸੀ ਨੇ ਦੱਸਿਆ ਕਿ ਬੰਬਾਂ ਨਾਲ ਅੱਤਵਾਦੀਆਂ ਦੀ ਪੱਕੀਆਂ ਥਾਵਾਂ ਉਡ ਗਈਆਂ ਹਨ।

ਅਕਾਲ ਤਖਤ ਬੰਬਾਂ ਨਾਲ ਢਿਹ ਢੇਰੀ ਹੋ ਗਿਆ ਸੀ। ਤੋਪ ਦੇ ਵੱਡੇ ਗੋਲਿਆ ਨੇ ਮਾਨੋ ਅਸਮਾਨ ਤੋਂ ਅੱਗ ਵਰਾ ਦਿੱਤੀ ਸੀ। ਹੁਣ ਸਾਡਾ ਦੂਜਾ ਨਿਸ਼ਾਨਾਂ ਹੋਸਟਲ ਸਮੂਹ ਦੀਆਂ ਸਾਰੀਆਂ ਬਿਲਡਿੰਗਾਂ ਨੂੰ ਕਬਜੇ ਵਿੱਚ ਕਰਨਾ ਸੀ ਜਿਸ ਵਿੱਚ

ਰਾਮ ਦਾਸ ਲੰਗਰ, ਰਾਮ ਦਾਸ ਸਰ੍ਹਾ, ਨਾਨਕ ਨਿਵਾਸ ਅਤੇ ਤੇਜਾਂ ਸਿੰਘ ਸਮੁੰਦਰੀ ਹਾਲ ਸੀ। ਭਾਵੇ ਸਾਡੀ ਫੌਜ ਰਾਮ ਦਾਸ ਸਰ੍ਹਾਂ ਨੂੰ ਚੀਰਦੀ ਹੋਈ ਬ੍ਰਹਮ ਬੂਟਾ ਤੱਕ ਉਪੜ ਗਈ ਸੀ ਪਰ ਰਾਮਦਾਸ ਸਰ੍ਹਾਂ ਅਤੇ ਨਾਨਕ ਨਿਵਾਸ ਤੋਂ ਸਾਨੂੰ ਭਾਰੀ ਨੁਕਸਾਨ ਉਠਾਉਣਾ ਪਿਆ ।

ਸਭ ਤੋਂ ਪਹਿਲਾ ਰਾਮ ਦਾਸ ਸਰ੍ਹਾਂ ਅਤੇ ਨਾਨਕ ਨਿਵਾਸ ਤੇ ਉਪਰ ਅੱਤਵਾਦੀਆਂ ਅਤੇ ਫੌਜੀ ਜਵਾਨਾਂ ਦੀ ਆਹਮੋ ਸਾਹਮਣੇ ਟੱਕਰ ਹੋਈ ਤਕਰੀਬਨ 6 ਜੂਨ ਦੀ ਰਾਤ 11 ਵਜੇ ਤੱਕ ਅਸੀਂ ਸਮੂਹ ਬਿਲਡਿੰਗ ਵਿੱਚ ਕਬਜਾ ਕਰਨ ਤੇ ਕਾਮਯਾਬ ਹੋਏ । ਭਾਵੇ ਸਾਡੇ ਜਵਾਨਾਂ ਤੇ ਸਾਰਾ ਦਿਨ ਗੋਲੀਆਂ ਦਾ ਮੀਹ ਵਰਦਾ ਰਿਹਾ।

ਸਾਡੇ ਬਹੁਤੇ ਜਵਾਨ ਘਬਰਾਏ ਅਤੇ ਡਰੇ ਹੋਏ ਸਨ। ਪਰਕਰਮਾਂ ਵਿੱਚ ਲਹੂ ਦਾ ਦਰਿਆ ਵੱਗ ਵੱਗ ਕੇ ਸਰੋਵਰ ਵਿੱਚ ਰਲ ਰਿਹਾ ਸੀ ਸਾਰੀ ਦਿਹਾੜੀ ਸਾਡੇ ਜਵਾਨਾਂ ਦਾ ਚੀਕ ਚਿਹਾੜਾਂ ਚਲਦਿਆ ਰਿਹਾ ਆਖੀਰ ਅਸੀਂ ਇਹ ਸਾਰੀਆਂ ਬਿਲਡਿੰਗਾਂ ਬੰਬਾਂ ਨਾਲ ਉਠਾਉਣ ਦਾ ਫੈਸਲਾ ਕਰ ਲਿਆ ਸੀ।

ਪਰ ਪੰਜਾਬ ਦੇ ਸਿੱਖਾਂ ਵਿੱਚ ਲਗਾਤਾਰ ਵੱਧ ਰਹੇ ਰੋਹ ਦੇ ਡਰੋਂ ਇਹ ਸਭ ਕੁਝ ਕੈਂਸਲ ਕਰ ਦਿਤਾ ਸੀ ਜਦੋਂ 6 ਜੂਨ ਦੀ ਰਾਤ 11:30 ਵਜੇ ਲੋਗੋਵਾਲ ਅਤੇ ਟੋਹੜਾ ਸਾਹਿਬ ਨੂੰ ਮਿਲਿਆ ਗਿਆ ਤਾ ਲੋਗੋਵਾਲ ਸਾਹਿਬ ਉਚੀ ਉੱਚੀ ਰੋ ਰਹੇ ਸਨ। ਭੁੱਖ ਨੀਂਦ ਅਤੇ ਪ੍ਰੇਸ਼ਾਨੀ ਨੇ ਉਨ੍ਹਾਂ ਨੂੰ ਅੱਧ ਮੋਇਆ ਕਰ ਦਿੱਤਾ ਸੀ ਪਰ ਟੋਹੜਾ ਸਾਹਿਬ ਅਜੇ ਕਾਇਮ ਸਨ 6 ਜੂਨ ਨੂੰ ਇਨ੍ਹਾਂ ਬਿਲਡਿੰਗਾਂ ਦੇ ਉਪਰ ਕਬਜਾ ਕਰਨ ਲਈ ਸਾਡੇ 3342 ਜਵਾਨਾਂ ਨੇ ਸ਼ਹੀਦੀਆਂ ਪਾਈਆਂ ਅਤੇ 5922 ਜਵਾਨ ਜਖਮੀ ਹੋਏ ਉਨ੍ਹਾਂ ਲੀਡਰਾਂ ਨੂੰ ਅਸੀ ਛੇਤੀ ਨਾਲ ਹਿਫਾਜਤ ਵਿੱਚ ਲੈ ਕੇ ਨਿਕਲ ਗਏ।

ਜਦੋ ਅਸੀਂ ਇਨ੍ਹਾਂ ਨੂੰ ਕੱਢ ਰਹੇ ਸੀ ਤਾਂ ਇਕ ਆਤਮ ਘਾਤੀ ਅੱਤਵਾਦੀ ਨੇ ਬੰਬ ਬਣ ਕੇ ਛਾਲ ਮਾਰੀ ਚੰਗੀ ਕਿਸਮਤ ਨਾਲ ਇਹ ਸਾਰੇ ਬੱਚ ਗਏ ਪਰ ਸਾਡੇ 29 ਜਵਾਨ ਸ਼ਹੀਦ ਹੋ ਗਏ ਇਨ੍ਹਾਂ ਬਿਲਡਿੰਗਾਂ ਵਿੱਚ 575 ਬੱਚੇ ਬੁੱਢੇ ਸ਼ਰਧਾਲੂ ਸਨ ਜਿਨ੍ਹਾਂ ਵਿੱਚ ਅੱਤਵਾਦੀਆਂ ਨੇ ਰੱਲ ਕੇ ਬਾਹਰ ਨਿਕਲ ਦੀ ਕੋਸ਼ੀਸ਼ ਕੀਤੀ ਪਰ ਅਸੀ ਪਛਾਣ ਲਏ ਜਦੋਂ ਅਕਾਲੀ ਲੀਡਰਾਂ ਨੂੰ ਕੱਢਿਆ ਗਿਆ ਤਾਂ ਅਜੇ ਵੀ ਕੁਝ ਅੱਤਵਾਦੀ ਕੀਤੇ ਨਾ ਕਿਤੇ ਲੁਕੇ ਹੋਏ ਸੀ। ਜਦੋ ਮੈਂ ਸਰਵੇਖਣ ਵਾਸਤੇ ਰਾਮ ਦਾਸ ਦੀ ਤੀਜੀ ਮੰਜਲ ਤੇ ਸੀ ਛੱਤ ਵਿੱਚ ਲੁਕੇ ਕੁਝ ਅੱਤਵਾਦੀਆ ਨੇ ਮੇਰੇ ਤੇ ਛਾਲ ਮਾਰ ਦਿਤੀ ਬੈਟਰੀਆਂ ਦੇ ਚਾਨਣ ਨਾਲ ਉਨ੍ਹਾਂ ਨੇ ਮੈਨੂੰ ਪਛਾਣ ਲਿਆ ਸੀ ਮੇਰੀ ਸੁਰਖਿਆਂ ਕਰਕੇ ਜਵਾਨ ਗੋਲੀ ਵੀ ਨਹੀਂ ਚਲਾ ਸਕਦੇ ਸਨ। ਸਿਖਲਾਈ ਪ੍ਰਾਪਤ ਅੱਤਵਾਦੀਆਂ ਨੇ ਸਿਧੀਆਂ 2 ਉਗਲਾਂ ਮੇਰੀਆਂ ਅੱਖਾਂ ਵਿੱਚ ਮਾਰੀਆਂ ਇਨੇ ਨੂੰ ਮੇਰੇ ਜਵਾਨਾਂ ਨੇ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਸਾਡੇ ਜਵਾਨ ਲਗਾਤਾਰ ਇੱਕ ਇੱਕ ਮੰਜਲ ਨੂੰ ਦੇਖ ਕੇ ਆਪਣੇ ਅਧੀਨ ਕਰ ਰਹੇ ਸਨ। ਸੋਂ 7 ਜੂਨ ਦੀ ਸਵੇਰ 8 ਵਜੇ ਤੱਕ ਅਸੀਂ ਜੰਗ ਵਾਲੀ ਜਗ੍ਹਾਂ ਤੇ 75% ਕਾਬਜ ਹੋ ਗਏ ਸੀ। ਇਸੇ ਦੋਰਾਣ ਇਕ ਰਾਜਨੀਤੀ ਖੇਡੀ। ਅਸੀਂ 7 ਜੂਨ ਨੂੰ ਸਵੇਰੇ 8 ਵਜੇ ਲਾਉਡ ਸਪੀਕਰਾਂ ਰਾਹੀ ਅੰਦਰ ਲੁਕੇ ਖਾੜਕੂਆਂ ਅਤੇ ਹਰਿਮੰਦਰ

ਸਾਹਿਬ ਦੇ ਅੰਦਰਲੇ ਬੰਦਿਆ ਨੂੰ ਬਾਹਰ ਨਿਕਲਣ ਲਈ ਅਪੀਲਾ ਕੀਤੀਆਂ ਇਨ੍ਹਾਂ ਅਪੀਲਾ ਨੂੰ ਸੁਣ ਕੇ ਹਰਿਮੰਦਰ ਸਾਹਿਬ ਵਿੱਚੋਂ 23 ਅਤੇ ਤਹਿਖਾਣੀਆਂ ਵਿੱਚੋਂ ਕੋਈ 17 ਕੁ ਅੱਤਵਾਦੀ ਬਾਹਰ ਆ ਗਏ। ਉਨ੍ਹਾਂ 23 ਜਾਣਿਆਂ ਨੂੰ ਕੈਂਪਾਂ ਵਿੱਚ ਭੇਜ ਦਿਤਾ ਅਤੇ ਇਨ੍ਹਾਂ 17 ਨੂੰ ਬਾਹਰ ਜਾ ਕੇ ਉਪਰ ਭੇਜ ਦਿਤਾ ਹੁਣ ਸਾਡਾ ਦੂਜਾ ਨਿਸ਼ਾਨਾਂ ਸਾਰੇ ਤਹਿਖਾਣੀਆਂ ਵਿੱਚੋ ਇੱਕਾ ਦੂਕਾ ਰਹੇ ਅਤੱਵਾਦੀਆਂ ਨੂੰ ਮਾਰਨਾ ਅਤੇ ਕਬਜਾ ਕਰਨਾ ਸੀ ਪਰ ਗਰਮੀ ਜਿਆਦਾ ਕਰਕੇ ਲਾਸ਼ਾ ਦੇ ਢੇਰ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਗਈ ਸੋਂ ਅਸੀਂ ਹੁਣ ਛੋਟੀਆਂ ਤੋਪਾਂ ਰਾਹੀ ਸਮੂਹ ਖਿੜਕੀਆਂ ਅਤੇ ਰੋਸ਼ਨਦਾਨਾਂ ਤੇ ਬੰਬ ਬਾਰੀ ਸ਼ੁਰੂ ਕਰ ਦਿਤੀ।

ਅਜੇ ਵੀ ਮਸ਼ੀਨਗੰਨਾਂ ਦੀਆਂ ਗੋਲੀਆਂ ਲਗਾਤਾਰ ਆ ਰਹੀਆਂ ਸਨ। ਸ਼ਾਮ 7 ਵਜੇ ਤੱਕ ਕੋਈ 380 ਛੋਟੇ ਬੰਬ ਸੁਟੇ ਗਏ ਜਿਹੜੇ ਅੰਦਰ ਜਾ ਕੇ ਫਟਨ ਨਾਲ ਅੱਗ ਲਾ ਦਿੰਦੇ ਸਨ। ਪਰ ਫੇਰ ਵੀ ਅੱਤਵਾਦੀਆ ਨੇ ਸਵੇਰ ਤੋਂ ਸਾਡੇ 611 ਜਵਾਨਾਂ ਨੂੰ ਮਾਰ ਦਿੱਤਾ ਅਤੇ 812 ਜਖਮੀ ਵੀ ਹੋ ਗਏ ਸਨ।

ਸੋ 8 ਜੂਨ ਦੀ ਸਵੇਰੇ ਦੇ 3 ਵਜੇ ਅਸੀਂ ਸਾਰੇ ਕਬਜਾ ਕਰ ਲਿਆ ਅਤੇ ਅਕਾਲ ਤਖਤ ਵਿੱਚੋਂ ਸੁਬੇਗ ਸਿੰਘ, ਭਿੰਡਰਾਂਵਾਲਾ ਅਤੇ ਅਮਰੀਕ ਸਿੰਘ ਦੀਆਂ ਲਾਸ਼ਾ ਮਿਲ ਗਈਆਂ ਅਤੇ ਸੈਂਕੜੇ ਲਾਸ਼ਾਂ ਹੋਰ ਸਨ। ਅੱਤਵਾਦੀਆਂ ਅਤੇ ਭਿੰਡਰਾਂਵਾਲੇ ਦਾ ਹਥਿਆਰਾ ਨਾਲ ਪਿਆਰ ਇਥੋ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਹੱਥ ਅਜੇ ਵੀ ਹਥਿਆਰਾ ਨਾਲ ਚੰਗੀ ਤਰ੍ਹਾਂ ਜਕੜੇ ਹੋਏ ਸਨ। ਸੋ 8 ਜੂਨ ਨੂੰ ਸਵੇਰੇ 4 ਵਜੇ ਦਿੱਲੀ ਖਬਰ ਪਹੁੰਚਾਈ ਗਈ। ਇੱਥੇ ਸਾਨੂੰ ਬੜੀ ਹੈਰਾਨੀ ਜਨਕ ਖਬਰ ਮਿਲੀ ਕਿ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਜੀ ਪਿਛਲੇ ਦਿਨਾਂ ਤੋਂ ਘੋਰ ਨਿਰਾਸ਼ਾ ਵਿੱਚ ਹਨ ਜਦੋਂ ਸੁੰਦਰ ਜੀ ਨੇ ਸਵੇਰੇ 6 ਵਜੇ ਇੰਦਰਾਂ ਗਾਂਧੀ ਨਾਲ ਫੋਨ ਤੇ ਗੱਲ ਬਾਤ ਕੀਤੀ ਤਾਂ ਇੰਦਰਾ ਗਾਂਧੀ ਜੀ ਨੇ ਕੋਈ ਵੀ ਖੁਸ਼ੀ ਦਾ ਪ੍ਰਗਟਾਵਾ ਨਹੀਂ ਕੀਤਾ ਸਗੋ ਆਪਹੀ ਫੋਨ ਨੂੰ ਕੱਟ ਗਏ।

ਉਸ ਤੋਂ ਬਾਅਦ ਗਿਆਨੀ ਜੈਲ ਸਿੰਘ ਨਾਲ ਸੰਪਰਕ ਕੀਤਾ ਗਿਆ। ਉਨ੍ਹਾਂ ਨੂੰ ਪਿਛਲੇ ਕਈ ਦਿਨਾਂ ਤੋਂ ਨਜਰ ਬੰਦ ਕੀਤਾ ਹੋਇਆ ਸੀ ਜਦੋ ਜੈਲ ਸਿੰਘ ਨਾਲ ਗੱਲ ਕੀਤੀ ਗਈ ਤਾ ਉਹ ਫੁੱਟ ਫੁੱਟ ਕੇ ਰੋ ਪਿਆ ਉਸ ਨੇ ਉਸੇ ਸਮੇਂ ਅੰਮ੍ਰਿਤਸਰ ਆਉਣ ਦੀ ਇੱਛਾ ਜਾਹਰ ਕੀਤੀ ਤਾ ਸੁਰੱਖਿਆ ਤੌਰ ਤੇ ਸੁੰਦਰ ਜੀ ਨੇ ਹਰੀ ਝੰਡੀ ਕਰ ਦਿੱਤੀ ਅਤੇ ਜਰਨਲ ਵੈਦਿਆ ਜੀ ਜੋ ਕਾਫੀ ਦਿਨ੍ਹਾਂ ਤੋਂ ਜਲਿਆ ਵਾਲੇ ਬਾਗ ਕੋਲ ਸਨ ਉਨ੍ਹਾਂ ਨੇ ਵੀ ਸਾਰੇ ਹਾਲਤਾ ਦੇਖਣ ਦੀ ਇੱਛਾ ਪਰਗਟਾਈ । ਜਰਨਲ ਵੈਦਿਆ ਜੀ ਦੀ ਪਹਿਲਾ ਹੀ ਦਵਾਈ ਚੱਲ ਰਹੀ ਜਦੋਂ ਮੇਰੇ ਦੁਬਾਰਾ ਐਕਸਰੇ ਕੀਤੇ ਗਏ ਤਾ ਮੇਰੇ ਬਲੈਡਰ ਅਤੇ ਛੋਟੀ ਅੰਤੜੀ ਨੂੰ ਕਾਫੀ ਸੋਜ ਆ ਚੁੱਕੀ ਸੀ ਮੈਨੂੰ ਡਾਕਟਰਾ ਨੇ ਅਰਾਮ ਕਰਨ ਦੀ ਸਲਾਹ ਦਿੱਤੀ। ਜਦੋ ਮੈਂ ਹਮਲੇ ਲਈ ਤੁਰਿਆ ਸੀ ਮੇਰੀ ਘਰ ਵਾਲੀ ਨੇ ਬਹਤੁ ਕਿਹਾ ਕੀ ਤੁਸੀਂ ਅਸਤੀਫਾ ਦੇ ਦਿਓ ਪਰ ਮੈਂ ਉਸ ਦੀ ਇੱਕ ਵੀ ਨਾ ਮਨੀ ਅਤੇ ਸਾਰਾ ਕੰਮ ਹੋ ਜਾਣ ਤੋਂ ਬਾਅਦ ਸਰਕਾਰ ਨੂੰ ਬੇਨਤੀ ਕੀਤੀ ਕਿ ਉਸ ਨੂੰ ਅਮਰੀਕਾ ਤੋਂ ਫੋਰਨ ਇਲਾਜ ਕਰਵਾਉਣ ਵਿੱਚ ਮਦਦ ਕੀਤੀ ਜਾਵੇ ਪਰ ਸਰਕਾਰ ਨੇ ਇੱਕ ਨਾ ਮਨੀ

ਸਰਕਾਰਾਂ ਜਰਨੈਲਾਂ ਤੋਂ ਕੰਮ ਤਾ ਲੈ ਲੈਂਦਿਆ ਹਨ ਪਰ ਅਮਰੀਕਾਂ ਤੇ ਇੰਗਲੈਂਡ ਵਾਗ ਬਹੁਤ ਵੱਡੀਆਂ ਸਹੂਲਤਾ ਨਹੀਂ ਦਿੰਦੀਆ। ਮੈਂ ਆਪਣਾ ਇਲਾਜ ਖੁਦ ਆਪਣੇ ਖਰਚੇ ਤੇ ਇੰਗਲੈਂਡ ਅਤੇ ਅਮਰੀਕਾਂ ਵਿੱਚ ਵੀ ਕਰਵਾਇਆ ਪਰ ਕੋਈ ਜਿਆਦਾ ਅਰਾਮ ਨਹੀਂ ਮਿਲਿਆ। ਪਰ ਅੱਜ ਸਰਕਾਰ ਵਲੋਂ ਮੇਰੇ ਨਾਲ ਕੀਤੀਆ ਵਧੀਕੀਆਂ ਅਤੇ ਮੇਰੀ ਵਾਪਸ ਲਈ ਸੁਰਖਿਆ ਕਰਣ ਜੋ 1984 ਤੋਂ ਬਾਅਦ ਮੈ ਝਲਿਆ। ਇਸੇ ਦੁਖ ਕਰ ਕੇ ਮੇਰੇ ਘਰੇ ਕਲੇਸ਼ ਵੀ ਹੁੰਦਾ ਰਿਹਾ। ਤੁਸੀ ਕੀ ਸੋਚ ਕੇ ਇਹੋ ਜਿਹੀ ਸਰਕਾਰ ਲਈ ਦੁਸ਼ਮਣ ਨਾਲ ਬਾਡਰ ਤੇ ਲੜ ਸਕਦੇ ਹੋ ਜਿਹੜੀ ਸਰਕਾਰ ਜੰਗ ਵਿੱਚ ਖਾਦੀ ਮਾਰ ਦਾ ਇੱਕ ਵਾਰ ਇਲਾਜ ਨਾ ਸਕੇ । ਇਨ੍ਹੀ ਬਹਾਦਰੀ ਨਾਲ ਅਸੀ ਲੜੀਏ ਤੇ ਪੁਰਸਕਾਰ ਕੋਈ ਹੋਰ ਲੈ ਜਾਵੇ ਮੇਰਾ ਇੱਕੋ ਇੱਕ ਲੜਕਾ ਜਦੋਂ ਐਕਸੀਡੈਂਟ ਵਿੱਚ ਮਾਰਿਆ ਗਿਆ ਤਾ 3 ਦਿਨ ਉਸ ਦੀ ਲਾਸ਼ ਪੋਸਟਮਰਾਟਮ ਵਿੱਚ ਪਈ ਰਹੀ ਜਦੋ ਕਿ ਉਸ ਦੀ ਜੇਬ ਵਿੱਚ ਮੇਰਾ ਅਡੈਂਟੀ ਕਾਰਡ ਵੀ ਸੀ। ਜਦੋਂ ਅਸੀ ਪਤਾ ਲੱਗਣ ਤੋਂ ਬਾਅਦ ਤੀਸਰੇ ਦਿਨ ਪਹੁੰਚੇ ਤਾਂ ਲਾਸ਼ ਗਰਮੀ ਨਾਲ ਖਰਾਬ ਹੋ ਚੁੱਕੀ ਸੀ। ਕੀ ਗੋਰਮਿੰਟ ਇਨ੍ਹੀਂ ਹੀ ਕਦਰ ਕਰਦੀ ਹੈ। ਜਿਸ ਦਿਨ ਅਸੀਂ 1984 ਵਿੱਚ ਹਮਲਾ ਕੀਤਾ ਸਾਰੀ ਗੋਰਮਿੰਟ ਅਤੇ ਮਸ਼ੀਨਰੀ ਸਾਡੇ ਨਾਲ ਸੀ ਪਰ ਮੇਰੇ ਲੜਕੇ ਦੇ ਭੋਗ ਦੇ ਉਤੇ ਮੇਰੇ ਰਿਸ਼ਤੇਦਾਰ ਅਤੇ ਫੌਜ ਦੇ ਦੋਸਤ ਅਫਸਰਾਂ ਨੂੰ ਛੱਡ ਕੇ ਕੋਈ ਸਰਕਾਰੀ ਅਫਸਰ ਨਾ ਪਹੁੰਚਿਆ ਕੀ ਫੌਜ ਦੇ ਜਰਨੈਲਾਂ ਦੀ ਇਨ੍ਹੀ ਹੀ ਕਦਰ ਹੈ। ਆਪਾ ਮੁੜ ਪਹਿਲਾ ਵਾਲੀਆਂ ਗੱਲਾਂ ਤੇ ਆਈਏ।

ਗਿਆਨੀ ਜੈਲ ਸਿੰਘ ਦਾ ਆਉਣਾ:-

8 ਜੂਨ ਨੂੰ ਸਵੇਰੇ ਜੈਲ ਸਿੰਘ ਹੈਲੀਕਾਪਟਰ ਰਾਹੀ ਅੰਮ੍ਰਿਤਸਰ ਆਇਆ ਜਦੋ ਉਹ ਮੁੱਖ ਦਰਵਾਜੇ ਰਾਹੀ ਉਤਰਿਆ ਤਾ ਉੱਚੀ ਉੱਚੀ ਬੱਚਿਆਂ ਵਾਗ ਰੋਣ ਲੱਗ ਪਿਆ ਜਦੋ ਕਿ ਸਾਨੂੰ ਉਮੀਦ ਸੀ ਕਿ ਉਹ ਸਾਡੀ ਬਹਾਦਰੀ ਦੇ ਸੋਹਲੇ ਗਾਵੇਗਾ। ਮੈਂ ਛਤਰੀ ਫੜ ਕੇ ਉਸ ਦੇ ਨਾਲ ਨਾਲ ਤੁਰ ਰਿਹਾ ਸੀ। ਪਰ ਉਸ ਨੂੰ ਕੋਈ ਕਦਰ ਨਹੀਂ ਸੀ ਕਿ ਇੱਕ ਜਰਨੈਲ ਉਸ ਦੀ ਛੱਤਰੀ ਫੜ ਕੇ ਤੁਰ ਰਿਹਾ ਹੈ ।

ਇਸੇ ਦੋਰਾਨ ਮਲਬੇ ਦੇ ਹੇਠ ਦੱਬਿਆ ਹੋਇਆ ਇੱਕ ਅੱਤਵਾਦੀ ਜੋ ਸਹਿਕ ਰਿਹਾ ਸੀ ਉਸ ਨੇ ਗੋਲੀ ਚਲਾਈ ਜਿਹੜੀ ਕਿ ਸਭ ਤੋਂ ਮੂਹਰੇ ਸੁਰਖਿਆ ਦਸਤੇ ਦੀ ਛਾਤੀ ਵਿੱਚ ਲੱਗੀ ਤੇ ਉਹ ਮੋਕੇ ਉਤੇ ਹੀ ਮਾਰਿਆ ਗਿਆ। ਮੈਂ ਸਮੇਤ ਛੱਤਰੀ ਸਰੋਵਰ ਵਿੱਚ ਛਾਲ ਮਾਰ ਦਿੱਤੀ ਤੈਰਨਾ ਨਾ ਆਉਣ ਕੇ ਜਵਾਨਾਂ ਨੇ ਹਿੰਮਤ ਕਰਕੇ ਮੈਨੂੰ ਬਾਹਰ ਕੱਢਿਆ। ਇਨ੍ਹੇ ਚਿਰ ਨੂੰ ਗਿਆਨੀ ਜੈਲ ਸਿੰਘ ਹਰਮਿੰਦਰ ਸਾਹਿਬ ਜਾ ਕੇ ਬੈਠ ਗਿਆ ਮੈਂ ਛੇਤੀ ਨਾਲ ਵਰਦੀ ਬਦਲ ਕੇ ਮਗਰੇ ਚਲਾ ਗਿਆ। ਜਦੋਂ ਅਸੀਂ ਉਨ੍ਹਾਂ ਨੂੰ ਬਾਅਦ ਵਿੱਚ ਸਾਰੀਆਂ ਥਾਵਾਂ ਦਿਖਾਈਆਂ ਜਿਨ੍ਹਾਂ ਥਾਵਾਂ ਤੇ ਫੌਜ ਦੇ 15000 ਦੇ ਆਸ ਪਾਸੇ ਜਵਾਨ ਸ਼ਹੀਦੀਆਂ ਪਾ ਗਏ ਸੀ। ਜੈਲ ਸਿੰਘ ਸਾਨੂੰ ਸ਼ਾਬਾਸ਼ ਦੇਣ ਦੀ ਥਾਂ ਨਸੀਅਤਾਂ ਦੇਣ ਲੱਗ ਪਿਆ ਪਤਾ ਤਾ ਫੇਰ ਲੱਗਦਾ ਜੇ ਕਰ ਅੱਗੇ ਹੋ ਕੇ ਲੜਨਾ ਹੋਵੇ ਦਿੱਲੀ ਬੈਠ ਕੇ ਹੁਕਮ ਦੇਣੇ ਸੋਖੇ ਹਨ ਸਾਡੇ ਵਰਗਿਆ ਨੇ ਸਾਡੇ ਬੱਚਿਆ ਵਰਗੇ ਜਵਾਨ ਸ਼ਹੀਦ ਕਰਵਾਏ ਅਤੇ ਅੰਦਰੂਨੀ ਸੱਟਾਂ ਵੀ ਖਾਦੀਆਂ। ਉਸ ਤੋਂ ਉਲਟ

ਬਹਾਦਰੀ ਦੇਣ ਦੀ ਥਾਂ ਸਾਨੂੰ ਹੀ ਗਲਤ ਦੱਸਣ ਲੱਗ ਪੈਣਾ। ਕੀ ਜੈਲ ਸਿੰਘ ਆਪ ਬਹੁਤ ਸਿਆਣਾ ਸੀ। ਇੰਦਰਾ ਗਾਂਧੀ ਨੇ ਹਮਲੇ ਦੇ ਸਾਇਨ ਕਰਵਾ ਕੇ 7 ਦਿਨ ਘਰ ਵਿੱਚ ਨਜਰ ਬੰਦ ਕਰਕੇ ਫੌਜ ਦਾ ਪਹਿਰਾ ਲਗਾ ਦਿੱਤਾ। ਜੇਕਰ ਉਸ ਨੂੰ ਇਨ੍ਹਾਂ ਹੀ ਦੁਖ ਸੀ ਤਾਂ ਘਰ ਵਿੱਚ ਹੀ ਖੁਦਖੁਸ਼ੀ ਕਰ ਲੈਂਦਾ ਅਤੇ ਰਾਸ਼ਟਰ ਪਤੀ ਹੁੰਦਿਆ ਇਨ੍ਹਾਂ ਦੁਖੀ ਨਾ ਹੁੰਦਾ।

ਜੇ ਕਰ ਅੰਗਰੇਜਾ ਨੇ ਇਸ ਦੇ ਪਜਾਮੇ ਵਿੱਚ ਚੂਹੇ ਪਾਕੇ ਇਸ ਨੂੰ ਜੀਪ ਵਿੱਚ ਨਾ ਖਚਿਆ ਹੁੰਦਾ ਵੇਸੇ ਵੀ ਇਹ ਭਿੰਡਰਾਂਵਾਲੇ ਦੀ ਲਾਸ਼ ਦੇਖ ਕੇ ਥੱਲੇ ਹੀ ਬੈਠ ਗਿਆ ਅਤੇ ਮੈਂਨੂੰ ਪਤਾ ਸੀ ਕਿ ਇਹ ਅੰਦਰੋ ਅੰਦਰੀ ਹੀ ਭਿੰਡਰਾਵਾਲੇ ਦਾ ਹਮਾਇਤੀ ਸੀ ਅਤੇ ਹਰ ਪਾਸੇ ਤੋਂ ਉਸ ਦੀ ਮਦਦ ਕਰਦਾ ਸੀ ਤਾਂ ਹੀ ਇਹ 8 ਜੂਨ ਨੂੰ ਸਾਡੇ ਕਿਸੇ ਵੀ ਸੀਨੀਅਰ ਨਾਲ ਭਿੰਡਰਾਂਵਾਲੇ ਦੀ ਕਿਸੇ ਵੀ ਗੱਲ ਦੀ ਬਹਿਸ ਨਹੀਂ ਕੀਤੀ ਅਤੇ ਸਾਰੇ ਦਿਹਾੜੀ ਬੰਬਾਂ ਦੇ ਬਣਾਏ ਖੰਡਰਾਂ ਨੂੰ ਦੇਖਦਾ ਰਿਹਾ ਅਤੇ ਸ਼ਾਮ ਨੂੰ ਵਾਪਸ ਦਿੱਲੀ ਚਲਾ ਗਿਆ ਮੈਂ ਬਾਅਦ ਵਿੱਚ ਪਛਤਾਵਾਂ ਵੀ ਕੀਤਾ ਅਤੇ ਫਿਰ ਅਸੀਂ ਆਪਣੀ ਰਿਹਾਇਸ਼ ਤੇ ਚਲੇ ਗਏ।

ਸਿੱਖ ਫੌਜੀਆਂ ਤੇ ਪੰਜਾਬ ਵਾਸੀਆਂ ਦੀ ਬਗਾਵਤ:

ਹਮਲੇ ਤੋਂ ਪਹਿਲਾ ਹੀ ਗੋਰਮਿੰਟ ਨੂੰ ਬਗਾਵਤ ਦੀ ਚੇਤਾਵਨੀ ਦਿਤੀ ਗਈ ਸੀ ਸਭ ਤੋਂ ਖਤਨਰਕ ਬਗਾਵਤ ਫੌਜੀਆਂ ਦੀ ਸੀ ਕਿਉ ਕਿ ਬਾਗੀ ਫੌਜੀਆਂ ਕੋਲ ਟੈਂਕ ਅਤੇ ਵੱਡੀਆਂ ਤੋਪਾਂ ਸਨ। ਅਗਰ ਉਹ ਭਿੰਡਰਾਂ ਵਾਲੇ ਦੇ ਕਹਿਣੇ ਅਨੁਸਾਰ ਉਸੇ ਜਗ੍ਹਾ ਹਮਲੇ ਕਰ ਦਿੰਦੇ ਜਿੱਥੇ ਉਹ ਖੜੇ ਸਨ ਤਾਂ ਉਹ ਸ਼ਹਿਰਾਂ ਦੇ ਸ਼ਹਿਰ ਤਬਾਹ ਕਰ ਸਕਦੇ ਸਨ ਕਿਉ ਕਿ 65% ਫੌਜ ਸਾਰੀ ਪੰਜਾਬ ਵਿੱਚ ਬਾਕੀ 20% ਬਾਡਰ ਦੇ ਕੋਲ ਅਤੇ ਸਿਰਫ 10% ਦੇਸ਼ ਦੇ ਅੰਦਰੂਨੀ ਹਿੱਸੇ ਵਿੱਚ ਸੀ ਸੋ ਇਸ ਬਗਾਵਤ ਤੇ ਕਾਬੂ ਪਾਉਣਾ ਬਹੁਤ ਮੁਸ਼ਕਲ ਹੋ ਜਾਣਾ ਸੀ। ਪਰ ਬਾਗੀ ਫੌਜੀਆਂ ਨੇ ਜਦੋ ਹਮਲੇ ਦੀ ਖਬਰ ਸੁਣੀ ਤਾ ਉਹ ਅੰਮ੍ਰਿਤਸਰ ਨੂੰ ਰਵਾਨਾ ਹੋ ਗਏ। ਪਰ ਦੂਰੀਆਂ ਜਿਆਦਾ ਹੋਣ ਕਰਕੇ ਪਹਿਲਾ ਤਾਂ ਉਹ ਆਪਣ ਵਿੱਚ ਖਿੰਡ ਗਏ ਦੂਸਰਾ ਥਕਾਵਟ ਅਤੇ ਤੇਲ ਦੇ ਮੁਕਣ ਕਰਕੇ ਉਨ੍ਹਾਂ ਨੂੰ ਰਸਤੇ ਵਿੱਚ ਹੀ ਕਾਬੂ ਕਰਨਾ ਸੋਖਾ ਹੋ ਗਿਆ ਸੋ ਸਾਰੇ ਫੜੇ ਗਏ।

ਦੂਸਰੀ ਲੋਕਾਂ ਦੀ ਬਗਾਵਤ ਰੋਕਣ ਲਈ ਲੋਕਾਂ ਨੂੰ 2 ਜੂਨ ਦੇ ਆਸੇ ਪਾਸੇ ਹੀ ਇਹ ਗੱਲ ਫੈਲਾਈ ਗਈ ਕਿ ਭਿੰਡਰਾਂਵਾਲੇ ਨੇ ਅੰਮ੍ਰਿਤਸਰ ਆਉਣ ਲਈ ਕਿਹਾ ਹੈ ਜਦੋ ਕਈ ਕਿਲੋਮੀਟਰ ਤੁਰ ਕੇ ਅੰਮ੍ਰਿਤਸਰ ਦੇ ਨੇੜੇ ਪਹੁੰਚੇ ਤਾਂ ਅੱਗੇ ਫੌਜ ਨੇ ਡਾਗਾਂ ਨਾਲ ਸਵਾਗਤ ਕਰਕੇ ਵਾਪਸ ਕੀਤਾ ਜਦੋ ਉਹ ਥੱਕੇ ਹਾਰੇ 7-8 ਜੂਨ ਨੂੰ ਘਰਾਂ ਵਿੱਚ ਪੁੰਚੇ ਤਾ ਉਸ ਸਮੇਂ ਤੱਕ ਅਸੀਂ ਸਾਰਾ ਕੰਮ ਮੁਕਾ ਲਿਆ ਸੀ। ਸੋਂ ਇਹ ਦੋਨੇ ਬਗਾਵਤਾ ਫੇਲ ਹੋਣ ਲਈ ਸਰਕਾਰ ਨੇ ਕੂਟ ਨੀਤੀ ਦਾ ਸਹਾਰਾ ਲਿਆ ਸੀ।

ਫੌਜ ਦੀ ਮਨੋਬਿਰਤੀ

ਜਦੋਂ ਅਸੀਂ ਹਮਲਾ ਕਰਨਾ ਸੀ ਭਾਵੇ ਸਿੱਖ ਧਰਮ ਹਿੰਦੂਆਂ ਵਿੱਚੋਂ ਪੈਦਾ ਹੋਇਆ ਹੈ ਸੋ ਕਈ ਹਿੰਦੂ ਵੀ ਗੁਰੂ ਘਰਾਂ ਵਿੱਚੋਂ ਜਾਂਦੇ ਸੀ ਨਿਸਚੇ ਹੀ ਉਹ ਹਮਲਾ

ਕਰਨ ਤੋਂ ਝਿਜਕਦੇ ਸੀ ਭਾਵੇ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ। ਭਾਵੇ ਸਾਨੂੰ ਇਹ ਹਮਲਾ ਬਹੁਤ ਮਹਿੰਗਾ ਪਿਆ। ਜਰਨਲ ਵੈਦਿਆ ਜੀ ਨੂੰ ਮਿਲੀ ਰਿਪੋਰਟ ਅਨੁਸਾਰ ਇਸ ਹਮਲੇ ਦਾ ਪੂਰਾ ਖਰਚ, ਜੋ ਜਖਮੀ ਹੋਏ ਅਤੇ ਜੋ 15000 ਦੇ ਕਰੀਬ ਸ਼ਹੀਦ ਹੋਏ ਅਤੇ ਸਾਰੇ ਪੰਜਾਬ ਨੂੰ ਫੌਜ ਨੇ ਕੰਟਰੋਲ ਕਰਨਾ ਸੀ 4373 ਕਰੋੜ ਰੁਪਏ ਸਾਰੇ ਉਪਰੇਸ਼ਨ ਤੇ ਖਰਚ ਹੋਏ। ਸੋ ਆਪਾ ਫੌਜ ਦੀ ਮਾਨਸਿਕਤਾ ਸੀ ਗੱਲ ਕਰਦੇ ਸਾ ਫੌਜ ਨੂੰ ਹਮਲਾ ਕਰਨ ਲਈ ਕਈ ਝੂਠ ਦੇ ਸਹਾਏ ਵੀ ਲਏ ਗਏ ਅਤੇ ਕਿਹਾ ਗਿਆ ਕਿ ਭਿੰਡਰਾਵਾਲਾ ਇੱਥੇ ਬੰਦੇ ਮਾਰਦਾ ਅਤੇ ਅੰਦਰ ਬੰਬ ਬਣਾਉਣ ਦੀ ਫੈਕਟਰੀ ਲਾਈ ਹੈ ਉਹ ਅੰਦਰ ਕੁੜੀਆਂ ਦੇ ਮੱਸੇਰੰਗੜ ਵਾਂਗ ਨਾਚ ਕਰਵਾਉਂਦਾ ਹੈ ਅਸੀ ਇਹ ਹਮਲਾ ਨਹੀਂ ਕਰ ਰਹੇ ਅਸੀਂ ਇਸ ਭਗਵਾਨ ਦੇ ਘਰ ਨੂੰ ਪਾਪੀ ਬੰਦਿਆ ਤੋਂ ਛੁਡਵਾ ਰਹੇ ਹਾਂ।

ਦੂਸਰੀ ਮਾਨਸਿਕਤਾ ਮੌਤ ਦੇ ਡਰ ਦੀ ਸੀ। ਉਹ ਅਸੀਂ ਅਖੀਰ ਤੱਕ ਸਾਰੀ ਸ਼ਹੀਦੀ ਦੀ ਗਿਣਤੀ ਮਿਨਤੀ ਲਕੋ ਕੇ ਰੱਖੀ ਹੈ। ਹਿੰਦੋਸਤਾਨ ਦੀ ਸਰਕਾਰ ਬਨਣ ਲੱਗੀ ਵੀ ਲੋਕਾਂ ਨਾਲ ਹਜਾਰਾਂ ਵਾਧੇ ਕਰਕੇ ਮੁੱਕਰਜਾਂਦੀ ਹੈ ਜੇਕਰ ਦੇਖਿਆ ਜਾਵੇ ਕਿ ਹਿੰਦੋਸਤਾਨ ਪੂਰੇ ਸੱਚ ਦੇ ਰਾਹ ਤੇ ਆ ਜਾਵੇ ਤਾਂ ਸ਼ਾਇਦ ਦੁਨੀਆਂ ਦੀ ਇੱਕ ਵੱਖਰੀ ਤਾਕਤ ਬਣ ਜਾਵੇ ਸਰਕਾਰ ਲੋਕਾਂ ਲਈ ਪੜ੍ਹਾਈ ਦਾ ਕੋਈ ਪ੍ਰਬੰਧ ਨਹੀਂ ਕਰਦੀ ਅਤੇ ਅਨਪੜ੍ਹ ਬੰਦੇ ਨੂੰ ਜਿਵੇ ਮਰਜੀ ਲੜਾ ਲਵੋਂ।

ਇਸ ਕਰਕੇ ਅਨਪੜ੍ਹ ਆਦਮੀ ਰੱਬ ਦੇ ਮਗਰ ਵੱਧ ਲੱਗਦੇ ਹਨ। ਜਿਨ੍ਹੇ ਹਿੰਦੋਸਤਾਨ ਵਿੱਚ ਧਰਮ ਦੇ ਨਾਮ ਤੇ ਬੰਦੇ ਮਰਦੇ ਹਨ ਸ਼ਾਇਦ ਇਨੇ ਬਿਮਾਰੀ ਜਾ ਗਰੀਬੀ ਨਾਲ ਨਹੀਂ ਮਰਦੇ। ਲੋਕਾਂ ਨੂੰ ਜਾਣ ਬੁੱਝ ਕੇ ਅਨਪੜ੍ਹਤਾ ਵੱਲ ਵਧਾਇਆ ਜਾਂਦਾ ਹੈ। 1982 ਵਿੱਚ ਦੇਸ਼ ਦੀ ਕੁਲ ਕਰੰਸੀ ਸੀ 72% ਸਿਰਫ 14% ਬੰਦਿਆ ਵਿੱਚ ਸੀ। ਸੋ ਅੱਤ ਦੀ ਗਰੀਬੀ ਸਹਿਨਾ ਆਪਣੇ ਆਪ ਹੀ ਆ ਜਾਂਦੀ ਹੈ। ਸਾਨੂੰ ਫੌਜ ਵਿੱਚ ਵੀ ਹੇਠਲੇ ਪਧਰ ਦੇ ਜਵਾਨਾਂ ਨੂੰ ਅਮਰੀਕਾਂ ਜਾ ਯੋਰਪ ਦੀ ਫੌਜ ਦੇ ਮੁਕਾਬਲੇ ਕੀ ਸਹੂਲਤ ਮਿਲਦੀ ਹੈ ਸੋ ਫੌਜ ਨੂੰ ਘੱਟ ਸਹੂਲਤਾਂ ਦੇ ਕੇ ਲੋੜ ਤੋਂ ਵੱਧ ਫਾਈਦੇ ਦੀ ਆਸ ਨਹੀਂ ਰੱਖ ਸਕਦੇ ਇਸੇ ਕਰਨ ਕਰਕੇ 1965 ਅਤੇ 1972 ਦੀ ਪਾਕਿਸਤਾਨ ਦੀ ਜੰਗ ਸਮੇ 213 ਫੌਜ ਦੇ ਉਹ ਅਫਸਰ ਪਕੜੇ ਗਏ ਜਿਹੜੇ ਦੁਸ਼ਮਣਾ ਦੇ ਜਸੂਸਾ ਨਾਲ ਮਿਲੇ ਹੋਏ ਸਨ। ਇਨ੍ਹਾਂ ਵਿੱਚੋਂ 204 ਹਿੰਦੂ 2 ਸਿੱਖ 5 ਮੁਸਲਮਾਨ ਅਤੇ 2 ਗੋਰਖੇ ਸਨ। ਕੋਈ ਵੀ ਅਫਸਰ ਦੁਸ਼ਮਣ ਨਾਲ ਉਦੋ ਮਿਲਦਾ ਹੈ ਜਦੋ ਦੁਸ਼ਮਣ ਉਸ ਦੀ ਜਿੰਦਗੀ ਨੂੰ ਜੋ ਪਦਾਰਥ ਚਾਹੀਦੇ ਹਨ ਉਨ੍ਹਾਂ ਦੀ ਪੂਰਤੀ ਕਰਦਾ।

ਅਜੇ ਵੀ ਵੱਡੀ ਪੱਧਰ ਤੇ ਸਾਡੀ ਫੌਜ ਵਿੱਚ ਦੁਸ਼ਮਣ ਦੇ ਜਸੂਸਾਂ ਦੇ ਮਿਲਣ ਦਾ ਖਦਸ਼ਾ ਹੈ। ਇਸੇ ਤ਼ਰ੍ਹਾਂ ਕਿਸੇ ਵੀ ਰਾਜ ਜਾ ਸੂਬੇ ਵਿੱਚ ਤੁਸੀ ਪੂਰੀ ਸਹੂਲਤ ਜਾ ਹੱਕ ਨਹੀਂ ਦਿੰਦੇ ਉੱਥੇ ਲੋਕ ਲਹਿਰਾ ਉਠਨੀਆ ਸੁਭਾਵਿਕ ਹਨ ਦਿਲੀ ਵਿੱਚ ਬੈਠੇ ਵਜੀਰ ਸਿਰਫ ਆਪਣੀ ਕਾਈਮ ਰਖਣ ਲਈ ਦੰਗੇ ਕਰਵਾ ਕੇ ਹਜਾਰਾ ਜਾਨਾਂ ਲੈ ਕੇ ਆਪਣੀ ਕੁਰਸੀ ਕਾਈਮ ਰਖਦੇ ਹਨ 1984 ਦੇ ਦੰਗਿਆ ਦੇ ਸਰਕਾਰੀ ਅੰਕੜਿਆਂ ਅਨੁਸਾਰ ਸਿਰਫ ਦਿੱਲੀ ਵਿੱਚ 10842 ਆਦਮੀ ਮਾਰੇ ਅਤੇ 17231 ਬਲਾਤਕਾਰ

ਦੇ ਕੇਸ ਦਰਜ ਹੋਏ।

17231 ਕੇਸਾਂ ਵਿੱਚੋਂ 8377 ਉਹ ਲੜਕੀਆਂ ਸਨ ਜਿਨ੍ਹਾਂ ਦੀ ਉਮਰ 8 ਸਾਲ ਤੋਂ 14 ਸਾਲ ਦੇ ਵਿੱਚਕਾਰ ਸੀ। ਇਥੇ ਹੈਰਾਨੀ ਹੁੰਦੀ ਹੈ। ਜਦੋਂ ਸਰਕਾਰੀ ਅੰਕੜਿਆਂ ਮੁਤਾਬਕ 2537 ਉਹ ਔਰਤਾਂ ਰੇਪ ਹੋਇਆ ਜਿਨ੍ਹਾਂ ਦੀ ਉਮਰ 45 ਤੋਂ 87 ਸਾਲ ਵਿੱਚਕਾਰ ਸੀ। ਉਨ੍ਹਾਂ ਬੁੱਢੀਆਂ ਔਰਤਾ ਦੇ ਪੁਤਰਾਂ ਧੀਆ ਦੇ ਸਾਹਮਣੇ ਪਹਿਲਾ ਇਜਤਾਂ ਲੁਟੀਆ ਗਈਆ ਫੇਰ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਸਾਹਮਣੇ ਅੱਗ ਲਾ ਦਿੱਤੀ ਗਈ। ਅਜਿਹੀ ਸਥਿਤੀਆਂ ਤੋਂ ਉਠੀ ਲੋਕ ਲਹਿਰ ਦਬਾਉਣੀ ਬਹੁਤ ਔਖੀ ਹੁੰਦੀ ਹੈ ਅਤੇ ਕੇਂਦਰ ਗੋਰਮਿੰਟ ਦੀ ਕਿਸਮਤ ਚੰਗੀ ਸੀ। ਕਿਉ ਕਿ ਦੰਗਿਆ ਦਾ ਸ਼ਿਕਾਰ ਹੋਏ ਬਹੁਤੀ ਭਾਪਾ ਕੌਮ ਸੀ। ਜੋ ਬਦਲਾ ਲੈਣ ਵਿੱਚ ਵਿਸ਼ਵਾਸ਼ ਨਹੀਂ ਰੱਖਦੀ। ਅਗਰ ਇਹੀ ਪੰਜਾਬੀਆਂ ਨਾਲ ਹੋਇਆ ਹੁੰਦਾ। ਤਾਂ ਸ਼ਾਇਦ ਇੱਕ ਇੱਕ ਘਰ ਵਿੱਚ ਭਿੰਡਰਾਂਵਾਲਾ ਜੰਮ ਪੈਂਣਾ ਸੀ।

ਪਰ ਇਹ ਗੱਲਾਂ ਪਛੱਮੀ ਦੇਸ਼ਾਂ ਵਿੱਚ ਨਹੀਂ ਵਾਪਰਦੀਆਂ। ਕਿਉ ਕਿ ਉਹ ਲੋਕ ਛੋਟੀ ਜਿਹੀ ਗਲਤੀ ਸਾਬਤ ਹੋ ਜਾਣ ਤੇ ਅਸਤੀਫਾ ਦੇ ਦਿੰਦੇ ਹਨ ਇਨ੍ਹੀ ਨੀਚ ਘਟਨਾਂ ਦੇ ਬਦਲੇ ਉਹ ਸੋਚ ਵੀਂ ਨਹੀਂ ਸਕਦੇ। ਇਨ੍ਹਾਂ ਗੱਲਾਂ ਕਾਰਨ ਏਸ਼ੀਆਂ ਵਿੱਚੋਂ ਲੋਕ ਨਿੱਕਲ ਕੇ ਯੂਰਪੀ ਦੇਸ਼ਾਂ ਵਿੱਚ ਜਾਣਾ ਮੰਗਦੇ ਹਨ।

ਬਲਿਊ ਸਟਾਰ ਉਪਰ ਛਪੀਆਂ ਪੁਸਤਕਾਂ

ਬਲਿਊ ਸਟਾਰ ਤੋਂ ਬਾਅਦ ਅਨੇਕਾਂ ਪੁਸਤਕਾਂ ਜਨਮ ਲਿਆ ਕੁਝ ਸਿੱਖਾਂ ਨਾਲ ਹਮਦਰਦੀ ਰੱਖਣ ਵਾਲਿਆ ਨੇ ਭਿੰਡਰਾਂਵਾਲੇ ਦਾ ਪੱਖ ਪੂਰਿਆ ਅਤੇ ਕਈਆਂ ਨੇ ਸਰਕਾਰ ਦਾ ਪੱਖ ਪੂਰਿਆ। ਮੈਂ ਵੀ ਪਹਿਲੀ ਅਡੀਸ਼ਨ 1994 ਵਿੱਚ ਕੱਢੀ ਜਿਸ ਦੀ 2003 ਤੱਕ 1,00,6200 ਕਾਪੀ ਵੇਚੀ ਸਾਨੂੰ ਕੁਝ ਕਾਰਣਾ ਕਰਕੇ ਭੇਦ ਗੁਪਤ ਵੀ ਰੱਖਣੇ ਪੈਂਦੇ ਹਨ। ਮੇਰੀ ਜਿੰਦਗੀ ਵਿੱਚ ਹੋਈ ਰੱਦੋ ਬਦਲ ਕਾਰਣ ਮੇਰੀ ਮਾਨਸਿਕਤਾ ਬਿਲਕੁਲ ਬਦਲ ਗਈ ਇਹ ਨਵੇ ਅਡੀਸ਼ਨ ਵਿੱਚ ਮੈਂ 1984 ਦੇ ਸਮੇ ਦੌਰਾਨ ਨੋਟ ਕੀਤੀ ਹੋਈ ਡਾਇਰੀ ਹੀ ਛਾਪ ਦਿੱਤੀ। ਭਾਵੇ ਕਿ ਉਸ ਕਿਤਾਬ ਵਿੱਚ ਕਾਫੀ ਉਤਰਾ ਚੜਾਅ ਹਨ ਪਰ ਮੇਰੇ ਰੱਬ ਪ੍ਰਤਿ ਨੈਗੇਟਿਵ ਵਿਚਾਰ ਸਮੇਂ ਦੀ ਮਾਨਸਿਕਤਾ ਵੱਲ ਹਨ। ਕਿਤੇ ਸਰਕਾਰ ਦਾ ਪੱਖ ਵੱਲ ਕਿਤੇ ਲੋਕ ਲਹਿਰ ਦੇ ਪੱਖ ਵੱਲ ਮੇਰੀ ਹਮਦਰਦੀ ਹੋਣਾ ਇੱਕ ਹੈਰਾਨੀ ਜਨਕ ਹੈ।

ਪਰ ਮੈ ਇੱਕ ਫੌਜੀ ਅਫਸਰ ਸੀ। ਜਦੋ ਕਿ ਲਿਖਾਰੀ ਨਹੀਂ। ਸੋਂ ਇਹ ਬਲੀਊ ਸਟਾਰ ਕੋਈ ਡਰਾਮਾ ਜਾ ਫਿਲਮ ਨਹੀਂ ਸੀ ਜਿਸ ਨੂੰ ਲਿਖਾਰੀ ਇੱਕ ਕਲਮ ਤੋਂ ਮਾਲਾ ਵਿੱਚ ਪਰੋ ਪੇਸ਼ ਕੀਤਾ ਜਾਵੇ ਸੋ ਆਪਾਂ ਗੱਲ ਕਰਦੇ ਸੀ ਬਲੀਊ ਸਟਾਰ ਦੇ ਉਪਰ ਲਿਖੀਆਂ ਕਿਤਾਬਾਂ ਦੀ ਇੱਥੇ ਮੈਂ ਵਰਨਣ ਕਰਨਾ ਚਾਹਾਗਾਂ ਕਿ ਭਿੰਡਰਾਂਵਾਲਾ ਕਹਿੰਦਾ ਸੀ ਕਿ ਸਾਰੇ ਹਿੰਦੂ ਕੇਂਦਰ ਗੋਰਮਿੰਟ ਨਾਲ ਰਲੇ ਹੋਏ ਹਨ ਮੇਰੇ ਸਾਰੇ ਦੁਸ਼ਮਣ ਬਣੇ ਹਨ। ਇਹ ਤਕਰੀਰਾਂ ਮੈਂ ਆਪ ਉਸ ਦੀਆਂ ਟੇਪਾਂ ਵਿੱਚੋਂ ਸੁਣੀਆਂ ਹਨ। ਪਰ ਜੇ ਕਰ ਦੇਖਿਆ ਜਾਵੇ ਇੱਕ ਪੰਜਾਬ ਸਰਕਾਰ ਵਿੱਚ ਇੱਕ ਉੱਚ ਰੁਤਬੇ ਤੇ ਤਾਇਨਾਤ ਉਚ ਅਧਿਕਾਰੀ ਏ. ਕੇ. ਦਰਸੀ ਦੀ ਕਿਤਾਬ ਜਾਬਾਜ ਰਾਖਾਂ ਪੜੀ ਜਾਵੇ ਅਤੇ ਸਾਰੇ

ਸਰੋਤੇ ਦੇਖਣ ਕਿ ਭਿੰਡਰਾਂਵਾਲਾ ਹਿੰਦੂਆਂ ਪ੍ਰਤੀ ਕੀ ਭਾਵਨਾ ਰੱਖਦਾ ਹੈ। ਜਦੋਂ ਕਿ ਇੱਕ ਹਿੰਦੂ ਅਫਸਰ ਏ. ਕੇ ਦਰਸੀ ਭਿੰਡਰਾਂਵਾਲੇ ਦੀ ਪ੍ਰਸੰਸਾ ਕਰਦਾ ਨਹੀਂ ਥਕਦਾ ਏ. ਕੇ ਦਰਸੀ ਤਾ ਗੁਰੂ ਗੋਬਿੰਦ ਸਿੰਘ ਤੋਂ ਬਆਦ ਮਰਦ ਸਾਬਤ ਕਰਨਾ ਚਹੁੰਦਾ ਹੈ।ਨ ਜੇ ਕਰ ਅੱਜ ਭਿੰਡਰਾਵਾਲਾ ਜਿਉਂਦਾ ਹੁੰਦਾ ਤਾਂ ਮੈ ਏ ਕੇ ਦਰਸੀ ਨੂੰ ਉਸ ਦੇ ਸਾਹਮਣੇ ਪੇਸ਼ ਕਰਦਾ ਤੇ ਪੁਛਦਾ ਕਿ ਏ. ਕੇ ਦਰਸੀ ਹਿੰਦੂ ਹੈ ਜਾ ਸਿੱਖ ਇਹ ਕਿਉ ਤੇਸੀ ਸਿਫਤ ਕਰ ਰਿਹਾ ਹੈ ਅਤੇ ਮੈ ਉਨ੍ਹਾਂ ਖਾਲਸਤਾਨੀ ਸਿੱਖਾਂ ਨੂੰ ਵੀ ਕਹਾਗਾਂ ਕਿ ਤੁਸੀ ਹਿੰਦੂਆਂ ਨੂੰ ਆਪਣੇ ਵੇਰੀ ਮਨਦੇ ਹੋ । ਪਰ ਏ ਕੇ ਦਰਸੀ ਦੀ ਲਿਖੀ ਕਿਤਾਬ ਜਾਬਾਜ ਰਾਖਾ ਭਿੰਡਰਾਂਵਾਲ ਦੇ ਉਲਟ ਹੈ ਜਾਂ ਪੱਖ ਵਿੱਚ।

ਕੁਝ ਲੋਕਾਂ ਨੇ ਸਿਰਫ ਆਪਣੀ ਰੋਜੀ ਖਾਤਰ ਜਾ ਪੈਸੇ ਖਾਤਰ ਜਾ ਪੈਸੇ ਕਮਾਉਣ ਦੀ ਖਾਤਰ ਕਿਤਾਬਾ ਛਾਪ ਦਿੱਤੀਆ ਮੈ ਅਜਿਹੇ ਲਿਖਾਰੀ ਵੀ ਦੇਖੇ ਜੋ ਬਲੀਊ ਸਟਾਰ ਸਮੇਂ ਆਪਣੇ ਘਰ ਤੋਂ ਬਾਹਰ ਨਹੀਂ ਨਿਕਲੇ ਪਰ ਕਿਤਾਬਾਂ ਇਸ ਤਰ੍ਹਾਂ ਲਿਖ ਦਿਤੀਆਂ ਜਿਵੇ ਹਰਿਮੰਦਰ ਸਾਹਿਬ ਵਿੱਚ ਬੈਠੇ ਹੋਣ ਕਈਆਂ ਨੇ ਅੱਤਵਾਦੀ ਲਹਿਰ ਸ਼ੁਰੂ ਹੋਣ ਤੋਂ ਬਾਅਦ ਲੀਡਰ ਬਨਣ ਦੀ ਖਾਤਰ ਭਿੰਡਰਾਂਵਾਲਾ ਦੇ ਪੱਖ ਵਿੱਚ ਲਿਖ ਦਿੱਤੀਆਂ। ਸੋ ਅਸਲੀ ਕਹਾਣੀ ਤਾ ਸਾਡੇ ਵਰਗੇ ਹੀ ਦੱਸ ਸਕਦੇ ਹਨ। ਜਿਨ੍ਹਾਂ ਨੇ ਵਰਦੀ ਅੱਗ ਵਿੱਚ ਦੁਸ਼ਮਣ ਨਾਲ ਲੋਹਾ ਲਿਆ ਅਤੇ ਆਪਣੀ ਜਾਨ ਹੱਥ ਤੇ ਧਰ ਕੇ ਸ਼ਹੀਦੀ ਨੂੰ ਜੀ ਆਇਆ ਆਖੀਆ ਹਜਾਰਾਂ ਫੌਜੀ ਜਵਾਨ ਅੱਖਾਂ ਅੱਗੇ ਸ਼ਹੀਦੀ ਪਾਉਂਦੇ ਦੇਖੇ, ਹਜਾਰਾਂ ਤੜਫ ਤੜਫ ਕੇ ਕੁਰਲਾਹਟ ਪਾਉਂਦੇ ਦੇਖੇ। ਇਥੇ ਇਹ ਗੱਲ ਮੈਂ ਜਰੂਰ ਮੰਨਾਗਾ ਕਿ ਇਹ ਇੱਕ ਸਚਾਈ ਹੈ ਮੈਂ ਗੱਲ ਕਰਦਾ ਸੀ ਕਿ ਕਈ ਦਿੱਲੀ ਬੈਠਿਆ ਨੇ ਹੀ ਕਿਤਾਬਾਂ ਵਿੱਚ ਬਲੀਊ ਸਟਾਰ ਦੀ ਇੱਕ ਇੱਕ ਘੰਟੇ ਦੀ ਕਾਰਵਾਈ ਲਿੱਖ ਦਿੱਤੀ ਜੋ ਅੱਜ ਤੱਕ ਕਿਤੇ ਪੰਜਾਬ ਵਿੱਚ ਆਏ ਹੀ ਨਹੀਂ ਸਿਰਫ ਪੈਸੇ ਦੀ ਖਾਤਰ ਲਿਖ ਦਿੱਤਾ ।

ਭਿੰਡਰਾਂਵਾਲੇ ਦੇ ਸਾਥੀ

ਜਦੋਂ ਸਾਰੇ ਅਕਾਲ ਤਖਤ ਤੇ ਫੌਜ ਦਾ ਕਬਜਾ ਹੋ ਗਿਆ ਤਾ ਭਿੰਡਰਾਂਵਾਲੇ ਦੇ ਬਹੁਤ ਸਾਰੇ ਸਾਥੀ ਫੜੇ ਗਏ ਕਈ ਫੌਜ ਅਤੇ ਪੁਲਿਸ ਦੀਆਂ ਅੱਖਾਂ ਵਿੱਚ ਮਿੱਟੀ ਪਾ ਕੇ ਬਾਦ ਵਿੱਚ ਰੂ ਪੋਸ਼ ਹੋ ਗਏ। ਇਥੇ ਸਾਡੀ ਫੌਜ ਤੋਂ ਇੱਕ ਅਹਿਮ ਗਲਤੀ ਜਰੂਰ ਹੋਈ ਭਿੰਡਰਾਂਵਾਲੇ ਦੇ 133 ਕੱਟੜ ਸਮਰਥਕ ਫੌਜ ਨਾਲ ਗਾਲਾਂ ਅਤੇ ਧੱਕੇ ਮੁੱਕੀ ਹੋ ਗਏ। ਸਾਡੇ ਜਵਾਨਾਂ ਨੇ ਉਨ੍ਹਾਂ ਦੇ ਹੱਥ ਪਿਛਲੇ ਪਾਸੇ ਰੱਸੇ ਨਾਲ ਬੰਨਕੇ ਸਰੋਵਰ ਤੋਂ ਕਾਫੀ ਦੂਰ ਬਿਠਾ ਦਿੱਤੇ ਜੋ ਜਖਮੀ ਹਾਲਤ ਵਿੱਚ ਪਾਣੀ ਤੋਂ ਬਿਨ੍ਹਾਂ ਵਿਲਕਦੇ ਹੋਏ ਸਵੇਰ ਹੁਮਦੇ ਦਮ ਤੋੜ ਗਏ। ਇਹ ਗੱਲ ਬਾਹਰ ਨਿੱਕਲ ਗਈ ਜਿਸ ਕਰਕੇ ਸਾਨੂੰ 2 ਸੀਨੀਅਰ ਅਫਸਰ ਅਤੇ 13 ਜਵਾਨਾਂ ਨੂੰ ਕੋਟ ਮਾਰਸ਼ਲ ਲਾ ਕੇ ਛੁੱਟੀ ਕਰਨੀ ਪਈ। ਕੁਝ ਕਿਤਾਬਾਂ ਵਾਲਿਆਂ ਨੇ ਜਾਣ ਬੁੱਝ ਕੇ ਵੈਦਿਆ ਜੀ ਦਾ ਇਸ ਕਾਰਵਾਈ ਨਾਲ ਨਾਮ ਜੋੜ ਦਿੱਤਾ ਜੋ ਸਰਾ ਸਰ ਝੂਠ ਸੀ। ਸੋ ਜਿਹੜੇ ਫੌਜ ਦੇ ਹੱਥ ਆਏ ਉਨ੍ਹਾਂ ਨੂੰ ਫੌਜੀ ਕੈਪਾਂ ਵਿੱਚ ਲਜਾ ਕੇ ਭਿੰਡਰਾਂਵਾਲੇ ਦੀਆਂ ਕੀਤੀਆਂ ਕਾਰਵਾਈਆਂ, ਦੇਸ਼ ਵਿਰੋਧੀ ਕੰਮ ਅਤੇ ਉਸ ਨੇ ਪੰਜਾਬ ਵਿੱਚ ਬਣਾਏ ਆਪਣੇ ਸੈਲ ਬਾਰੇ ਜਾਣਕਾਰੀ ਲਈ ਇੱਥੇ

ਭਿੰਡਰਾਂਵਾਲੇ ਨੇ ਆਪਣੀ ਧਾਕ ਬਣਾਉਣ ਲਈ ਕੀਤੇ ਕੁਝ ਕੰਮ ਜੋ ਉਸ ਦੇ ਚੇਲਿਆ ਤੋਂ ਪਤਾ ਲੱਗੇ ਉਹ ਲਿਖਣ ਜਾ ਰਿਹਾ ਹਾਂ।

ਤੁਸੀਂ ਆਪ ਫੈਸਲਾ ਕਰੋ ਕਿ ਇਕ ਆਪਣੇ ਆਪ ਨੂੰ ਰੱਬ ਦੇ ਨਜਦੀਕੀ ਕਹਾਉਣ ਵਾਲਾ, ਲੋਕਾਂ ਨੂੰ ਗੁਲਾਮੀ ਵਿੱਚ ਕਢਣ ਵਾਲਾ, ਮਸੀਹਾ ਪੇਸ਼ ਹੋਣ ਵਾਲਾ ਕਿਹੋ ਜਹੀਆਂ ਕਾਰਵਾਈਆਂ ਕਰਕੇ ਲੀਡਰ ਬਣਿਆਂ ਕੀ ਗੁਰੂ ਨਾਨਕ ਜੀ ਦਾ ਇਹ ਰਾਹ ਸੀ। ਕਿ ਲੋਕਾਂ ਨੂੰ ਆਪਣੇ ਆਪ ਵਿੱਚ ਰੱਬੀ ਕਰਾਮਾਤ ਹੋਣ ਦਾ ਵਹਿਮ ਪਾਵੇ। ਅਕਾਲ ਤਖਤ ਵਿੱਚ ਫੜਿਆ ਗਿਆ ਜਸਵਿੰਦਰ ਸਿੰਘ ਖਾਲਸਾ ਦੀ ਕਹਾਣੀ ਭਿੰਡਰਾਂ ਵਾਲੇ ਦੇ ਪ੍ਰਤਿ ਇਸ ਤਰ੍ਹਾਂ ਹੈ ਜਦੋਂ ਭਿੰਡਰਾਂਵਾਲੇ ਨੇ 30 ਸਾਲ ਭਗਤੀ ਵਿੱਚ ਲਘਾ ਲਏ ਤੇ ਰੱਬ ਨਾ ਮਿਲਿਆ ਤਾ ਉਸ ਨੇ ਗੋਦਾਵਰੀ ਨਦੀ ਦੇ ਕਿਨਾਰੇ ਹਜੂਰ ਸਾਹਿਬ 40 ਦਿਨ ਘੋਰ ਤਪ ਕੀਤਾ ਅਤੇ ਪ੍ਰਣ ਕੀਤਾ ਕਿ ਜੇ ਰੱਬ ਨਾ ਮਿਲਿਆ ਤਾਂ ਉਹ ਗੋਦਾਵਰੀ ਨਦੀ ਵਿੱਚ ਛਾਲ ਮਾਰ ਦੇਵੇਗਾ। ਉਸ ਨੇ ਨਦੀ ਵਿੱਚ ਛਾਲ ਮਾਰ ਦਿੱਤੀ ਪਰ ਡੁੱਬਿਆ ਨਹੀਂ ਨਹਿਰ ਵਿੱਚੋਂ ਰੱਬ ਦੀ ਕਰਾਮਾਤ ਨਾ ਬਾਹਰ ਨਿੱਕਲ ਆਇਆ ਅਤੇ ਬਾਹਰ ਗੁਰੂ ਗੋਬਿੰਦ ਸਿੰਘ ਖੜ੍ਹੇ ਹਨ। ਉਨ੍ਹਾਂ ਨੇ ਲਗਵੱਕੜੀ ਵਿੱਚ ਲੈ ਲਿਆ ਅਤੇ ਕੋਈ ਬ੍ਰਹਮ ਗਿਆਨ ਉਸ ਨੂੰ ਦੇ ਦਿੱਤਾ ਅਤੇ ਕਿਹਾ ਅਸੀਂ ਇੱਥੋਂ ਹੀ ਬੰਦੇ ਬਹਾਦਰ ਨੂੰ ਖਾਲਸਾ ਰਾਜ ਬਣਾਉਣ ਲਈ ਤੋਰਿਆ ਸੀ ਅੱਜ ਤੈਨੂੰ ਵੀ ਇਹੀ ਕੰਮ ਸੌਂਪਦੇ ਹਾਂ ਰੱਬ ਦੀਆਂ ਸਾਰੀਆਂ ਕਰਾਮਾਤਾਂ ਤੇਰੇ ਵਿੱਚ ਹੋਣ ਗੀਆ। ਫੇਰ ਭਿੰਡਰਾਂਵਾਲਾ ਗੱਦੀ ਤੇ ਬੈਠ ਗਿਆ। ਸਾਰੀਆਂ ਕਰਾਮਾਤਾਂ ਉਸ ਵਿੱਚ ਆ ਗਈਆਂ ਮੈ ਨੂੰ ਜਸਵਿੰਦਰ ਸਿੰਘ ਖਾਲਸਾ ਤੇ ਤਰਸ ਆ ਰਿਹਾ ਸੀ।

ਜੇ ਕਰਾਮਾਤ ਹੁੰਦੀ ਫੇਰ ਗੋਲੀ ਕਿਉ ਚਲਦੀ ਇਸ ਤਰ੍ਹਾਂ ਫੜਿਆ ਗਿਆ ਲਾਭ ਸਿੰਘ ਖਾਲਸਾ ਵੀ ਇਸੇ ਤਰ੍ਹਾਂ ਦੇ ਗੁਣ ਗਾਣ ਕਰ ਰਿਹਾ ਸੀ। ਕਪੂਰਥਲਾ ਜਿਲ੍ਹੇ ਨਾਲ ਸਬੰਧਤ ਧੀਰ ਸਿੰਘ ਖਾਲਸਾ ਇਸ ਤਰ੍ਹਾਂ ਦੀ ਕਹਾਣੀ ਦਸਦਾ ਸੀ ਕਿ ਉਸ ਦਾ 14 ਸਾਲ ਦਾ ਲੜਕਾ ਸੀ ਜਿਸ ਦਾ ਜਿਗਰ ਬਿਲਕੁਲ ਖਰਾਬ ਹੋ ਗਿਆ ਸੀ ਅਤੇ ਜਿਗਰ ਦਾ ਅਸਰ ਕਿਡਨੀਆਂ ਤੇ ਪੈਂਦਾ ਗਿਆ ਅਤੇ ਮੇਰੇ ਲੜਕਾ ਸਿਰਫ ਤਰਲ ਪਦਾਰਥ ਤੇ ਹੀ ਨਿਰਭਰ ਰਹਿ ਗਿਆ ਸੀ।

ਆਖੀਰ ਮੈਂ ਥੱਕ ਹਾਰ ਕੇ ਆਪਣੇ ਲੜਕੇ ਸਮੇਤ ਭਿੰਡਰਾਂਵਾਲੇ ਦੀ ਸ਼ਰਨ ਆ ਗਿਆ ਅਤੇ ਸਾਰੀ ਕਹਾਣੀ ਦੱਸੀ ਅਤੇ ਆਪਣੇ ਆਪ ਨੂੰ ਧਰਮ ਯੁਧ ਵਿੱਚ ਅਰਪਣ ਹੋਣ ਬਾਰੇ ਕਹਿ ਦਿੱਤਾ। ਭਿੰਡਰਾਂਵਾਲਾ ਹੱਸ ਪਿਆ ਅਤੇ ਕਹਿ ਦਿੱਤਾ ਉਸ ਨੂੰ ਅੰਮ੍ਰਿਤ ਛਕਵਾ ਕੇ ਸਾਰਾ ਅਖੰਡ ਪਾਠ ਸੁਣਵਾਉ ਅਸੀਂ ਇਸ ਤਰ੍ਹਾਂ ਕੀਤਾ। ਮੇਰਾ ਲੜਕਾ ਬਿਲਕੁਲ ਠੀਕ ਹੋ ਗਿਆ ਅਤੇ ਮੈਂ ਵਾਅਦੇ ਮੁਤਾਬਕ ਭਿੰਡਰਾਂਵਾਲੇ ਕੋਲ ਰੁਕ ਗਿਆ ਮੈਂ ਇਹ ਗੱਲ ਸੋਚ ਕੇ ਅੱਜ ਵੀ ਹੱਸਦਾ ਹਾਂ ਜਦੋਂ ਬਾਅਦ ਵਿੱਚ ਇਸ ਨੂੰ 12 ਸਾਲ ਦੀ ਕੈਦ ਹੋਈ।

ਇਸੇ ਤਰ੍ਹਾਂ ਅਨ੍ਹੀ ਸ਼ਰਧਾ ਰੱਖਣ ਵਾਲਾ ਇੱਕ ਅਨਪੜ੍ਹ ਲਖਵਿੰਦਰ ਸਿੰਘ ਜੋ ਅੰਮ੍ਰਿਤਸਰ ਜਿਲੇ ਦਾ ਜਮ ਪੱਲ ਸੀ ਛੋਟਾ ਹੁੰਦਾ ਆਪਣੇ ਚਾਚੇ ਨਾਲ ਗੁਹਾਟੀ ਸਾਈਡ ਚਲਾ ਗਿਆ ਉਸ ਦੀ ਕਹਾਣੀ ਮੁਤਾਬਕ ਉਹ ਪਿਛਲੇ 7 ਸਾਲ ਤੋਂ ਲਗਾਤਾਰ ਕੋਲੇ ਦੀ

ਖਾਣ ਵਿੱਚ ਕੰਮ ਕਰਦਾ ਸੀ। ਇੱਕ ਦਿਨ ਅਚਾਨਕ ਜਮੀਨ ਥੱਲੇ ਨੂੰ 40 ਫੁੱਟ ਧੱਸ ਗਈ ਉਸ ਮੁਤਾਬਕ ਥੋੜੀ ਮੋਟੀ ਆਮ ਜਮੀਨ ਖਾਣਾ ਵਿੱਚ ਜਮੀਨ ਧਸਦੀ ਰਹਿੰਦੀ ਹੈ ਪਰ ਅਸੀ 13 ਜਾਣੇ ਥੱਲੇ ਚਲੇ ਗਏ ਵੱਡੀ ਅਕਾਰ ਕੋਲੇ ਦੇ ਪੱਥਰਾਂ ਨੇ ਉਪਰੋਂ ਖਾਲੀ ਥਾਂ ਢੱਕ ਲਈ ਬਾਕੀ ਅਸੀਂ 13 ਜਾਣੇ ਖਾਣ ਵਿੱਚ ਥੱਲੇ ਢੱਕੇ ਗਏ ਅਤੇ ਥੋੜੀ ਜਿਹੀ ਜਗ੍ਹਾ ਬਚੀ ਜਿਸ ਵਿੱਚ 13 ਜਾਣਿਆਂ ਦਾ ਦਮ ਘੁਟਣ ਲੱਗਾ। ਉਪਰੋ ਹਨੇਰਾ ਹੋ ਗਿਆ ਇਨੀਂ ਡੂੰਘੀ ਥਾਂ ਤੇ ਮਦਦ ਛੇਤੀ ਨਾ ਮਿਲੀ ਮੈਂ ਭਿੰਡਰਾਂਵਾਲੇ ਦੀਆਂ ਟੇਪਾਂ ਸੁਣਦਾ ਹੁੰਦਾ ਸੀ ਮੈਂ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਜਰ ਨਾਜਰ ਜਾਣ ਕੇ ਅਰਦਾਸ ਬੇਨਤੀ ਕੀਤੀ ਕਿ ਅਗਰ ਤੁਸੀ ਮੈਨੂੰ ਮੇਰੀ ਜਾਨ ਬਖਸ਼ ਦੇਵੋ ਤਾਂ ਮੈਂ ਸਾਰੀ ਉਮਰ ਭਿੰਡਰਾਂਵਾਲੇ ਦੇ ਲੇਖੇ ਲਾ ਦੇਵਾਗਾਂ। ਅੰਦਰ ਦਮ ਘਟਨ ਕਰਕੇ ਅੰਦਰ ਚੀਕਾਂ ਰੌਲੀ ਪੈ ਗਈ ਸਾਰੇ ਮਜਦੂਰ ਨੀਮ ਬੇਹੋਸ਼ੀ ਵਿੱਚ ਚਲੇ ਗਏ ਸਾਡੇ ਤੱਕ ਮਦਦ 8:30 ਘੰਟੇ ਬਾਅਦ ਪਹੁੰਚੀ ਉਨ੍ਹਾਂ ਵਿੱਚ ਸਿਰਫ ਮੈਂ ਹੀ ਜਿਉਂਦਾ ਨਿਕਲਿਆ ਬਾਕੀ ਸਾਰੇ ਮਜਦੂਰ ਮਾਰੇ ਗਏ ਮੇਰਾ ਵਿਆਹ ਨਹੀਂ ਹੋਇਆ ਸੀ ਮੈਂ ਚੌਥੇ ਦਿਨ ਸਿੱਧਾ ਹੀ ਅੰਮ੍ਰਿਤਸਰ ਭਿੰਡਰਾਂਵਾਲੇ ਕੋਲ ਪਹੁੰਚ ਗਿਆ। ਇਸੇ ਤਰ੍ਹਾਂ ਭਿੰਡਰਾਂਵਾਲੇ ਕੋਲ ਇਹੋ ਜਹੀ ਮੋਟੀ ਅਕਲ ਦੇ ਮਾਲਕ ਅਨਪੜ੍ਹਤਾਂ ਦੇ ਟੋਲੇ ਜਿਆਦਾ ਇੱਕਠੇ ਹੋਏ ਸਨ। ਇਨ੍ਹਾਂ ਵਿੱਚ ਕਈ ਪੜ੍ਹੇ ਲਿਖੇ ਵੀ ਸਨ ਪਰ ਹੈਰਾਨੀ ਹੁੰਦੀ ਹੈ ਕਿ ਬਹੁਤ ਜਿਆਦਾ ਪੜ੍ਹੇ ਲਿਖੇ ਵੀ ਭਿੰਡਰਾਂਵਾਲੇ ਲਈ ਮਰਨ ਮਿਟਨ ਲਈ ਤੱਤਪਰ ਰਹਿੰਦੇ ਸਨ। ਨਵਜੋਤ ਸਿੰਘ ਜੋ ਅਖੀਰਲੇ ਦਿਨ ਅਕਾਲ ਤਖਤ ਵਿਚੋਂ ਬਾਹਰ ਨਿਕਲਿਆ ਉਹ ਪੜੀਆਂ ਲਿਖਆ ਇਨਸਾਨ ਸੀ ਉਸ ਮੁਤਾਬਕ ਉਹ ਰੇਲਵੇ ਵਿੱਚ ਚੈਕਰ ਸੀ । ਉਹ ਭਲਾਈ ਤੋਂ ਬੰਬੇ ਜਾਣ ਵਾਲੀ ਰੇਲ ਗੱਡੀ ਵਿੱਚ ਡਿਉਟੀ ਕਰ ਰਿਹਾ ਸੀ। ਉਹ ਰੇਲ ਦੇ ਡਰਾਇਵਰ ਕੋਲ ਅਚਾਨਕ ਆ ਕੇ ਬੈਠ ਗਿਆ। ਅਚਾਨਕ ਉਚੀ ਉਚੀ ਕੁਰਲਾਉਣ ਲਗਾ ਕਿ ਸਾਮਣੇ ਪੁਲ ਦਾ ਇੱਕ ਪਾਸਾ ਟੇਢਾ ਹੋਇਆ ਦਿਸਿਆ ਅਗਰ ਹੁਣ ਬਰੇਕ ਇਕਦਮ ਪੂਰੀ ਤਰ੍ਹਾਂ ਖਿੱਚੀ ਜਾਂਦੀ ਤਾਂ ਡੱਬੇ ਪਟੜੀ ਤੋਂ ਲਹਿ ਜਾਣੇ ਸਨ ਅਗਰ ਐਮਰਜੈਂਸੀ ਜਾਂ ਰੈਗੂਲਰ ਬਰੈਕ ਖਿਚੀ ਜਾਂਦੀ ਤਾਂ ਬਹੁਤ ਡੱਬੇ ਪਟੜੀ ਤੋਂ ਥੱਲੇ ਆ ਸਕਦੇ ਸਨ ਅਤੇ ਸਵਾਰੀਆਂ ਮੌਤ ਦੇ ਮੂੰਹ ਵਿੱਚ ਜਾ ਸਕਦੀਆਂ ਸਨ। ਅਚਾਨਕ ਮੈਨੂੰ ਭਿੰਡਰਾਂਵਾਲੇ ਦੀਆ ਉਹ ਗੱਲਾਂ ਯਾਦ ਆਈਆਂ ਜਿਨ੍ਹਾਂ ਉਸ ਨੇ ਕਥਾ ਕਰਦੇ ਕਿਹਾ ਸੀ ਕਿ ਰੱਬ ਉਹ ਚੀਜ ਕਰਨ ਵਿੱਚ ਸਮਰਥ ਹੈ ਜਿਸ ਤੱਕ ਆਪਣੀ ਸੋਚ ਪਹੁੰਚ ਨਹੀਂ ਸਕਦੀ ਸੋਂ ਮੈਂ ਬਿਨ੍ਹਾਂ ਬਹੁਤਾ ਸੋਚੇ ਭਿੰਡਰਾਂਵਾਲੇ ਨੂੰ ਯਾਦ ਕਰਕੇ ਬਰੇਕਾ ਡਰਾਈਵਰ ਦੇ ਪੁਛੇ ਬਗੈਰ ਲਾ ਦਿੱਤੀਆਂ ਡਰਾਈਵਰ ਚੀਕਾਂ ਮਾਰਨ ਲੱਗਾ ਰੇਲ ਦੇ ਚੱਕਿਆਂ ਵਿੱਚੋਂ ਚੰਗਿਆੜੇ ਨਿਕਲਣ ਲੱਗੇ ਰੱਬ ਦੀ ਕਿਰਪਾ ਨਾਲ ਬਿਨ੍ਹਾਂ ਨੁਕਸਾਨ ਪੁੱਲ ਤੋਂ ਪਹਿਲਾ ਰੇਲ ਰੁਕ ਗਈ.ਮੈਂ ਪੂਰੇ 6 ਮਹੀਨੇ ਬਾਅਦ ਅਸਤੀਫਾ ਦੇ ਕੇ ਭਿੰਡਰਾਂਵਾਲੇ ਕੋਲ ਆ ਗਿਆ।

ਇਸੇ ਤਰ੍ਹਾਂ ਜਸਮੇਲ ਸਿੰਘ ਜੋ ਪਹਿਲਾ ਇਕ ਕੱਟੜ ਕਾਮਰੇਡ ਸੀ ਉਸ ਮੁਤਾਬਕ ਉਸ ਨੇ ਇੱਕ ਸਟੇਜ ਤੋਂ ਨਿਕਲ ਰਹੇ ਭਿੰਡਰਾਂਵਾਲੇ ਨੂੰ ਕਿਹਾ ਕਿ ਉਹ ਇੱਕ ਵਿਹਲੜ ਸਾਧ ਫਿਰਦਾ ਹੈ ਅਤੇ ਨਾਲ ਵਿਹਲੜ 100 ਬੰਦਾ ਹੋਰ ਲਈ ਫਿਰਦਾ ਹੈ

ਇਹ ਦੇਸ਼ ਕਿਥੇ ਤਰੱਕੀ ਕਰ ਲਵੇਗਾ। ਜਿੱਥੇ ਹਜ਼ਾਰਾਂ ਇਹੋ ਜਿਹੇ ਸਾਧ ਫਿਰਦੇ ਹੋਣ ਅਤੇ ਲੱਖਾਂ ਹੀ ਵਿਹਲੜ ਉਨ੍ਹਾਂ ਮਗਰ ਫਿਰਦੇ ਹੋਣ। ਤਾਂ ਨਾਲ ਦੇ ਸਿੰਘ ਫੜ੍ਹ ਕੇ ਕੁੱਟਣ ਹੀ ਲੱਗੇ ਸਨ ਕਿ ਇਨ੍ਹੇ ਚਿਰ ਨੂੰ ਭਿੰਡਰਾਂਵਾਲੇ ਦੇ ਇਸ਼ਾਰੇ ਤੇ ਹੱਟ ਗਏ ਅਤੇ ਨਾਲ ਹੀ ਕਿਹਾ ਕਿ ਤੂੰ ਸਾਨੂੰ ਵਿਹਲੜ ਕਿਹਾ ਸਾਨੂੰ ਕੋਈ ਗੁੱਸਾ ਨਹੀਂ ਪਰ ਆਹ ਜਿਹੜੇ ਮੇਰੇ ਨਾਲ ਜੋ ਸਿੰਘ ਹਨ ਆਪਣਾ ਘਰ ਬਾਰ ਛੱਡ ਕੇ ਮੇਰੇ ਨਾਲ ਫਿਰਦੇ ਹਨ ਇਨ੍ਹਾਂ ਨੂੰ ਕੋਈ ਮਾੜਾ ਆਖੇ ਤਾਂ ਮੈਨੂੰ ਦੁੱਖ ਲੱਗਦਾ ਹੈ। ਜਾ ਤੂੰ ਵੀ ਕੋਈ ਕੰਮ ਕਾਰ ਜੋਗਾ ਨਹੀਂ ਰਹੇਗਾ। ਮੈਂ ਅੰਦਰੋ ਅੰਦਰੀ ਹੱਸਿਆ ਪਰ ਪੰਜਵੇ ਕੁ ਦਿਨ ਮੇਰੇ ਜੋੜਾਂ ਵਿੱਚ ਦਰਦ ਸ਼ੁਰੂ ਹੋ ਗਿਆ ਮੈਂ ਮੰਜੇ ਵੱਲ ਵੱਧਣਾ ਸ਼ੁਰੂ ਹੋਇਆ ਡਾਕਟਰਾਂ ਕੋਲ ਦਵਾਈ ਸ਼ੁਰੂ ਹੋ ਗਈ ਉਪਰੰਤ 3 ਕੁ ਮਹੀਨਿਆਂ ਤੱਕ ਜੁਬਾਨ ਵੀ ਰੁਕਣ ਲੱਗ ਪਈ ਅਖੀਰ ਜਦੋਂ ਘਰਦਿਆ ਨਾਲ ਗੱਲ ਸਾਂਝੀ ਹੋਈ ਤਾਂ ਉਨ੍ਹਾਂ ਨੂੰ ਦੱਸਿਆ ਅਖੀਰ ਭਿੰਡਰਾਂਵਾਲੇ ਦੇ ਕਹੇ ਸ਼ਬਦ ਕੰਨਾਂ ਵਿੱਚ ਵੱਜੇ ਅਤੇ ਮੈਂ ਰਿਸ਼ਤੇਦਾਰਾਂ ਕੋਲ ਵੀ ਗੱਲ ਕੀਤੀ ਮੇਰੇ ਸੁਹਰਾ ਸਾਹਬ ਥੋੜਾ ਮੋਟਾ ਧਾਰਮਿਕ ਬਿਰਤੀ ਦੇ ਸਨ। ਮੈਨੂੰ ਮੋਢਿਆ ਤੇ ਬਿਠਾ ਕੇ ਅਕਾਲ ਤਖਤ ਲੈ ਗਏ ਮੇਰੇ ਘਰ ਦਿਆ ਨੇ ਤਰਲੇ ਕੀਤੇ ਤਾਂ ਭਿੰਡਰਾਂਵਾਲੇ ਨੇ ਕਿਹਾ ਜੇ ਕਰ ਇਹ ਸਾਰੇ ਸਿੰਘ ਅਰਦਾਸ ਕਰ ਦੇਣ ਤਾਂ ਇਹ ਠੀਕ ਹੋ ਜਾਵੇਗਾ। ਸਾਰੇ ਸਿੰਘ ਜੋ ਉਸ ਵਕਤ ਕੋਲ ਸਨ ਛੇਤੀ ਹੀ ਮੰਨ ਗਏ। ਅਰਦਾਸ ਹੋਈ ਅਤੇ ਉਸ ਤੋਂ ਬਾਅਦ ਘਰ ਵਾਪਸੀ ਹੋਈ ਪੂਰੇ 2 ਮਹੀਨਿਆਂ ਵਿੱਚ ਮੈਂ ਨੌ ਬਰ ਨੌ ਹੋ ਗਿਆ ਅਤੇ ਪੱਕਾ ਮਨ ਬਣਾ ਕੇ ਮੈਂ ਭਿੰਡਰਾਂਵਾਲੇ ਕੋਲ ਆ ਗਿਆ।

ਇਹ ਉਨ੍ਹਾਂ ਲੋਕਾਂ ਦੀਆ ਕਹਾਣੀਆਂ ਹਨ ਜੋ ਲੋਕ ਭਿੰਡਰਾਂ ਵਾਲੇ ਨੂੰ ਕਰਾਮਾਤੀ ਮੰਨਦੇ ਸਨ ਕੀ ਇਹੋ ਜਿਹੇ 21ਵੀ ਸਦੀ ਵਿੱਚ ਤਰੱਕੀ ਕਰਨ ਗੇ ਇਸੇ ਤਰ੍ਹਾਂ ਗੁਰਦਿਆਲ ਸਿੰਘ ਜੋ ਕਿ ਪੜ੍ਹਿਆ ਲਿਖਿਆ ਬਜੁਰਗ ਇਨਸਾਨ ਸੀ ਉਹ ਬਿਜਲੀ ਬੋਰਡ ਦੇ ਐਸ. ਡੀ. ਓ. ਦੀ ਪੋਸਟ ਤੋਂ ਰਿਟਾਇਰ ਹੋਇਆ ਸੀ। ਉਹ ਆਪਣੀ ਕਹਾਣੀ ਮੁਤਾਬਕ ਭਿੰਡਰਾਂਵਾਲਾ 1978 ਤੋਂ ਬਾਅਦ ਆਪਣਾ ਜੱਥਾ ਲੈ ਕੇ ਉਨ੍ਹਾਂ ਦੇ ਘਰ ਪੈਰ ਪਾਉਂਦੇ ਸੀ ਉਨ੍ਹਾਂ ਨਾਲ ਬਹੁਤ ਪਿਆਰ ਸੀ। ਗੁਰਦਿਆਲ ਸਿੰਘ ਮੁਤਾਬਕ ਉਨ੍ਹਾਂ ਨੇ ਆਪਣੀ ਪੋਤਰੀ ਦਾ ਵਿਆਹ 1977 ਵਿੱਚ ਕੀਨੀਆਂ ਵਿੱਚ ਗਏ ਇਕ ਪੁਰਾਣੇ ਸਿੱਖ ਪ੍ਰੀਵਾਰ ਸੁਰਜਣ ਸਿੰਘ ਦੇ ਲੜਕੇ ਨਾਲ ਕੀਤਾ ਸੁਹਰਾ ਪ੍ਰੀਵਾਰ ਲੜਕੀ ਦਾ ਘਰਵਾਲਾ, ਸੱਸ, ਸੁਹਰਾ ਬਹੁਤ ਤੰਗ ਕਰਨ ਲੱਗੇ। ਲੜਕੀ ਨੇ ਡੇਢ ਸਾਲ ਬਾਦ ਦੁੱਖ ਭਰੀਆਂ ਚਿੱਠੀਆਂ ਲਿਖਣੀਆਂ ਸ਼ੁਰੂ ਕਰ ਦਿੱਤੀਆ ਪਰ ਕੀਨੀਆਂ ਵਿੱਚ ਉਨ੍ਹਾਂ ਦਾ ਹੋਰ ਕੋਈ ਵੀ ਨਹੀਂ ਸੀ ਵਿਚੋਲੇ ਵੀ ਮੁੰਡੇ ਦਾ ਪੱਖ ਪੂਰਦੇ ਸਨ। ਭਾਵੇ ਮੁੰਡੇ ਨੇ ਕੇਸ ਅਤੇ ਦਾੜੀ ਰੱਖੇ ਹੋਏ ਸਨ ਪਰ ਉਹ ਸ਼ਰਾਬ ਬਹੁਤ ਪੀਂਦਾ ਸੀ। ਵਿਚੋਲਿਆ ਨੇ ਪਹਿਲਾ ਗੁਰ ਸਿੱਖ ਕਹਿ ਕੇ ਰਿਸ਼ਤਾ ਕਰਵਾਇਆ ਸੀ। ਸਮਾਂ ਬੀਤਦਾ ਗਿਆ ਅਸੀ ਦੁੱਖ ਨੂੰ ਪੀਂਦੇ ਰਹੇ ਮੇਰੀ ਘਰ ਵਾਲੀ ਨੇ ਕਈ ਵਾਰ ਭਿੰਡਰਾਂਵਾਲੇ ਨੂੰ ਬੇਨਤੀ ਕਰਨ ਲਈ ਕਿਹਾ ਪਰ ਮੈ ਇਹੋ ਜਿਹੀ ਬੇਨਤੀ ਨਹੀਂ ਕਰਨਾ ਮਗਦਾ ਸੀ। ਗੁਰਦਿਆਲ ਸਿੰਘ ਜਦੋਂ ਇਹ ਕਹਾਣੀ ਸਿੱਖ ਫੌਜੀਆਂ ਨੂੰ ਸੁਣਾ ਰਿਹਾ ਸੀ ਉਹ ਸ਼ਰਧਾ ਨਾਲ ਹੱਥ ਜੋੜੀ ਬੈਠਾ ਸੀ। ਉਹ ਵਾਰ ਵਾਰ ਭਿੰਡਰਾਂਵਾਲੇ ਨੂੰ ਅੰਤਰਜਾਮੀ

ਕਿਹ ਰਿਹਾ ਸੀ। ਉਸ ਮੁਤਾਬਕ ਇੱਕ ਦਿਨ ਭਿੰਡਰਾਂਵਾਲਾ ਜੱਥੇ ਸਮੇਤ ਉਨ੍ਹਾਂ ਦੇ ਘਰ ਬੈਠਾ ਸੀ। ਅਚਾਨਕ ਡਾਕੀਏ ਨੇ ਤਾਰ ਲਿਆਦੀ ਇਸ ਤੋਂ ਪਹਿਲਾ ਇਸ ਤਾਰ ਨੂੰ ਕੋਈ ਹੋਰ ਪੜ੍ਹਦਾ ਭਿੰਡਰਾਂਵਾਲੇ ਨੇ ਤਾਰ ਮੰਗਵਾ ਕੇ ਪੜ ਲਈ ਅਤੇ ਬੜੇ ਗੁੱਸੇ ਨਾਲ ਮੈਨੂੰ ਕਿਹਾ ਤੁਸੀਂ ਪਹਿਲਾ ਮੇਰੇ ਕੋਲ ਗੱਲ ਕਿਉ ਨਹੀਂ ਕੀਤੀ। ਗੁਰਦਿਆਲ ਸਿੰਘ ਭੁੱਬੀ ਰੋ ਗਿਆ ਭਿੰਡਰਾਂਵਾਲੇ ਨੇ ਧੀਰਜ ਰੱਖਣ ਲਈ ਕਿਹਾ ਅਤੇ ਉਸ ਵੇਲੇ ਘਰ ਦਿਆ ਨੂੰ ਤਾਕੀਦ ਕੀਤੀ ਕਿ ਅਖੰਡ ਪਾਠ ਦੀ ਤਿਆਰੀ ਕਰੋ ਇਸ ਪਾਠ ਵਿੱਚ ਭਿੰਡਰਾਂਵਾਲੇ ਨੇ ਆਪ ਵੀ ਪਾਠ ਕੀਤਾ। ਉਸ ਨੇ ਸਾਰੇ ਪਰਿਵਾਰ ਨੂੰ ਦੋ ਦੋ ਜਾਣੇ ਕਰਕੇ ਪਾਠ ਸੁਨਣ ਦੀ ਤਾਕੀਦ ਕੀਤੀ ਜਿਵੇ ਹੀ ਪਾਠੀਆਂ ਦੀ ਡਿਊਟੀ ਬਦਲਦੀ ਉਸੇ ਤਰ੍ਹਾਂ ਘਰ ਦੇ ਦੋ ਜੀਅ ਬਦਲ ਜਾਂਦੇ। ਭੋਗ ਪੈ ਗਿਆ। ਭਿੰਡਰਾਂਵਾਲਾ ਗੁਰੂ ਸਾਹਿਬ ਤੇ ਭਰੋਸਾ ਰੱਖਣ ਲਈ ਕਹਿ ਕੇ ਚਲਾ ਗਿਆ ਉਸ ਸਮੇਂ ਆਮ ਲੋਕਾਂ ਦੇ ਘਰ ਫੋਨ ਨਹੀਂ ਸਨ। ਗੁਰਦਿਆਲ ਸਿਘ ਮੁਤਾਬਕ ਹਫਤੇ ਕੁ ਬਾਅਦ ਉਨ੍ਹਾਂ ਦੇ ਸ਼ਹਿਰ (ਪਟਿਆਲਾ) ਘਰ ਦੇ ਕੋਲ ਲੱਗੇ ਪੈਟਰੋਲਪੰਪ ਵਾਲਿਆ ਦਾ ਭਈਆ ਆਇਆ। ਉਨ੍ਹਾਂ ਦੇ ਘਰ ਸੁਨੇਹਾ ਦਿੱਤਾ ਕਿ ਆਪ ਕਾ ਫੋਨ ਬਾਹਰ ਸੇ ਆਇਆ ਹੈ ਪੰਪ ਪਰ ਲਾਲਾ ਜੀ ਨੇ ਆਨੇ ਕੋ ਕਹਾ ਹੈ। ਗੁਰਦਿਆਲ ਸਿੰਘ ਦੇ ਮੁਤਾਬਕ ਉਨ੍ਹਾਂ ਦੇ ਪੈਰਾਂ ਹੇਠੋ ਮਿੱਟੀ ਨਿੱਕਲ ਗਈ ਕਿ ਉਨ੍ਹਾਂ ਦੀ ਪੋਤਰੀ ਨੇ ਕੋਈ ਭਾਣਾ ਨਾ ਵਰਤਾ ਦਿੱਤਾ ਹੋਵੇ। ਜਦੋਂ ਸਾਰਾ ਟੱਬਰ ਪੰਪ ਤੇ ਪਹੁੰਚਿਆ ਤਾਂ ਉਥੇ ਕਹਾਣੀ ਹੋਰ ਸੀ। ਪਿਛਲੇ ਦੋ ਦਿਨ੍ਹਾਂ ਉਨ੍ਹਾਂ ਦੀ ਪੋਤਰੀ ਦੇ ਸਹੁਰਾ ਪ੍ਰੀਵਾਰ ਦਾ ਇੱਕ ਵੀ ਜੀਅ ਸੌ ਨਹੀਂ ਸਕਿਆ ਸੀ ਜਦੋਂ ਵੀ ਕੋਈ ਸੌਦਾ ਉਨ੍ਹਾਂ ਦੀ ਛਾਤੀ ਤੇ ਭਾਰ ਪੈਣਾ ਸ਼ੁਰੂ ਹੋ ਜਾਂਦਾ ਅਤੇ ਸਾਹ ਰੁਕਣਾ ਸ਼ੁਰੂ ਹੋ ਜਾਂਦਾ ਉਨ੍ਹਾਂ ਦੇ ਘਰ ਗੁਰਦਿਆਲ ਸਿੰਘ ਦੀ ਪੋਤਰੀ ਤੋਂ ਬਿਨ੍ਹਾਂ ਸਾਰੇ ਪ੍ਰੀਵਾਰ ਦਾ ਬੁਰਾ ਹਾਲ ਹੋ ਗਿਆ ਸੀ। ਸਾਰੇ ਕਹਿੰਦੇ ਕਿ ਜਦੋ ਅਸੀਂ ਸੌਂਦੇ ਹਾਂ ਤਾਂ ਇੱਕ ਤੀਰ ਵਾਲਾ ਆਦਮੀ ਉਨ੍ਹਾਂ ਦੀ ਛਾਤੀ ਤੇ ਪੈਰ ਰੱਖ ਲੈਂਦਾ ਅਤੇ ਸਾਡੀਆਂ ਚੀਕਾਂ ਨਿੱਕਲ ਜਾਂਦੀਆ ਹਨ। ਫੇਰ ਗੁਰਦਿਆਲ ਸਿੰਘ ਨੂੰ ਸਾਰੀ ਕਹਾਣੀ ਦੱਸੀ ਉਸ ਵੇਲੇ ਅੰਮ੍ਰਿਤਸਰ ਸੰਤਾਂ ਵੱਲ ਤੁਰੇ ਅੱਗੇ ਜਾਂਦਿਆ ਨੂੰ ਸਾਨੂੰ ਦੇਖ ਕੇ ਸੰਤ ਹੱਸ ਪਏ ਉਨ੍ਹਾਂ ਨੇ ਕਿਹਾ ਜੇ ਸਾਰੇ ਅੰਮ੍ਰਿਤ ਛੱਕਣ ਦਾ ਪ੍ਰਣ ਕਰਨ ਅਸੀਂ ਪੰਜ ਪਿਆਰਿਆ ਤੋਂ ਅਰਦਾਸ ਕਰਵਾ ਦਿੰਦੇ ਹਾਂ ਉਸ ਸਮੇਂ ਅਕਾਲ ਤਖਤ ਤੋਂ ਗੁਰੂ ਘਰ ਦੇ ਟੈਲੀਫੋਨ ਤੋਂ ਫੋਨ ਕੀਤਾ ਸਾਰਾ ਪ੍ਰੀਵਾਰ ਉਸ ਸਮੇਂ ਮੰਨ ਗਿਆ। ਸੰਤਾਂ ਨੇ ਅਰਦਾਸ ਕਰਵਾਈ ਉਨ੍ਹਾਂ ਦੇ ਘਰ ਸ਼ਾਤੀ ਵਾਪਸ ਆਈ। ਉਸ ਸਮੇਂ ਤੋਂ ਇੱਕ ਮਹੀਨੇ ਬਾਅਦ ਸਾਰਾ ਟੱਬਰ ਇੰਡੀਆ ਆਇਆ। ਇਸ ਸਮੇਂ ਸੰਤ ਬੰਬੇ ਗਏ ਹੋਏ ਸਨ।ਸਾਰਾ ਪ੍ਰੀਵਾਰ ਮਗਰੇ ਹੀ ਬੰਬੇ ਚਲਾ ਗਿਆ ਅਤੇ ਸੰਤਾਂ ਨੇ ਸਾਰਿਆ ਨੂੰ ਚੰਗਾ ਉਪਦੇਸ ਦੇ ਕੇ ਆਪਣੀ ਨੂੰਹ ਨੂੰ ਧੀ ਸਮਝਣ ਲਈ ਕਿਹਾ ਅਤੇਂ ਅੰਮ੍ਰਿਤ ਛਕਾਇਆ ਇਸ ਤੋਂ ਉਪਰੰਤ ਵਾਪਸ ਪੰਜਾਬ ਆ ਗਏ।

ਅਕਾਲ ਤਖਤ ਵਿੱਚੋਂ ਫੜੇ ਇਹ ਕੱਟੜ ਪੰਥੀ ਕਈ ਭਿੰਡਰਾਂਵਾਲੇ ਦੇ ਅੱਗ ਲਾਊ ਪ੍ਰਚਾਰ ਕਾਰਣ ਉਸ ਵੱਲ ਖਿੱਚੇ ਗਏ ਅਤੇ ਜਿਹੜੇ ਇਸ ਨੂੰ ਕਰਾਮਾਤੀ ਸਮਝਦੇ ਸਨ। ਉਨ੍ਹਾਂ ਨੇ ਹਿੰਦੂ ਫੌਜੀ ਅਫਸਰਾਂ ਅੱਗੇ ਭਿੰਡਰਾਂਵਾਲੇ ਦੀਆ ਕਰਾਮਾਤਾਂ ਦੀਆਂ

ਪਹਿਲਾ ਤਾਂ ਕੋਈ ਗੱਲਾਂ ਨਾ ਕੀਤੀਆਂ। ਪਰ ਜਦੋਂ ਅਸੀਂ ਸਿਆਸਤ ਖੇਡੀ ਕੁਝ ਸਿੱਖ ਫੌਜੀ ਅਫਸਰਾਂ ਨੂੰ ਉਨ੍ਹਾਂ ਦੇ ਹਮਦਰਦ ਬਣਾ ਕੇ ਪੇਸ਼ ਕੀਤਾ ਤਾ ਉਹ ਵਾਰੋ ਵਾਰੀ ਸਿੱਖ ਫੌਜੀਆਂ ਤੇ ਆਪਣਾ ਪ੍ਰਭਾਵ ਪਾਉਣ ਲਈ ਇਹੋ ਜਿਹੀਆ ਗੱਲਾਂ ਕਰਨ ਲੱਗ ਪਏ ਪਰ ਸਾਡੇ ਅਫਸਰਾਂ ਉਤੇ ਕਿਸੇ ਦਾ ਵੀ ਕੋਈ ਪ੍ਰਭਾਵ ਨਾ ਪਿਆ। ਅਸਲ ਵਿੱਚ ਜੇ ਆਪਾਂ ਆਖੀਏ ਕਿ ਸੂਰਜ ਕਿਉ ਨਹੀਂ ਡੁੱਬਦਾ, ਸਾਡੀਆ ਅੱਖਾਂ ਦੀ ਰੋਸ਼ਨੀ ਕਿਉ ਨਹੀਂ ਘਸਦੀ, ਬੱਦਲਾਂ ਵਿੱਚ ਪਾਣੀ ਕਿਵੇ ਆਉਂਦਾ ਹੈ ਇਹ ਇੱਕ ਕੁਦਰਤੀ ਗੱਲ ਹੈ ਨਾ ਕਿ ਕਰਾਮਾਤਾਂ ਅਨਪੜ੍ਹ ਬੰਦੇ ਇਨ੍ਹਾਂ ਨੂੰ ਰੱਬ ਦੀਆਂ ਕਰਾਮਾਤਾਂ ਸਮਝਦੇ ਹਨ। ਪਰ ਸਿਆਣਾ ਸਮਝ ਜਾਂਦਾ ਹੈ ਕਿ ਕੁਦਰਤੀ ਆਪਣੇ ਆਪ ਬਣੀਆ ਗੱਲਾਂ ਹਨ। ਇਸੇ ਤਰ੍ਹਾਂ ਭਿੰਡਰਾਂਵਾਲੇ ਦੇ ਕਈ ਚੇਲਿਆ ਨੇ ਆਪਣੀਆਂ ਘਟਨਾਵਾਂ ਪੂਰੀ ਤਰ੍ਹਾਂ ਉਸ ਨਾਲ ਜੋੜ ਦਿੱਤੀਆਂ ਅਤੇ ਆਪਣੀ ਮਾਸੀਕਤਾ ਪੂਰੀ ਤਰਾਂ ਭਿੰਡਰਾਂਵਾਲੇ ਨੂੰ ਅਰਪਨ ਕਰ ਦਿੱਤੀ । ਭਿੰਡਰਾਂਵਾਲੇ ਨੂੰ ਉਨ੍ਹਾਂ ਨੂੰ ਆਪਣਾ ਹਥਿਆਰ ਬਣਾਉਣ ਦਾ ਮੋਕਾ ਇਸ ਤੋਂ ਵਧੀਆ ਨਹੀਂ ਮਿਲ ਸਕਦਾ ਸੀ ਮੈਂ ਇਹ ਕਹਾਣੀਆ ਸਰੋਤਿਆਂ ਦੇ ਸਾਹਮਣੇ ਬਿਲਕੁਲ ਉਸੇ ਤਰ੍ਹਾਂ ਲਿਖ ਦਿੱਤੀ ਜਿਵੇ ਉਸ ਸਮੇਂ ਮੈਂ ਆਪਣੀ ਡਾਇਰੀ ਵਿੱਚ ਦਰਜ ਕੀਤੀਆਂ ਸਨ।

ਅੱਜ ਕੱਲ ਵੈਸੇ ਵੀ ਸਾਇੰਸ ਬਹੁਤ ਅੱਗੇ ਵੱਧ ਗਈ ਹੈ ਮੈਂ ਆਸ ਕਰਦਾ ਹਾਂ ਕਿ ਮੇਰੇ ਪੜ੍ਹਣ ਵਾਲੇ ਸਰੋਤੇ ਵੀ ਆਪਣੇ ਇਲਾਕੇ ਵਿੱਚ ਇਹੋ ਜਿਹੇ ਸਾਧਾਂ ਦੇ ਨਾ ਤੇ ਹੁੰਦੀਆਂ ਕਈ ਘਟਨਾਵਾਂ ਦੇ ਵਿੱਚ ਫੱਸ ਕੇ ਸਾਧਾਂ ਦੇ ਮਗਰ ਨਹੀਂ ਲੱਗਣ ਗੇ।

ਜਿਵੇ ਕਿ ਆਪਾਂ ਕਿਤਾਬ ਦੇ ਸ਼ੁਰੂ ਵਿੱਚ ਭਿੰਡਰਾਂਵਾਲੇ ਦੀਆਂ ਨੀਤੀਆਂ ਉਸ ਦੇ ਮਨਸੂਬਿਆਂ ਬਾਰੇ ਗੱਲ ਬਾਤ ਕੀਤੀ ਪਰ ਉਸ ਦੀ ਹਿੰਸਾ ਦੇ ਚਲਾਏ ਰਾਹ ਤੇ ਜਿਹੜੇ ਨੌਜਵਾਨ ਫੱਸ ਗਏ। ਬਾਅਦ ਵਿੱਚ ਉਨ੍ਹਾਂ ਨੌਜਵਾਨਾਂ ਨੂੰ 14-14 ਸਾਲ ਦੀਆ ਜੇਲ੍ਹਾਂ ਹੋਈਆ ਸਾਡੀਆਂ ਜੇਲ੍ਹਾਂ ਵਿੱਚ ਉਨ੍ਹਾਂ ਦੇ ਨਾਲ ਰਲਾਈ ਖੁਫੀਆਂ ਸੀ ਆਈ ਡੀ ਨੇ ਜਦੋਂ ਇਨ੍ਹਾਂ ਨੂੰ ਉਨ੍ਹਾਂ ਦੇ ਰਸਤੇ ਦੇ ਪਾਧੀ ਦੱਸ ਕੇ ਉਨ੍ਹਾਂ ਕੋਲੋਂ ਭਿੰਡਰਾਂਵਾਲੇ ਦੇ ਕਰਵਾਏ ਅੱਤਵਾਦੀ ਕੰਮ ਜਦੋਂ ਸੁਨਣ ਨੂੰ ਮਿਲੇ ਤਾਂ ਪਤਾ ਲੱਗਾ ਕਿ ਭਿੰਡਰਾਂਵਾਲਾ ਇੱਕ ਅੱਤਦਰਜੇ ਦਾ ਜੁਲਮੀ ਅਤੇ ਨਿਰਦੇਈ ਸੀ ਉਹ ਆਪਣੇ ਆਪ ਨੂੰ ਗਿਆਰਵਾ ਗੁਰੂ ਸਥਾਪਤ ਕਰਨਾ ਮੰਗਦਾ ਸੀ ਅਤੇ ਉਹ ਆਪਣੀ ਚੌਧਰ ਦਾ ਭੁੱਖਾ ਸੀ। ਉਸ ਨੇ ਆਪਣੇ ਨਾਲ ਨਿੱਕੀਆ ਜਾਤਾਂ ਵਾਲੇ ਜਿਵੇ ਜੁਲਾਹੇ, ਦਰਜੀ, ਮਜਬੀ, ਚਮਿਆਰ, ਤਰਖਾਣ ਆਦਿ ਰਲਾਏ ਹੋਏ ਸਨ ਕਿਉ ਕਿ ਇਨ੍ਹਾਂ ਜਾਤਾਂ ਨੂੰ ਇੰਦਰਾ ਗਾਂਧੀ ਜੀ ਨੇ ਗਰੀਬ ਕਰਾਰ ਦੇ ਕੇ ਨੌਕਰੀਆਂ ਵਿੱਚ ਰਾਖਵਾ ਰੱਖਿਆ ਹੋਇਆ ਸੀ। ਇਹ ਜਾਤਾਂ ਬਹੁਤ ਗਰੀਬ ਹੁੰਦੀਆਂ ਹਨ ਅਤੇ ਸਵਰਗ ਵਰਗੀਆਂ ਕਹਾਣੀਆਂ ਵਿੱਚ ਛੇਤੀ ਬੰਨ੍ਹੇ ਜਾਂਦੇ ਹਨ। ਇਨ੍ਹਾਂ ਲੋਕਾਂ ਦੇ ਘਰਾਂ ਵਿੱਚ ਭੁੱਖ ਨੰਗ ਦਾ ਬੋਲ ਬਾਲਾ ਹੋਣ ਕਰਕੇ ਇਨ੍ਹਾਂ ਦਾ ਕੋਈ ਦੀਨ ਅਮਾਨ ਨਹੀਂ ਰਹਿਦਾ।

ਜਦੋਂ ਇਹ ਭਿੰਡਰਾਂਵਾਲੇ ਦੇ ਮਗਰ ਲੱਗੇ ਇਨ੍ਹਾਂ ਨੇ ਇਹ ਨਹੀਂ ਸੋਚਿਆ ਜਿਸ ਮਿੱਟੀ ਵਿੱਚ ਅਸੀਂ ਜੰਮੇ ਹਾ ਉਸ ਨਾਲ ਗਦਾਰੀ ਕਰੀ ਜਾਂਦੇ ਹਾਂ ਇਨ੍ਹਾਂ ਜਾਤਾਂ ਵਿੱਚ ਗਰੀਬੀ ਕਾਰਣ ਅਨਪੜ੍ਹਤਾ ਬਹੁਤ ਸੀ ਸੋ ਭਿੰਡਰਾਂਵਾਲੇ ਨੂੰ ਸੋਨੇ ਤੇ ਸੁਹਾਗੇ

ਵਾਲੀ ਗੱਲ ਸੀ। ਇਨ੍ਹਾਂ ਜਾਤਾਂ ਵਾਲੇ ਲੋਕਾਂ ਨੂੰ ਘਟੀਆਂ ਕਾਰਨਾਮਿਆ ਕਰਕੇ ਸਮਾਜ ਨੇ ਇਨ੍ਹਾਂ ਨੂੰ ਦੁਰਕਾਰਿਆ ਹੋਇਆ ਸੀ। ਸਮਾਜ ਵਿੱਚ ਸਭ ਤੋਂ ਘਟੀਆ ਕੰਮ ਇਨ੍ਹਾਂ ਤੋਂ ਹੀ ਕਰਵਾਏ ਜਾਂਦੇ ਸਨ ਅਤੇ ਇਹ ਛੇਤੀ ਹੀ ਮਗਰ ਲੱਗ ਜਾਂਦੇ ਸਨ।

ਸੋ ਭਿੰਡਰਾਂਵਾਲੇ ਆਪਣੇ ਤੇਜ ਦਿਮਾਗ ਨਾਲ ਇਨ੍ਹਾਂ ਨੂੰ ਗੁਰੂ ਦੇ ਪੁੱਤਰ ਆਖ ਕੇ ਗੁਰੂ ਦੀ ਸੇਵਾ ਲਈ ਸਿਰ ਚਾਹੀਦਾ ਹੈ ਇਸ ਤਰ੍ਹਾਂ ਦੇ ਭਾਸ਼ਣ ਦੇ ਕੇ ਆਪਣੇ ਨਾਲ ਰਲਾ ਲਿਆ ਅਤੇ ਇਹ ਲੋਕ ਉਸ ਦੇ ਜਾਲ ਵਿੱਚ ਫੱਸ ਗਏ ਭਿੰਡਰਾਂਵਾਲਾ ਆਪ ਤਾ ਮਰ ਗਿਆ ਬਾਅਦ ਵਿੱਚ ਇਨ੍ਹੰਾ ਨੂੰ ਕਈ ਕਈ ਸਾਲ ਜੇਲ ਵਿੱਚ ਆਟਾ ਪੀਹਣ ਵਾਸਤੇ ਛੱਡ ਗਿਆ।

ਜਦੋਂ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਜਸਵੀਰ ਸਿੰਘ ਕੋਲੋ ਕਿੱਸੇ ਸੁਣੇ ਜਿਹੜਾ ਜਾਤ ਦਾ ਦਰਜੀ ਸੀ ਫੇਰ ਪਤਾ ਲੱਗਦਾ ਹੈ ਕਿ ਭਿੰਡਰਾਂਵਾਲਾ ਕਿਨ੍ਹਾ ਖਤਰ ਨਾਕ ਸੀ ਉਸਦੇ ਦੱਸਣ ਮੁਤਾਬਕ ਰੋਪੜ ਜਿਲ੍ਹੇ ਨਾਲ ਸਬੰਧਤ ਹਰਚਰਨ ਸਿੰਘ ਨਾ ਦਾ ਇੱਕ ਆਦਮੀ 1983 ਦੇ ਸ਼ੁਰੂ ਵਿੱਚ ਅਕਾਲ ਤਖਤ ਤੇ ਆਇਆ ਉਸ ਨੇ ਭਿੰਡਰਾਂਵਾਲੇ ਨੂੰ ਕਿਹਾ ਕਿ ਉਹ ਕਾਫੀ ਸਮੇਂ ਤੋਂ ਕੱਲਕਤੇ ਵਿੱਚ ਰਹਿ ਰਿਹਾ ਹੈ। ਜਲੰਧਰ ਵਿੱਚਲੀ ਜਮੀਨ 9 ਖੇਤ ਜਿਸ ਆਦਮੀ ਨੂੰ ਮਾਮਲੇ ਲਈ ਦਿੱਤੀ ਸੀ ਉਹ ਕਬਜਾ ਛੱਡਣ ਲਈ ਤਿਆਰ ਨਹੀਂ ਉਸ ਨੇ ਪਿਛਲੇ ਪੰਜ ਸਾਲਾਂ ਤੋਂ ਅਦਾਲਤੀ ਲੜਾਈ ਲੜਈ ਅਤੇ ਕੇਸ ਦਾ ਫੈਸਲਾ ਉਸ ਦੇ ਪੱਖ ਵਿੱਚ ਹੋ ਗਿਆ ਅੱਜ 6 ਮਹੀਨੇ ਬੀਤ ਜਾਣ ਪਿਛੋ ਵੀ ਅਜੇ ਤੱਕ ਉਹ ਕਬਜਾ ਕਰੀ ਬੈਠਾਂ ਹੈ ਜਦੋਂ ਕਿ ਮੈਂ ਕੇਸ ਵੀ ਜਿੱਤਆ ਹੋਇਆ ਹੈ ਹਰਚਰਨ ਸਿੰਘ ਨੇ ਕਿਹਾ ਕਬਜਾ ਕਰਨ ਵਾਲਾ ਜਸਮੇਲ ਸਿੰਘ ਕਬਜਾ ਕਰਨ ਦੇ ਨਾਲ ਨਾਲ ਉਸ ਨੇ ਉਸ ਦੀ ਤਕਰੀਬਨ ਪੌਨੇ 2 ਏਕੜ ਜਮੀਨ ਆੜਤੀਆਂ ਨੂੰ ਪਗੜੀ ਕਬਜੇ ਰਾਹੀ ਦੇ ਦਿੱਤੀ। ਕਿਉ ਕਿ ਹਰਚਰਨ ਦੀ ਜਮੀਨ ਦੇ ਨਾਲ ਪੱਕੀ ਦਾਨਾ ਮੰਡੀ ਬਣ ਗਈ ਸੀ। ਉਸ ਦੀ ਜਮੀਨ ਮਹਿੰਗੀ ਹੋਣ ਕਰਕੇ ਜਸਮੇਲ ਸਿੰਘ ਅੜ ਗਿਆ ਸੀ ਹਰਚਰਨ ਸਿੰਘ ਨੇ ਕਿਹਾ ਮੇਰਾ ਜਮੀਨ ਦੇ ਰੌਲੇ ਨਾਲ ਕੱਲਕਤੇ ਜੋ ਟੱਰਕਾਂ ਦਾ ਬਿਜਨਸ ਹੈ। ਉਹ ਖਰਾਬ ਹੋ ਰਿਹਾ ਹੈ। ਜਿਸ ਕਰਕੇ ਮੈਂ ਬਹੁਤ ਪ੍ਰੇਸ਼ਾਨ ਹਾਂ ਭਿੰਡਰਾਵਾਲੇ ਨੇ ਕਿਹਾ ਮੈਂ ਤੇਰੀ ਜਮੀਨ ਛੱਡਵਾ ਦਿੰਦਾ ਹਾਂ ਪਰ ਤੈਨੂੰ ਸਮੇਤ ਪ੍ਰੀਵਾਰ ਅੰਮ੍ਰਿਤ ਛਕਣਾ ਪਵੇਗਾ।

ਦੂਜਾ ਸਾਡੀ ਧਰਮ ਯੁੱਧ ਲਈ ਚਲਾਈ ਲਹਿਰ ਵਿੱਚ ਮਾਰੇ ਗਏ ਨੌਜਵਾਨਾਂ ਦੇ ਪ੍ਰੀਵਾਰ ਨੂੰ ਮਾਇਆ ਦੀ ਸਹਾਇਤਾ ਕਰਨੀ ਪਵੇਗੀ। ਹਰਚਰਨ ਸਿੰਘ ਮਨ ਪਿਆ ਫੇਰ ਭਿੰਡਰਾਵਾਲੇ ਨੇ ਜਸਮੇਲ ਸਿੰਘ ਕੀ ਕਰਦਾ ਹੈ? ਤਾਂ ਹਰਚਰਨ ਸਿੰਘ ਨੇ ਕਿਹਾ ਉਹ ਇੱਕ ਬਹੁਤ ਵੱਡਾ ਬਲੈਕੀਆ ਹੈ ਅਫੀਮ ਡੋਡੇ ਆਦਿ ਵੇਚਦਾ ਹੈ। ਉਸ ਦੇ ਹਰਿਆਣੇ ਦੇ ਸਮਗਲਰਾਂ ਨਾਲ ਸਬੰਧ ਹਨ। ਭਿੰਡਰਾਵਾਲੇ ਨੇ ਉਸ ਇਲਾਕੇ ਦੇ ਆਦਮੀਆਂ ਕੋਲੋ ਜਸਮੇਲ ਸਿੰਘ ਬਾਰੇ ਪੁਛਿਆ ਤਾਂ ਉਹ ਸਚ ਮੁੱਚ ਹੀ ਬਲੈਕੀਆ ਸੀ ਉਸ ਨੇ ਵਿਆਹ ਵੀ ਨਹੀਂ ਕਰਵਾਇਆ ਸੀ।

ਜੇਲ ਵਿੱਚ ਬੰਦ ਜਸਬੀਰ ਸਿੰਘ ਦੇ ਦੱਸਣ ਮੁਤਾਬਕ ਭਿੰਡਰਾਵਾਲੇ ਨੇ ਦੋ ਚਿੱਠੀਆਂ ਲਿਖ ਕੇ ਇੱਕ ਆੜਤੀਏ ਅਤੇ ਇੱਕ ਜਸਮੇਲ ਸਿੰਘ ਨੂੰ ਦੇਣ ਲਈ ਸਿੰਘਾਂ

ਨੂੰ ਤੋਰ ਦਿੱਤਾ। ਜਦੋਂ ਸਿੰਘਾਂ ਨੇ ਇੱਕ ਚਿੱਠੀ ਆੜਤੀਏ ਨੂੰ ਦਿਖਾਈ ਤਾਂ ਚਿੱਠੀ ਤੇ ਲਿਖਿਆਂ ਸੀ ਇਹ ਜਮੀਨ ਭਿੰਡਰਾਂਵਾਲੇ ਦੀ ਹੈ ਆਉਂਦੇ 48 ਘੰਟਿਆਂ ਵਿੱਚ ਖਾਲੀ ਕਰ ਦਿੱਤੀ ਜਾਵੇ ਤੇ ਜੇ ਹੁਕਮ ਨਾ ਮਨਿਆ ਗਿਆ ਤਾਂ ਆਪਣੇ ਅਤੇ ਪ੍ਰੀਵਾਰਾਂ ਦੀ ਰਾਖੀ ਲਈ ਕੁਝ ਪ੍ਰਬੰਧ ਕਰ ਲਵੋ। ਚਿੱਠੀ ਤੇ ਭਿੰਡਰਾਂਵਾਲੇ ਨੇ ਆਪਣੇ ਸਾਈਨ ਕੀਤੇ ਹੋਏ ਸਨ। ਜਦੋਂ ਇਹ ਚਿੱਠੀ ਆੜਤੀਏ ਨੇ ਪੜ੍ਹੀ ਤਾਂ ਉਨ੍ਹਾਂ ਵਿੱਚ ਇੱਕ ਤਰ੍ਹਾਂ ਭੂਚਾਲ ਆ ਗਿਆ। ਉਹ ਬੇਵੱਸ ਹੋ ਗਏ। ਕਿਉ ਕਿ ਜਿੱਥੇ ਭਿੰਡਰਾਂਵਾਲੇ ਦੀ ਚਿੱਠੀ ਜਾਂਦੀ ਸੀ ਉਸ ਕੰਮ ਤੋਂ ਪੁਲਿਸ ਵੀ ਦੂਰ ਹੋ ਜਾਂਦੀ ਸੀ। ਅਗਲੀ ਸਵੇਰ ਤੱਕ ਇਹ ਛੋਟੀ ਜਿਹੀ ਬਣੀ ਕਲੋਨੀ ਖਾਲੀ ਹੋ ਗਈ। ਉਧਰ ਜਦੋਂ ਜਸਮੇਲ ਸਿੰਘ ਨੂੰ ਚਿੱਠੀ ਦਿੱਤੀ ਤਾਂ ਉਸ ਨੇ ਅਗਲੇ ਦਿਨ ਹੀ ਹਰਿਆਣੇ ਤੋਂ ਆਪਣੇ ਕੰਮ ਵਾਲੇ ਬੰਦੇ ਬੁਲਵਾ ਲਏ ਜਿਨ੍ਹਾਂ ਵਿਚੋਂ ਸੰਤੋਸ਼ੀ ਨਾਂ ਦਾ ਚੰਗਾ ਤਕੜਾ ਬਦਮਾਸ਼ ਸੀ ਜਿਹੜਾ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਤੱਕ ਪਹੁੰਚ ਰੱਖਦਾ ਸੀ। ਉਸ ਨੇ ਭਿੰਡਰਾਂਵਾਲੇ ਨੂੰ ਇੱਕ ਚਿੱਠੀ ਜਵਾਬ ਵਿੱਚ ਲਿਖ ਦਿੱਤੀ ਕਿ ਅਸੀਂ ਤੈਨੂੰ 48 ਘੰਟਿਆ ਤੋਂ ਬਾਅਦ ਜਰੂਰ ਉਡੀਕਾ ਗੇ ਅਤੇ ਨਾਲ ਹੀ ਇੱਕ ਹਿੰਦੀ ਦਾ ਗਾਣਾ ਲਿਖ ਦਿੱਤਾ "ਨਾ ਹਮਾਰਾ ਕੋਈ ਉਪਰ ਨੀਚੇ ਨਾਕੋਈ ਆਗੇ ਪਿਛੇ ਆਪ ਕਾ ਕਿਆ ਹੋਗਾ ਜਨਾਬੇ ਆਲੀ " ਜਦੋਂ ਇਹ ਚਿੱਠੀ ਭਿੰਡਰਾਂਵਾਲੇ ਕੋਲ ਪੁਹੰਚੀ ਤਾਂ ਉਹ ਹੱਸ ਪਿਆ ਕਿਉ ਕਿ ਸੰਤੋਸ਼ੀ ਨੇ ਵੀ ਵਿਆਹ ਨਹੀਂ ਕਰਵਾਇਆ ਸੀ ਅਤੇ ਉਸ ਕੋਲ ਹਰ ਵੇਲੇ 30 ਤੋਂ 40 ਆਦਮੀ ਰਫਲਾਂ ਵਾਲੇ ਸਨ। ਜੇਲ ਵਿੱਚ ਬੰਦ ਜਸਬੀਰ ਸਿੰਘ ਨੇ ਕਿਹਾ ਫੇਰ 48 ਘੰਟੇ ਲੰਘਣ ਤੋਂ ਬਾਅਦ ਭਿੰਡਰਾਂਵਾਲੇ ਨੇ ਮੈਨੂੰ ਅਤੇ ਖੜਕ ਸਿੰਘ ਨੂੰ ਇੱਕ ਚਿੱਠੀ ਦੇ ਕੇ ਤੋਰਿਆ ਜਿਸ ਵਿੱਚ ਲਿਖਿਆ ਸੀ ਕਿ ਸੰਤੋਸ਼ੀ ਅਤੇ ਜਸਮੇਲ ਮੈਂ ਤੁਹਾਨੂੰ ਦੋਨਾਂ ਨੂੰ ਛੱਡ ਤੁਹਾਡੇ ਬਾਡੀਗਾਰਡਾ ਨੂੰ ਚੇਤਾਵਨੀ ਦੇਣੀ ਚਾਹੁੰਦਾ ਹਾਂ ਕਿ ਜਦੋਂ ਮੇਰੇ ਸਿੰਘ ਇਨ੍ਹਾਂ ਦੋਨਾਂ ਨੇ ਫੜਨ ਆਉਣ ਸਮੇਂ ਅਗਰ ਮੇਰਾ ਕੋਈ ਸਿੰਘ ਜਖਮੀ ਹੋ ਗਿਆ ਤਾਂ ਮੈਂ ਤੁਹਾਨੂੰ ਮਾਰਾਗਾ ਨਹੀਂ ਕਿਉ ਕਿ ਤੁਸੀਂ ਕਿਹਾ ਕਿ ਸਾਡੇ ਅੱਗੇ ਪਿਛੇ ਅਤੇ ਉਪਰ ਥੱਲੇ ਕੋਈ ਵੀ ਨਹੀਂ ਇਸ ਕਰਕੇ ਤੁਹਾਡੀਆਂ ਅੱਖਾਂ ਕੱਢ ਕੇ ਕੁੱਤਿਆ ਅੱਗੇ ਸੁੱਟਾ ਗਾ ਤੁਹਾਡੀ ਜੀਭ ਕੱਟ ਦਿੱਤੀ ਜਾਵੇਗੀ ਤੁਹਾਡੇ ਕੰਨ ਹਮੇਸ਼ਾਂ ਲਈ ਬੰਦ ਕਰ ਦਿੱਤੇ ਜਾਣਗੇ। ਪਰ ਤੁਹਾਨੂੰ ਜਿਉਂਦਾ ਰੱਖਿਆ ਜਾਵੇਗਾ।

ਜਦੋਂ ਇਹ ਚਿੱਠੀ ਅਸੀਂ ਉਨ੍ਹਾਂ ਨੂੰ ਪਹੁੰਚਾਈ ਤਾਂ ਸ਼ਾਮ ਤੱਕ ਸੰਤੋਸ਼ੀ ਨਾਲ ਸਿਰਫ 3 ਆਦਮੀ ਹੀ ਰਹਿ ਗਏ। ਅਗਲੇ ਦਿਨ ਅਸੀਂ ਕੁਲ 60 ਕੁ ਬੰਦੇ ਗਏ। ਜਿਨ੍ਹਾਂ ਨੇ ਸਵੇਰੇ 2 ਵਜੇ ਜਸਮੇਲ ਸਿੰਘ ਦੇ ਗੋਦਾਮਾਂ ਤੇ ਹਮਲਾ ਕਰ ਦਿੱਤਾ ਸੰਤੋਸ਼ੀ ਦੇ ਦੋ ਬੰਦੇ ਮਾਰੇ ਗਏ। ਅਤੇ ਇੱਕ ਭੱਜ ਗਿਆ ਅਤੇ ਸੰਤੋਸ਼ੀ ਨੂੰ ਫੜ ਲਿਆ ਇਧਰ ਦੋਨਾਂ ਪਾਸੇ ਤੋਂ ਚੱਲੀ ਗੋਲੀ ਕਰਕੇ 6 ਸਿੰਘ ਜਖਮੀ ਹੋ ਗਏ ਅਤੇ ਇੱਕ ਮਾਰਿਆ ਗਿਆ ਜਸਮੇਲ ਸਿੰਘ ਨੂੰ ਉਸ ਦੇ ਘਰੋਂ ਹੀ ਫੜ ਲਿਆ। ਉਸ ਨੇ ਆਪਣੇ ਪਸਤੋਲ ਨਾਲ ਗੋਲੀ ਚਲਾਈ ਜਿਸ ਕਰਕੇ ਇਕ ਸਿੰਘ ਦੀ ਬਾਂਹ ਨਕਾਰਾ ਹੋ ਗਈ। ਇਸ ਸਾਰੇ ਉਪਰੇਸ਼ਨ ਦੀ ਕਾਰਵਾਈ ਮੈਂ ਕਰ ਰਿਹਾ ਸੀ। ਇਹ ਸਾਰੇ ਭਿੰਡਰਾਂਵਾਲੇ ਦੇ ਅੱਗੇ 4 ਮਾਰਚ 1983 ਨੂੰ ਪੇਸ਼ ਕੀਤੇ ਅਤੇ ਭਿੰਡਰਾਂਵਾਲਾ ਆਪਣੇ ਸਾਥੀਆਂ ਦੇ ਜਖਮੀ ਅਤੇ

ਅਤੇ ਮਾਰੇ ਜਾਣ ਕਰਕੇ ਪੂਰੇ ਗੁਸੇ ਵਿੱਚ ਸੀ। ਇਹ ਤਿੰਨੇ ਜਾਣੇ ਭਿੰਡਰਾਂਵਾਲੇ ਦੇ ਅੱਗੇ ਮਾਫੀ ਲਈ ਲੇਲੜੀਆਂ ਕੱਢਣ ਲੱਗੇ ਅਤੇ ਕੁਰਲਾਉਣ ਲੱਗੇ। ਭਿੰਡਰਾਂਵਾਲੇ ਨੇ ਕਿਹਾ ਥੋੜਾ ਤਰਸ ਜਰੂਰ ਕਰਾਂਗੇ ਅਤੇ ਇਨ੍ਹਾਂ ਨੂੰ ਤਰਨਤਾਨ ਸਾਡੇ ਨਾਲ ਤੋਰ ਦਿੱਤਾ ਅਤੇ ਸਾਡੇ ਨਾਲ ਦਿੱਤਾ ਫਤਵਾ ਸਾਨੂੰ ਦੇ ਦਿੱਤਾ। ਇਨ੍ਹਾਂ ਦੀ ਅੱਖਾਂ ਦੀ ਰੋਸ਼ਨੀ ਖੋਹ ਲਈ ਅਤੇ ਬਾਂਹਾਂ ਲੱਤਾਂ ਨਾਕਾਰਾ ਕਰ ਦਿੱਤੀਆਂ ਤਰਨਤਾਰਨ ਦੇ ਬਾਜਾਰ ਵਿੱਚ ਸੁੱਟ ਦਿੱਤੇ। ਇਸ ਕੇਸ ਦੇ ਅਧਾਰ ਤੇ ਜਸਬੀਰ ਸਿੰਘ ਨੂੰ 14 ਸਾਲ ਦੀ ਜੇਲ ਹੋਈ।

ਇੱਥੋ ਪਤਾ ਲੱਗਦਾ ਹੈ ਕਿ ਭਿੰਡਰਾਂਵਾਲੇ ਦੇ ਨਿਰਾਦਰੀ ਸੁਭਾ ਮੁਕਾਬਲਾ ਜੇ ਔਰੰਗਜੇਬ ਨਾਲ ਕੀਤਾ ਜਾਵੇ ਤਾਂ ਕਿਸੇ ਪਾਸੇ ਤੋਂ ਘੱਟ ਨਹੀਂ ਹੋਵੇਗਾ। ਪਹਿਲੀ ਗੱਲ ਕਿਸੇ ਦੀ ਜਮੀਨ ਦਾ ਕਬਜਾ ਛੁਡਾਉਣ ਵਾਲਾ ਭਿੰਡਰਾਂਵਾਲਾ ਕੋਣ ਹੁੰਦਾ ਹੈ। ਅਗਰ ਜੇ ਕਰ ਕਿਸੇ ਦੀ ਮਦਦ ਕੀਤੀ ਹੈ ਤਾਂ ਉਸ ਮਦਦ ਦੇ ਬਦਲੇ ਪਹਿਲਾ ਹੀ ਕੀਮਤ ਵਸੂਲ ਕਰ ਲਈ ਆਪ ਭਿੰਡਰਾਂਵਾਲਾ ਅਕਾਲ ਤਖਤ ਤੇ ਬੈਠਾ ਹੁਕਮ ਚਲਾਉਂਦਾ ਤੇ ਆਪ ਵਰਦੀ ਅੱਗ ਵਿੱਚ ਨਾ ਆਉਂਦਾ ਅਤੇ ਇੱਕ ਬਹਾਨਾ ਬਣਾ ਲੈਂਦਾ ਕਿ ਮੈਨੂੰ ਪੰਜ ਪਿਆਰਿਆਂ ਨੇ ਰੋਕਿਆ ਹੈ ਪਰ ਆਪਣੀ ਜਾਣ ਕਦੋਂ ਤੱਕ ਬਚਾ ਕੇ ਰੱਖਦਾ ਜੇ ਕਰ ਉਹ ਖਲਨਾਈਕ ਹੀ ਰਹਿਣਾ ਚੁੰਦਾ ਸੀ ਆਖੀਰ 1984 ਵਿੱਚ ਆਪ ਹੀ ਮਰ ਗਿਆ ਅਤੇ ਸਾਡੇ ਜਵਾਨਾਂ ਦੇ ਹਜਾਰਾਂ ਪ੍ਰੀਵਾਰ ਬੇਘਰ ਕਰ ਗਿਆ। ਜਿਨ੍ਹਾਂ ਪੁਲਿਸ ਅਫਸਰਾਂ ਨੇ ਭਿੰਡਰਾਂਵਾਲੇ ਦੇ ਜੁਲਮ ਤੋਂ ਲੋਕਾਂ ਨੂੰ ਬਚਾਉਣਾ ਸੀ ਉਹ ਆਪਣੀਆਂ ਬਦਲੀਆਂ ਕਰਵਾਉਣ ਲਈ ਅਤੇ ਆਪਣੇ ਨਿਜੀ ਕੰਮਾਂਕਾਰਾਂ ਲਈ ਭਿੰਡਰਾਂਵਾਲੇ ਦੇ ਕੋਲ ਸਿਫਾਰਸ਼ਾਂ ਪਾਉਂਦੇ ਸੀ। ਇਸੇ ਤਰ੍ਹਾਂ ਜੇਲ ਵਿੱਚ ਬੰਦ ਸੁਰਿੰਦਰ ਸਿੰਘ ਜੋ ਜਾਤ ਦਾ ਤਰਖਾਣ ਸੀ ਉਸ ਨੂੰ ਵੀ 14 ਸਾਲ ਦੀ ਜੇਲ ਹੋਈ। ਤੇ ਇਸ ਨੂੰ ਰਾਜਸਥਾਨ ਦੀ ਜੇਲ ਵਿੱਚ ਰੱਖਿਆ ਗਿਆ। ਇਸ ਦੀ ਕਹਾਣੀ ਮੁਤਾਬਕ ਗੰਗਾ ਨਗਰ ਵਿੱਚ ਤੇਜ ਪ੍ਰਤਾਪ ਨਾ ਦਾ ਆਦਮੀ ਸੀ ਜਿਸ ਦੇ ਕੋਲ 300 ਏਕੜ ਜਮੀਨ, ਟਰੱਕ ਅਤੇ ਸ਼ੈਲਰ ਸਨ। ਉਸ ਦਾ ਛੋਟਾ ਲੜਕਾ ਵੀਰੂ ਜੋ ਚੰਡੀਗੜ੍ਹ ਪੜ੍ਹਦਾ ਸੀ ਉਸ ਦੀ ਦੋਸਤੀ ਇੱਕ ਇਹੋ ਜਿਹੀ ਕੁੜੀ ਨਾਲ ਹੋ ਗਈ ਜੋ ਜਾਤ ਦੀ ਮਜਬੀ ਸੀ। ਜਿਹੜੀ ਇੱਕ ਐਨ ਆਰ ਆਈ ਦੇ ਆਸਰੇ ਚੰਡੀਗੜ੍ਹ ਪੜ੍ਹ ਰਹੀ ਸੀ। ਉਸ ਦਾ ਨਾਮ ਅਮਰਜੀਤ ਭੱਟੀ ਸੀ। ਉਹ ਘਰ ਤੋਂ ਬਹੁਤ ਗਰੀਬ ਸੀ ਹੁਸ਼ਿਆਰ ਪੁਰ ਜਿਸ ਦੀ ਕੋਠੀ ਵਿੱਚ ਉਹ ਰਹਿੰਦੇ ਸਨ ਉਹ ਸਾਰਾ ਪ੍ਰੀਵਾਰ ਹਾਂਗਕਾਂਗ ਵਿੱਚ ਰਹਿੰਦਾ ਸੀ ਉਨ੍ਹਾਂ ਨੇ ਹੀ ਅਮਰਜੀਤ ਦੀ ਪੜ੍ਹਾਈ ਦੇਖ ਕੇ ਸਾਰਾ ਖਰਚਾ ਚੁਕਿਆ ਸੀ।

ਇੱਧਰ ਜਦੋਂ ਤੇਜ ਪ੍ਰਤਾਪ ਅਤੇ ਉਸ ਦੇ ਵੱਡੇ ਦੋਨਾਂ ਲੜਕਿਆ ਨੂੰ ਪਤਾ ਲੱਗਾ ਤਾਂ ਉਹ ਅੱਗ ਭਬੂਕਾ ਹੋ ਗਏ। ਕਿਉ ਕਿ ਵੀਰੂ ਉਸ ਨਾਲ ਵਿਆਹ ਕਰਨਾ ਮੰਗਦਾ ਸੀ। ਤੇਜ ਪ੍ਰਤਾਪ ਦੇ ਮੁੰਡਿਆ ਨੇ ਅਮਰਜੀਤ ਦੇ ਘਰ ਬੜੇ ਡਰਾਵੇ ਘੱਲੇ ਪਰ ਅਮਰਜੀਤ ਟੱਸ ਤੋਂ ਮੱਸ ਨਾ ਹੋਈ ਅਖੀਰ ਤੇਜ ਪਰਤਾਪ ਨੇ ਸ਼ਰੀਕੇ ਵਿੱਚ ਹੁੰਦੀ ਆਪਣੀ ਬੇਇਜਤੀ ਦੇਖ ਕੇ ਵੀਰੂ ਨੂੰ ਬੇਦਖਲ ਕਰ ਦਿੱਤਾ ਕਿਉ ਕਿ ਵੀਰੂ ਕਹਿੰਦਾ ਸੀ ਜਿਨ੍ਹਾਂ ਚਿਰ ਉਹ ਅਮਰਜੀਤ ਨਾਲ ਵਿਆਹ ਨਹੀਂ ਕਰ ਲੈਂਦਾ ਉਹ ਘਰ ਨਹੀਂ ਆਵੇਗਾ। ਉਨ੍ਹਾਂ ਦੋਨਾਂ ਨੇ ਅੰਬ ਸਾਹਿਬ ਗੁਰਦੁਆਰੇ ਵਿਆਹ ਕਰ ਲਿਆ। ਇੱਧਰ

ਤੇਜ ਪ੍ਰਕਾਸ਼ ਆਪਣੀ ਬੇਇਜਤੀ ਨਾ ਸਹਾਰਦਾ ਹੋਇਆ ਕੁਝ ਮਹੀਨੇ ਬਆਦ ਦਿਲ ਦਾ ਦੋਰਾ ਪੈਣ ਕਰਕੇ ਮਰਗਿਆ। ਵੀਰੂ ਦੇ ਵਿਆਹ ਨੂੰ ਪੰਜ ਸਾਲ ਲੰਘ ਗਏ। ਉਸਦੇ ਦੋ ਕੁੜੀਆਂ ਅਤੇ ਇੱਕ ਮੁੰਡੇ ਨੇ ਜਨਮ ਲਿਆ। ਇੱਧਰ ਮਾਂ ਆਪਣੇ ਪੁੱਤ ਦਾ ਵਿਛੋੜਾ ਨਾ ਸਹਿੰਦੀ ਅਤੇ ਆਪਣੇ ਪੁੱਤਰ ਨੂੰ ਮਿਲ ਜਾਂਦੀ ਅਤੇ ਕੁਝ ਪੈਸੇ ਵੀ ਦੇ ਜਾਂਦੀ। ਪਰ ਤੇਜ ਪ੍ਰਤਾਪ ਦੇ ਦੋਨੇ ਮੁੰਡੇ ਵਿਆਹੇ ਗਏ ਤਾਂ ਨਵੀਆਂ ਨੂੰਹਾਂ ਨੇ ਇਸ ਨੂੰ ਬੁਰਾ ਮਨਾਇਆ ਦੋਵੇ ਨੂੰਹਾਂ ਸਕੀਆਂ ਭੈਣਾ ਸਨ।ਜਿਹੜੀਆਂ ਰਾਜਸਥਾਨ ਦੇ ਖੇਤੀ ਬਾੜੀ ਮੰਤਰੀ ਦੀਆਂ ਭਾਣਜੀਆਂ ਸਨ। ਇੱਧਰ ਸੰਨ 1980 ਵਿੱਚ ਵੀਰੂ ਦੀ ਮੋਟਰ ਸਾਈਕਲ ਐਕਸੀਡੈਂਟ ਵਿੱਚ ਅੰਬਾਲੇ ਮੌਤ ਹੋ ਗਈ। ਅਮਰਜੀਤ ਉਪਰ ਦੁੱਖਾਂ ਦਾ ਪਹਾੜ ਟੁੱਟ ਗਿਆ। ਉਹ ਆਪਣੇ ਮਾਪੇ ਪਿੰਡ ਆ ਗਈ। ਭਾਵੇ ਕਿ ਮਾਪੇ ਉਸ ਨੂੰ ਰੋਟੀ ਦੇਣ ਤੇ ਸਮਰਥ ਸਨ। ਪਰ ਉਹ ਭਵੀਖ ਲਈ ਵਚਨ ਬੱਧ ਨਹੀਂ ਸਨ।

ਸੋ ਇੱਕ ਦਿਨ ਅਮਰਜੀਤ ਦੀ ਵੱਡੀ ਲੜਕੀ ਬਹੁੱਤ ਬਿਮਾਰ ਹੋ ਗਈ ਉਸ ਨੂੰ ਲੁਧਿਆਣੇ ਲਿਉਣਾ ਪਿਆ। ਹਾਂਕਾਗ ਵਾਲੇ ਪ੍ਰੀਵਾਰ ਨੇ ਪੈਸੇ ਦੀ ਮਦਦ ਕੀਤੀ। ਅਮਰਜੀਤ ਹੋਰ ਮਦਦ ਲੈਣ ਲਈ ਆਪਣੇ ਸੁਹਰੇ ਪਿੰਡ ਗੰਗਾਨਗਰ ਆਪਣੀ ਸੱਸ ਕੋਲ ਪਹੁੰਚੀ ਪਰ ਉਸ ਦੀ ਸੱਸ ਰੱਬ ਨੂੰ ਪਿਆਰੀ ਹੋ ਚੁੱਕੀ ਸੀ ਵੀਰੂ ਦੇ ਦੋਨੇ ਭਰਾਵਾਂ ਜਗਤ ਸਿੰਘ ਅਤੇ ਨਿਰੰਜਣ ਸਿੰਘ ਧੱਕੇ ਮਾਰ ਕੇ ਘਰੋਂ ਭਜਾ ਦਿੱਤਾ । ਇੱਧਰ ਅਮਰਜੀਤ ਦੀ ਵੱਡੀ ਲੜਕੀ ਬਿਮਾਰੀ ਦੀ ਜਕੜ ਵਿੱਚ ਹੋ ਫੱਸ ਗਈ ਅਤੇ 6 ਦਿਨਾਂ ਮਗਰੋ ਮਰ ਗਈ ਹੁਣ ਅਮਰ ਜੀਤ ਨੇ ਆਪਣੇ ਪਤੀ ਦਾ ਹੱਕ ਅਪਣਾਇਆ ਉਸ ਨੇ ਅਦਾਲਤੀ ਕਾਰਵਾਈ ਲੜੀ। ਲੰਮੇ ਸਮੇਂ ਬਾਅਦ ਉਹ ਕੇਸ ਹਾਰ ਗਈ। ਪਰ ਅਮਰਜੀਤ ਨੇ ਹਿੰਮਤ ਨਾ ਹਾਰੀ ਉਸ ਨੇ ਰਾਜਸਥਾਨ ਦੇ ਰਾਜਨੀਕਤ ਬੰਦਿਆਂ ਕੋਲ ਆਪਣੀ ਕਹਾਣੀ ਸੁਣਾਈ ਉਸ ਨੇ ਆਪੇ ਪਤੀ ਦੇ ਦੋਨੇ ਵੱਡੇ ਭਰਾਵਾਂ ਨੂੰ ਉਥੋ ਦੇ ਐਮ ਐਲ ਏ ਨੂੰ ਨਾਲ ਲੈ ਕੇ ਕਿਹਾ ਕਿ ਉਸ ਨੂੰ 300 ਏਕੜ ਵਿੱਚੋਂ ਸਿਰਫ 5 ਕਿਲੇ ਹੀ ਮੇਰੇ ਬੇਟੇ ਦੇ ਨਾਮ ਲਗਾ ਦਿਉ ਜਿਹੜਾ ਨਿਰੰਜਣ ਸਿੰਘ ਅਤੇ ਜਗਤ ਸਿੰਘ ਦਾ ਭਤੀਜਾ ਹੀ ਲੱਗਦਾ ਸੀ ਅਤੇ ਹੋਰ ਕਿਸੇ ਵੀ ਜਾਇਦਾਦ ਵਿੱਚੋਂ ਕੋਈ ਵੀ ਹਿੱਸਾ ਨਾ ਲੈਣ ਦਾ ਵਾਧਾ ਕੀਤਾ ਪਰ ਦੋਨੇ ਭਰਾਂ ਨਾ ਮੰਣੇ। ਸੱਗੋ ਤੀਸਰੇ ਦਿਨ ਉਥੋਂ ਦੇ ਐਸ ਐਸ. ਪੀ. ਨੂੰ ਕਹਿ ਕੇ ਉਸ ਤੇ ਇੱਕ ਕੇਸ ਪਾ ਕੇ ਉਸ ਨੂੰ ਅੰਦਰ ਕਰਵਾ ਦਿੱਤਾ। ਫੇਰ ਉਸ ਨੂੰ ਗੰਗਾਨਗਰ ਛੱਡ ਕੇ ਜਾਣ ਦੀ ਸ਼ਰਤ ਤੇ ਛੱਡ ਦਿੱਤਾ ਗਿਆ। ਹੁਣ ਅਮਰਜੀਤ ਦਾ ਪਿਛਲੇ 12 ਦਿਨਾਂ ਤੋਂ ਉਨ੍ਹਾਂ ਦੇ ਪਿੰਡ ਹੀ ਰੋਲਾ ਪਾਏ ਜਾਣ ਕਏ ਦੋਨਾਂ ਭਰਾਵਾਂ ਆਪਣੇ ਸ਼ਰੀਕੇ ਵਿੱਚ ਬਹੁਤ ਬੇਇਜਤੀ ਸਮਝੀ ਅਤੇ ਇਸ ਤੋਂ ਬਚਣ ਦਾ ਉਪਾਅ ਸੋਚਣ ਲੱਗੇ।

ਆਖੀਰ ਉਨ੍ਹਾਂ ਨੇ ਮੁੱਲ ਦੇ ਬੰਦੇ ਲੈ ਕੇ ਪੁਲਿਸ ਨਾਲ ਮਿਲੀ ਭੁਗਤ ਕਰਕੇ 17 ਮਾਰਚ 1983 ਨੂੰ ਅਮਰਜੀਤ ਅਤੇ ਉਸ ਦੇ ਮਾਪੇ ਜਦੋਂ ਆਪਣੇ ਅਸਲੀ ਘਰ ਵਿੱਚ ਆਏ ਹੋਏ ਸਨ ਤਾਂ ਰਾਤ ਨੂੰ ਇਨ੍ਹਾਂ ਨੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਅਤੇ ਘਰ ਦੀਆਂ ਖਿੜਕੀਆਂ, ਦਰਵਾਜੇ, ਬਾਲਿਆਵਾਲੀ ਛੱਤ ਅਤੇ ਸੰਦੂਕ ਮੱਚ ਉਠੇ ਜਦੋਂ ਆਸਾ ਪਾਸਾ ਕੋਲ ਆਇਆ ਤਾਂ ਇਨ੍ਹਾਂ ਚਾਰ ਆਦਮੀਆ ਨੇ ਫਾਈਰਿੰਗ ਖੋਲ ਦਿੱਤੀ

ਅਤੇ ਕਿਹਾ ਕਿ ਇਹ ਸਿੱਖ ਕੌਮ ਦੇ ਗਦਾਰ ਹਨ। ਇਹ ਚਾਰੇ ਜਾਣੇ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਸਨ। ਇਸ ਕਾਂਡ ਵਿੱਚ ਅਮਰਜੀਤ ਦੀ ਦੂਜੀ ਕੁੜੀ ਅਮਰਜੀਤ ਦਾ ਪਿਤਾ ਅਤੇ ਉਸ ਦੀ ਭੂਆ ਦੀ ਕੁੜੀ ਮਾਰੀ ਗਈ ਅਮਰਜੀਤ ਲਈ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਇਹ ਕਹਾਣੀ ਜਿਹੜਾ ਭਿੰਡਰਾਂਵਾਲੇ ਦਾ ਚੇਲਾ ਸੁਰਿੰਦਰ ਸਿੰਘ ਜੇਲ ਵਿੱਚ ਸੁਣਾ ਰਿਹਾ ਸੀ। ਇੱਥੇ ਉਹ ਸਾਡੇ ਖੁਫੀਆ ਵਿਭਾਗ ਦੇ ਆਦਮੀ ਜੋ ਉਸ ਦੇ ਨਾਲ ਛੱਡੇ ਹੋਏ ਸਨ। ਉਨ੍ਹਾਂ ਕੋਲ ਆਪਣੇ ਆਪ ਨੂੰ ਖਲਨਾਇਕ ਬਾਨਣ ਦਾ ਯਤਨ ਕਰ ਰਿਹਾ ਸੀ। ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਉਸ ਦੇ ਚਾਰੇ ਪਾਸੇ ਹਮਦਰਦੀ ਰੱਖਣ ਵਾਲੇ ਕੈਦੀ ਸਾਡੇ ਆਦਮੀ ਸਨ। ਸੁਰਿੰਦਰ ਸਿੰਘ ਕਹਿੰਦਾ ਮੈਂ ਵੀ ਅਮਰਜੀਤ ਦੇ ਪਿੰਡ ਦਾ ਹੋਣ ਕਰਕੇ ਮੈਨੂੰ ਸ਼ੱਕ ਤੇਜ ਪਰਤਾਪ ਦੇ ਮੁੰਡਿਆ ਤੇ ਗਿਆ। ਜਦੋਂ ਅਮਰਜੀਤ ਨੂੰ ਮਹੀਨੇ ਬਾਅਦ ਹਸਪਤਾਲ ਤੋਂ ਛੁੱਟੀ ਮਿਲੀ ਤਾਂ ਮੈਂ ਉਸ ਨੂੰ ਨਾਲ ਲੈ ਕੇ ਭਿੰਡਰਾਵਾਲੇ ਦੇ ਕੋਲ ਗਿਆ।

ਅਮਰਜੀਤ ਜਦੋਂ ਅਕਾਲ ਤਖਤ ਤੇ ਪੇਸ਼ ਹੋਈ ਤਾਂ ਉਸ ਨੇ ਦੇਖਿਆ ਕਿਵੇ ਲੋਕ .ਭਿੰਡਰਾਂਵਾਲੇ ਕੋਲ ਸ਼ਿਕਾਇਤਾਂ ਲੈ ਕੇ ਆ ਰਹੇ ਹਨ ਅਤੇ ਭਿੰਡਰਾਂਵਾਲਾ ਕਿਵੇ ਆਪਣੇ ਬੰਦਿਆਂ ਨੂੰ ਹੁਕਮ ਦੇ ਕੇ ਲੋਕਾਂ ਦੇ ਕੰਮ ਕਰ ਰਿਹਾ ਹੈ। ਤਾਂ ਉਹ ਭਾਵਕ ਹੋ ਗਈ ਅਤੇ ਭੁੱਬੀ ਭੁੱਬੀ ਰੋ ਪਈ। ਇੱਕ ਦਮ ਉੱਚੀ ਉੱਚੀ ਰੋਂਦੀ ਦੇਖ ਕੇ ਸਾਰੇ ਉਸ ਵੱਲ ਵੇਖਣ ਲੱਗੇ। ਭਿੰਡਰਾਂਵਾਲੇ ਨੇ ਸਾਰੀ ਕਹਾਣੀ ਉਸ ਤੋਂ ਸੁਣੀ। ਜਦੋਂ ਪਿੰਡ ਵਿੱਚੋਂ ਆਏ 2 ਆਦਮੀਆਂ ਨੇ ਕਿਹਾ ਕਿ ਅੱਗ ਲਾਉਣ ਵਾਲੇ ਤੁਹਾਡਾ ਨਾਂ ਲੈ ਰਹੇ ਸੀ ਅਤੇ ਇੰਨ੍ਹਾਂ (ਅਮਰਜੀਤ) ਹੁਣਾ ਨੂੰ ਸਿੱਖ ਕੌਮ ਦੇ ਗਦਾਰ ਕਹਿ ਰਹੇ ਸੀ। ਤਾਂ ਭਿੰਡਰਾਂਵਾਲਾ ਸੁਣਦਾ ਰਿਹਾ। ਭਿੰਡਰਾਂਵਾਲੇ ਨੇ ਉਸ ਸਮੇਂ ਇੱਕ ਫੋਨ ਕੀਤਾ। ਅੱਗੋਂ ਜਿਹੜਾ ਬੋਲ ਰਿਹਾ ਸੀ। ਭਿੰਡਰਾਂਵਾਲੇ ਨੇ ਉਸ ਨੂੰ ਸਿਰਫ ਹਾਂ ਜਾਂ ਨਾਂਹ ਕਹਿਣ ਲਈ ਆਖਿਆ। ਸੁਰਿੰਦਰ ਨੇ ਦੱਸਿਆ ਕਿ ਇਹ ਗੱਭਰੂ ਥਾਨੇਦਾਰ ਸੀ। ਭਿੰਡਰਾਂਵਾਲੇ ਨੇ ਪੁਛਿਆ ਕਿ ਅੱਗ ਲਾਉਣ ਵਾਲੇ ਬੰਦੇ ਤੇਜਪ੍ਰਤਾਪ ਦੇ ਸਨ ਜਾਂ ਨਹੀਂ । ਗੱਭਰ ਸਿੰਘ ਨੂੰ ਆਪਣੇ ਮੁਕਬਰਾਂ ਤੋਂ ਪਤਾ ਲੱਗਾ ਸੀ ਕਿ ਚਾਰ ਆਦਮੀਆਂ ਵਿੱਚ 3 ਗੰਗਾ ਨਗਰ ਦੇ ਅਤੇ ਇੱਕ ਹੁਸ਼ਿਆਰਪੁਰ ਦਾ ਸੀ। ਜਦੋਂ ਭਿੰਡਰਾਂਵਾਲੇ ਨੂੰ ਫੋਨ ਤੇ ਹਾਂ ਦਾ ਇਸ਼ਾਰਾ ਸੁਣਿਆ ਤਾਂ ਉਸ ਨੇ ਅਮਰਜੀਤ ਨੂੰ 20,000 ਰੁਪਏ ਦੇ ਕੇ ਘਰ ਨੂੰ ਮੋੜ ਦਿੱਤਾ। ਕੁਝ ਦਿਨ ਬੀਤ ਗਏ। ਅਮਰਜੀਤ ਨੇ ਸਮਝਿਆ ਕਿ ਭਿੰਡਰਾਂਵਾਲਾ ਸੱਚ ਮੁਚ ਹੀ ਹੋਅਬ ਦਾ ਵਿਖਾਵਾ ਕਰਦਾ ਸੀ। ਕਿਉਂ ਕਿ ਉਸ ਨੂੰ ਅਜੇ ਤੱਕ ਕੋਈ ਇਨਸਾਫ ਨਹੀਂ ਮਿਲਿਆ ਸੀ।

ਇੱਧਰ ਸੁਰਿੰਦਰ ਸਿੰਘ ਜੋ ਜੇਲ ਵਿੱਚ ਬੰਦ ਸੀ। ਉਹ ਕਹਾਣੀ ਇਸੇ ਤਰ੍ਹਾਂ ਪੇਸ਼ ਕਰ ਰਿਹਾ ਸੀ ਜਿਵੇਂ ਉਹ ਬਹੁਤ ਵੱਡੇ ਦੰਗੇ ਹੋਏ ਹੋਣ। ਉਹ ਕਹਿੰਦਾ ਭਿੰਡਰਾਂਵਾਲਾ ਮੈਨੂੰ ਕਹਿੰਦਾ ਕਿ ਗੰਗਾਨਗਰ ਜਾ ਕੇ ਪੂਰੀ ਸੀ. ਆਈ. ਡੀ. ਲੈ ਕੇ ਉਨ੍ਹਾਂ ਨੂੰ ਫੜ ਕੇ ਲੈ ਆਵੇ। ਕਹਿੰਦਾ ਮੈਂ 10 ਆਦਮੀ ਤੋਂ ਚੰਗੀ ਤਰ੍ਹਾਂ ਪੁੱਛ ਪੜਤਾਲ ਕੀਤੀ ਉਨ੍ਹਾਂ ਦੇ ਦਾਰੇ ਟੱਬਰ ਨੂੰ ਫੱੜ ਕੇ ਅਕਾਲ ਤਖਤ ਤੇ ਪੇਸ਼ ਕੀਤਾ। ਉਨ੍ਹਾਂ ਦੀਆਂ ਪਤਨੀਆਂ ਉੱਥੇ ਲੇਲੜੀਆਂ ਕੱਢਣ ਲੱਗੀਆ। ਭਿੰਡਰਾਂਵਾਲਾ ਆਪਣਾ ਰੋਹਬ ਦਿਊਂਦਾ

ਬੋਲਿਆ। ਇੱਕ ਉਂਗਲ ਗਰਮ ਜਗਾ ਤੇ ਲੱਗ ਜਾਵੇ ਤਾਂ ਕਿਨਾ ਦਰਦ ਹੁੰਦਾ ਹੈ ਅਤੇ ਕੋਈ ਕਿਸੇ ਦੇ ਰੁਪਏ ਨੱਪ ਲਵੇ ਤਾਂ ਵੀ ਮਨ ਨੂੰ ਗੁੱਸਾ ਹੁੰਦਾ ਹੈ। ਤੁਸੀ ਮਾਸੂਮਾਂ ਨੂੰ ਅੱਗ ਲਾਈ, ਉਨ੍ਹਾਂ ਦਾ ਬਣਦਾ ਹੱਕ ਖੋਹਿਆ। ਮੈਨੂੰ ਦਸਵੇਂ ਗੁਰੂ ਨੇ ਇਨਸਾਫ ਕਰਨ ਲਈ ਕਿਹਾ ਹੈ। ਫਿਰ ਭਿੰਡਰਾਂਵਾਲੇ ਨੇ ਉਸੇ ਰਸਤੇ ਸਾਰੇ ਲੰਘਾ ਦਿੱਤੇ। ਪਰ ਸੁਰਿੰਦਰ ਸਿੰਘ ਵੱਰਗੇ ਬੇਵਕੂਫ ਇਨਸਾਫ ਜਦੋਂ ਇਹੋ ਜਿਹੇ ਸਾਧ ਦਾ ਸਾਥ ਦੇ ਰਹੇਂ ਸਨ। ਤਾਂ ਉਸ ਦੀ ਤਾਕਤ ਤਾਂ ਆਪਣੇ ਆਪ ਹੀ ਵੱਧਣੀ ਸੀ।

ਅਗਰ ਆਪਾਂ ਕਾਨੂੰਨ ਤੇ ਰਹਿ ਕੇ ਸੋਚੀਏ ਤਾਂ ਸਾਰੀ ਦੁਨੀਆਂ ਵਿੱਚ ਵੀ ਇਹੋ ਜਿਹੇ ਹੁਕਮ ਚਲਾਉਣ ਦਾ ਕੋਈ ਵੀ ਦੇਸ਼ ਇਜਾਜਤ ਨਹੀਂ ਦੇਵੇਗਾ। ਜੇਕਰ ਮੈਂ ਇੱਕਲਾ ਹੀ ਭਿੰਡਰਾਂਵਾਲੇ ਨੂੰ ਮਾੜਾ ਆਖਾ ਤਾਂ ਜੇਕਰ ਇਹੋ ਜਿਹੀਆ ਕਹਾਣੀਆਂ ਬਾਹਰਲੇ ਦੇਸ਼ਾਂ ਦੀਆਂ ਅਦਾਲਤਾਂ ਵਿੱਚ ਰੱਖੀਆਂ ਜਾਣ ਤਾਂ ਉਹ ਉਸੇ ਵੇਲੇ ਭਿੰਡਰਾਂਵਾਲੇ ਨੂੰ ਸਜਾ ਫਾਸੀ ਦਿੰਦੇ। ਇਹ ਸਾਡੀ ਸਰਕਾਰ ਵੀ ਉਸ ਨੂੰ ਇਨ੍ਹਾਂ ਉਚਾ ਚੁੱਕਣ ਲਈ ਜਿਮੇਵਾਰ ਸੀ। ਉਪਰਲੀ ਕਹਾਣੀ ਵਿੱਚ ਦੇਖਿਆ ਜਾਵੇ ਤਾਂ ਇਹ ਪਿਤਾ ਦੀ ਮਰਜੀ ਹੁੰਦੀ ਹੈ। ਕਿ ਉਹ ਆਪਣੇ ਪੁੱਤਰ ਨਮੂ ਜਾਇਦਾਦ ਘੱਟ ਵੱਧ ਦੇਵੇ।ਨਾਂ ਕਿ ਪੁੱਤਰ ਦਾ ਹੱਕ ਹੁੰਦਾ ਹੈ। ਕਿ ਉਹ ਆਪਣੇ ਪਿਉ ਕੋਲੋ ਜਬਰਦਸਤੀ ਲਵੇ।

ਪਰ ਸਾਡੀ ਅਨਪੜ੍ਹ ਜਨਤਾ ਇਸ ਨੂੰ ਇਨਸਾਫ ਕਹਿੰਦੀ ਸੀ। ਤੇ ਇਸ ਸਾਧ ਦੇ ਮਗਰ ਲੱਗ ਤੁਰੀ? ਅਸਲ ਵਿੱਚ ਗਰੀਬੀ ਦੀ ਮਾਰ ਹੇਠ ਛੋਟੀਆਂ ਜਾਤਾਂ ਵਾਲਿਆ ਨੇ ਹੀ ਭਿੰਡਰਾਂਵਾਲੇ ਨੂੰ ਖਲਨਾਇਕ ਬਣਾ ਦਿੱਤਾ। ਇਸੇ ਤਰ੍ਹਾਂ ਜਾਤ ਦਾ ਝੀਰ ਬਿੱਕਰ, ਜੋ 60 ਸਾਲਾਂ ਨੂੰ ਹੋਇਆ ਗਿਆ ਸੀ। ਇਸ ਆਦਮੀ ਨੂੰ 5 ਸਾਲ ਦੀ ਸਜਾ ਹੋਈ। ਇਸ ਨੇ ਵੀ ਭਿੰਡਰਾਂਵਾਲੇ ਦੇ ਜੁਲਮਾਂ ਵਿੱਚ ਸਹਾਇਤਾ ਕੀਤੀ। ਇਹ ਇੱਕ ਤੇਜ ਦਿਮਾਗ ਔ ਚੰਗਾ ਭਾਸ਼ਣ ਦੇਣ ਵਾਲਾ ਆਦਮੀ ਸੀ। ਇਸ ਦੀ ਜਿਮੇਵਾਰੀ ਇਹ ਲਗਾਈ ਗਈ ਸੀ ਕਿ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਤੋਂ ਪੈਸੇ ਦੀ ਮਦਦ ਲੈਣੀ।

ਉਨ੍ਹਾਂ ਨੂੰ ਧਾਰਮਿਕ ਵਿਚਾਰਾ ਨਾਲ ਪ੍ਰਭਾਵਿਤ ਕਰਕੇ ਉਨ੍ਹਾਂ ਦੀਆਂ ਜੇਬਾਂ ਵਿੱਚੋਂ ਪੈਸੇ ਕਢਵਾਉਣੇ ਇਸ ਦੇ ਪਾਸਪੋਰਟ ਉਪਰ 1981 ਤੋਂ 1984 ਤੱਕ 9 ਦੇਸ਼ਾਂ ਦੀਆਂ ਮੋਹਰਾ ਲੱਗੀਆ ਹੋਇਆ ਸਨ। ਜਿਨ੍ਹਾਂ ਵਿੱਚ ਮੁੱਖ ਇੰਗਲੈਂਡ, ਅਮਰੀਕਾ, ਸਿੰਘਾਪੁਰ, ਕੈਨੇਡਾ, ਹਾਂਗਕਾਂਗ, ਦੁਬਈ, ਜਰਮਨ, ਨਾਰਵੇ, ਕੀਨੀਆ ਆਦਿ ਸਨ। ਮੈਂ ਪੰਜਾਬ ਵਾਸੀਆਂ ਨੂੰ ਇਹ ਗੱਲ ਜਰੂਰ ਕਹਾਂਗਾ ਕਿ ਉਤਨਾ ਤੁਹਾਡਾ ਕਸੂਰ ਨਹੀਂ ਜਿੰਨਾਂ ਇਹ ਐਨ ਆਰ ਆਈ ਨੇ ਕੰਮ ਖਰਾਬ ਕੀਤਾ। ਪਹਿਲੀ ਗੱਲ ਜਿਸ ਮਿੱਟੀ ਵਿੱਚ ਤੁਸੀਂ ਜੰਮੇ ਪਲੇ ਉਸ ਨੂੰ ਛੱਡ ਕੇ ਬਾਹਰ ਜਾ ਬੈਠੇ। ਤੁਹਾਡਾ ਹੁਣ ਕੀ ਹੱਕ ਹੈ ਕਿ ਉਸ ਧਰਤੀ ਦੇ ਉਪਰ ਹੋ ਰਹੀਆਂ ਕਾਰਵਾਈਆ ਦੀ ਕਮਾਨ ਤੁਸੀ ਆਪਣੇ ਹੱਥ ਲਵੋ। ਸਾਡਾ ਗੁਆਢੀ ਮੁਲਕ ਚੀਨ ਵਿੱਚ ਅਗਰ ਕੋਈ ਚੀਨੀ ਦੇਸ਼ ਛੱਡ ਕੇ ਦੂਸਰੇ ਦੇਸ਼ ਚਲਿਆ ਜਾਵੇ ਤਾਂ ਉਹ ਵਾਪਿਸ ਆਪਣੇ ਦੇਸ਼ ਕੋਈ ਜਮੀਨ ਜਾਂ ਕੋਈ ਦਖਲ ਅੰਦਾਜੀ ਨਹੀਂ ਕਰ ਸਕਦਾ ਅਗਰ। ਤੁਸੀਕਿਸੇ ਕਾਰਣ ਆਪਣਾ ਇਲਾਕਾ ਛੱਡਣਾ ਹੈ। ਤਾਂ ਹਿੰਦੋਸਤਾਨ ਕਿੰਨਾ ਵੱਡਾ ਹੈ। ਆਪਣਾ ਬਿਜਨਿਸ ਚਲਾ ਸਕਦੇ ਹੋ। ਪਰ ਇਨ੍ਹਾਂ ਐਨ

ਆਰ. ਆਈਆਂ ਨੇ ਬਿੱਕਰ ਵਰਗੇ ਆਦਮੀਆਂ ਦੇ ਆਖੇ ਲੱਗ ਕੇ ਭਿੰਡਰਾਂਵਾਲੇ ਨੂੰ ਕਰੋੜਾਂ ਰੁਪਏ ਦਿੱਤੇ।

ਇਨ੍ਹਾਂ ਬੇਵਕੂਫਾਂ ਨੇ ਇਹ ਨਹੀਂ ਸੋਚਿਆ ਕਿ ਪੈਸਾ ਤੁਹਾਡਾ ਚੌਧਰ ਭਿੰਡਰਾਂਵਾਲੇ ਦੀ ਅਤੇ ਜਿਨ੍ਹਾਂ ਐਨ ਆਰ ਆਈ ਨੇ ਭਿੰਡਰਾਂਵਾਲੇ ਦਾ ਸਾਥ ਨਹੀਂ ਦਿੱਤਾ। ਉਨ੍ਹਾਂ ਨੇ ਵੀ ਉਸ ਸਮੇਂ ਅੱਤਵਾਦ ਨਾਲ ਨਜਿੱਠਣ ਵਾਲੇ ਸ਼ਹੀਦ ਹਿੰਦੂ ਵੀਰ ਜਾਂ ਕੁਝ ਪੁਲੀਸ ਕਰਮਚਾਰੀ ਆਦਿ ਕਿਸੇ ਨੂੰ ਪੈਸੇ ਦੀ ਮਦਦ ਨਹੀਂ ਦਿੱਤੀ। ਇਹ ਲੋਕ ਵੀ ਇੱਕ ਸੁਆਰਥੀ ਅਤੇ ਕਮੀਨੇ ਸੁਭਾਅ ਵਾਲੇ ਮਤਲਬੀ ਬਣੇ ਰਹੇ। ਅੱਜ ਜਿਨ੍ਹਾਂ ਸਾਡੇ ਵਰਗੇ ਭਿੰਡਰਾਂਵਾਲੇ ਨਾਲ ਲੋਹਾ ਲੈਣ ਵਾਲਿਆ ਨੂੰ ਕਿਤੇ ਕਿਸੇ ਐਨ. ਆਰ. ਆਈ. ਨੇ ਇੱਕ ਰੁਪਾਈਆ ਨਹੀਂ ਪੁੱਛਿਆ।

ਜਦੋਂ ਕਿ ਬਾਹਰ ਬੈਠੇ ਭਿੰਡਰਾਂਵਾਲੇ ਨੂੰ ਕੋਸਦੇ ਹੋਏ, ਕਾਂਗਰਸ ਸਰਕਾਰ ਨੂੰ ਬੁਰਾ ਭਲਾ ਆਖ ਰਹੇ ਸੀ। ਜਿਹੜੇ ਬਾਹਰ ਬੈਠੇ ਭਿੰਡਰਾਂਵਾਲੇ ਨੂੰ ਗਾਲਾਂ ਕੱਢਦੇ ਸਨ ਉਹ 1984 ਤੋਂ ਪਹਿਲਾ ਪੰਜਾਬ ਨਹੀਂ ਵੜ੍ਹੇ ਸਾਡੇ ਵਰਗਿਆ ਨੇ ਆਪਣੀ ਜਾਨ ਤਲੀ ਉੱਪਰ ਰੱਖ ਕੇ ਅੱਤਵਾਦ ਨਾਲ ਲੜੇ। ਸਾਨੂੰ ਵੀ ਆਪਣੀ ਜਿੰਦਗੀ ਪਿਆਰੀ ਸੀ। ਸਾਨੂੰ ਵੀ ਜਿੰਦਗੀ ਦੀਆਂ ਉਹ ਪੂਰਨ ਸੁੱਖ ਸਹੂਲਤਾਂ ਚਾਹੀਦੀਆਂ ਸਨ। ਜੋ ਹਰ ਇੱਕ ਇਨਸਾਨ ਸੋਚਦਾ ਹੈ। ਸਾਨੂੰ ਵੀ ਆਪਣੇ ਕੰਮ ਦੇ ਬਦਲੇ ਇਨਾਮ ਅਤੇ ਮੈਡਲ ਚਾਹੀਦੇ ਹਨ। ਅਗਰ ਤੁਸੀਂ ਅੱਜ ਵੀ 1984 ਵਿੱਚ ਸ਼ਹੀਦ ਹੋਏ ਫੌਜੀ ਸਿਪਾਹੀਆਂ ਨੂੰ ਜਾਂ ਸਾਡੇ ਵਰਗਿਆਂ ਨੂੰ ਕੋਈ ਮਦਦ ਦੇਣੀ ਚਾਹੁੰਦੇ ਹੋ।ਅਸੀਂ ਕਿਸੇ ਕੋਲੋ ਭਿੰਡਰਾਂਵਾਲੇ ਵਾਂਗ ਖੋ ਕੇ ਨਹੀਂ ਖਾਣ ਵਾਲੇ। ਪਰ ਮੇਰੇ ਵਰਗਿਆ ਦੀ ਜਿੰਮੇਵਾਰੀ ਵੀ ਹੁੰਦੀ ਹੈ ਕਿ ਜਿਨ੍ਹਾਂ ਫੌਜੀ ਜਵਾਨਾਂ ਨੇ ਸਾਡੇ ਹੁਕਮ ਤੇ ਫੁੱਲ ਚੜ੍ਹਾਏ, ਸ਼ਹੀਦੀਆਂ ਪਾਈਆ, ਅਸੀਂ ਵੀ ਕੁਝ ਕਰੀਏ।

ਅਗਰ ਤੁਹਡੇ ਵਿੱਚ ਸ਼ਹੀਦ ਫੌਜੀ ਜਾਵਨਾਂ ਜਾਂ ਮੇਰੇ ਨਾਲ ਕੋਈ ਹਮਦਰਦੀ ਹੈ। ਤਾਂ ਤੁਮੀ ਹੁਣ ਵੀ ਮਦਦ ਕਰਨੀ ਚਾਹੋ ਤਾਂ ਕਰ ਸਕਦੇ ਹੋ। ਤੁਸੀ ਇਸ ਗੱਲ ਵੱਲ ਧਿਆਨ ਨਾਲ ਦੇਖੋ। ਕਿ ਅੱਤਵਾਦ ਦੀ ਲੜਾਈ ਤੋਂ ਬਆਦ ਮਾਰੇ ਗਏ ਅੱਤਵਾਦੀਆਂ ਦੇ ਪ੍ਰੀਵਾਰਾਂ ਨੂੰ ਬਾਹਰੋ ਕਿੰਨਾ ਪੈਸਾ ਆਇਆ। ਅੱਜ ਉਂਨ੍ਹਾਂ ਅੱਤਵਾਦੀਆਂ ਦੇ ਪ੍ਰੀਵਾਰ ਉਹ ਸਾਰੀਆਂ ਸੁੱਖ ਸਹੂਲਤਾਂ ਮਾਣ ਰਹੇ ਹਨ। ਜਿਨ੍ਹਾਂ ਸੁੱਖ ਸਹੂਲਤਾਂ ਤੇ ਸਾਡਾ ਹੱਕ ਸੀ।ਮੇਰੇ ਇਲਾਜ ਦਾ ਇੱਕ ਮਹੀਨੇ ਦਾ 43 ਹਜਾਰ ਰੁਪਏ ਖਰਚ ਹੋ ਰਿਹਾ ਹੈ। ਸ਼ਾਈਦ ਗੱਲ ਡਾਕਟਰ ਜਾ ਕੈਂਸਰ ਦੇ ਮਰੀਜ ਹੀ ਸਮਝ ਸਕਣ ਕਿ ਕੈਂਸਰ ਦੇ ਇਲਾਜ ਦਾ ਕਿੰਨਾਂ ਖਰਚਾ ਹੈ। ਜੋ 1984 ਦੇ ਸ਼ਹੀਦ ਫੌਜੀ ਜਵਾਨਾਂ ਨੂੰ ਪੈਸੇ ਦੀ ਮਦਦ ਕਰਨਾ ਚਾਹੁੰਦਾ ਹੈ। ਉਹ ਕਰ ਸਕਦਾ ਹੈ।

ਅਪਰੇਸ਼ਨ ਬਲਿਊ ਸਟਾਰ ਸ਼ਹੀਦੀ ਫੌਜੀ ਫੰਡ ਤੇ ਆਪਣਾ ਡਰਾਫਟ ਬਣ ਕੇ ਭੇਜ ਸਕਦਾ ਹੈ। ਅਤੇ ਜੋ ਮੇਰੀ ਮੱਦਦ ਕਰਨੀ ਚਾਹੁੰਦਾ ਹੈ ਉਹ ਡਰਾਫਟ ਦੇ ਉੱਪਰ ਮੇਰਾ ਬੈਂਕ ਅਕਾਊਂਟ 3654-ਪੀ. ਟੀ. 4923 ਜਰੂਰ ਲਿਖੇ ਅਤੇ ਇਹ ਐਡਰਿਸ਼ ਤੇ ਭੇਜ ਸਕਦੇ ਹੋ। (ਅਪਰੇਸ਼ਨ ਬਲਿਊ ਸਟਾਰ ਸ਼ਹੀਦੀ ਫੌਜੀ ਫੰਡ, ਮਹਾਵੀਰ ਕਲੋਨੀ, ਭੋਰੀਵਿਲੀ, ਮੁੰਬਈ, ਮਹਾਰਾਸ਼ਟਰ) ਕੁਝ ਪੰਜਾਬ ਦੇ ਹਿੰਦੂ ਵੀਰ, ਦਿੱਲੀ ਵਾਸੀ ਅਤੇ

ਗੁਜਰਾਤ ਵਾਸੀਆਂ ਨੇ ਆਪਣੇ ਵੱਲੋਂ ਮੈਨੂੰ ਆਰਥਿਕ ਤੌਰ ਤੇ ਸਹਾਇਤਾ ਪਹੁੰਚਾਈ ਸੀ। ਉਨ੍ਹਾਂ ਵੀਰਾਂ ਦਾ ਮੈਂ ਬਹੁਤ ਧੰਨਵਾਦੀ ਹਾਂ ਅਤੇ ਜੇ ਮੇਰੇ ਸੱਜਣ ਸ਼ਹੀਦ ਹੋਏ ਫੌਜੀ ਵੀਰਾਂ ਦੀ ਮਦਦ ਕਰਨਗੇ ਮੈਂ ਉਨ੍ਹਾ ਦਾ ਵੀ ਬਹੁਤ ਧੰਨਵਾਦੀ ਹੋਵਾਗਾ। ਮੈਂ ਉਨ੍ਹਾਂ ਵੀਰਾਂ ਤੋਂ ਮੁਆਫੀ ਮੰਗਦਾ ਹਾਂ ਜੋ ਮੈਨੂੰ ਈ ਮੇਲ ਜਾ ਫੈਕਸ ਕਦੇ ਹਨ ਪਰ ਮੈਂ ਉਨ੍ਹਾਂ ਦਾ ਜਵਾਬ ਨਹੀਂ ਦੇ ਸਕਦਾ। ਮੈਂ ਕੋਸ਼ੀਸ਼ ਤਾ ਜਰੂਰ ਕਰਦਾ ਹਾਂ ਕਿ ਮੈਨੂੰ ਪਿਆਰ ਕਾਰਨ ਵਾਲੇ ਨੂੰ ਮੈਂ ਵਾਪਸ ਜਵਾਬ ਸਮੇਂ ਸਿਰ ਦੇ ਸਕਾਂ। ਪਰ ਜਦੋਂ ਦੀ ਸਿਹਤ ਖਰਾਬ ਹੈ ਮੈ ਇਹ ਕੰਮ ਪੂਰਾ ਨਹੀਂ ਕਰ ਸਕਦਾ। ਪਰ ਮੇਰੇ ਵੀ ਜੋ ਮੈਨੂੰ ਆਪਣਾ ਸੁਨੇਹਾ ਜਾਂ ਕੋਈ ਸਾਕਾ ਨੀਲਾ ਤਾਰਾ ਬਾਰੇ ਕੁਝ ਪੁੱਛਣਾ ਚਾਹੁੰਦੇ ਹੋਣ। ਉਹ ਇਸ ਤੇ ਈ ਮੇਲ ਕਰ ਸਕਦੇ ਹਨ।

ਸੋ ਆਪਾ ਪਿਛਲੀ ਕਹਾਣੀ ਵੱਲ ਆਈਏ ਕਿ ਭਿੰਡਰਾਂਵਾਲੇ ਦਾ ਸਾਥ ਦੇ ਰਹੇ ਕਿਸ ਤਰ੍ਹਾਂ ਦੇ ਲੋਕ ਸਨ। ਜੋਧਪੁਰ ਜੇਲ੍ਹ ਵਿੱਚ ਬੰਦ ਜਸਵਿੰਦਰ ਸਿੰਘ ਜੋ ਮਜ਼ਬੀ ਜਾਤ ਨਾਲ ਸਬੰਧ ਰੱਖਦਾ ਸੀ। ਇਸ ਆਦਮੀ ਨੂੰ ਉਮਰ ਕੈਦ ਹੋਈ ਸੀ। ਇਹ ਅਪਣੇ ਆਪ ਨੂੰ ਵੱਡਾ ਖਾਲਸਾ ਦੱਸਦਾ ਸੀ।ਜੇਲ੍ਹ ਵਿੱਚ ਬੰਦ ਇਹ ਬੜਾ ਆਪਣੇ ਆਪ ਨਮ੍ਰ ਨਿਰਦੋਸ਼ ਜਿਹਾ ਦੱਸਦਾ । ਇਸ ਦਾ ਬਚਪਨ ਚੋਰੀਆਂ ਠੱਗੀਆਂ ਲੁਟਾ ਖੋਹਾਂ ਨਾਲ ਭਰਿਆ ਪਿਆ ਸੀ। ਜਦੋਂ ਭਿੰਡਰਾਂਵਾਲੇ ਦੇ ਅੱਗ ਲਾਊ ਭਾਸ਼ਣ ਸੁਣ ਕੇ ਅਨਪੜ੍ਹ ਨੌਜਵਾਨ ਪੀੜੀ ਆਪਣੀਆਂ ਅੱਖਾਂ ਤੇ ਪੱਟੀ ਬੰਨ ਕੇ ਉਸ ਦੇ ਮਗਰ ਲੱਗ ਤੁਰੀ। ਤਾਂ ਇਨ੍ਹਾਂ ਨੇ ਤਾਂ ਜੇਲ੍ਹਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ।

ਭਿੰਡਰਾਂਵਾਲੇ ਦੇ ਚੇਲਿਆ ਨਾਲ ਜੇਲ੍ਹ ਵਿੱਚ ਮੁਲਾਕਾਤਾ ਹੋਈਆ ਤਾ ਇਸ ਨੇ ਵੱਡਾ ਠੱਗ ਅਤੇ ਵੱਡਾ ਖਲਨਾਈਕ ਬਣਨ ਦੀ ਮਨ ਵਿੱਚ ਇੱਛਾ ਧਾਰੀ ਇਸ ਨੂੰ ਲੁੱਟਾ ਖੋਹਾ ਵਿੱਚ ਹੋਈ 3 ਸਾਲ ਦੀ ਸਜਾਂ ਕੱਟ ਕੇ ਇਹ ਭਿੰਡਰਾਂਵਾਲੇ ਦਾ ਚੇਲਾ ਬਣ ਗਿਆ। ਜਿਲੇ ਪਟਿਆਲੇ ਨਾਲ ਸਬੰਧਿਕ ਇਸ ਨੇ ਸਾਡੀ ਖੁਫੀਆ ਏਜੰਸੀ ਕੋਲ ਆਪਣੀ ਕਹਾਣੀ ਇਸ ਤਰ੍ਹਾਂ ਪੇਸ਼ ਕੀਤੀ।

ਕਹਿੰਦਾ ਸਾਡੇ ਪਿੰਡ ਦਾ ਤੀਰਥ ਸਿੰਘ ਨਾਂ ਦੇ ਆਦਮੀ ਦੀਆ 4 ਕੁੜੀਆਂ ਸਨ। ਤੀਰਥ ਸਿੰਘ ਆਪਣੀਆਂ ਕੁੜੀਆਂ ਦੇ ਵਿਆਹ ਕਰਨ ਤੋਂ ਪਹਿਲਾ ਹੀ ਇਸ ਜਹਾਨ ਤੋਂ ਕੂਚ ਕਰ ਗਿਆ। ਸਾਰੀ ਜਿਮੇਵਾਰੀ ਉਸ ਦੀ ਘਰਵਾਲੀ ਤੇ ਪੈ ਗਈ। ਉਹ ਔਰਤ ਪੂਰੀ ਅਨਪੜ ਅਤੇ ਅਕਲ ਦੀ ਮੋਟੀ ਸੀ। ਘਰ ਦੀ ਕੁਲ 97 ਏਕੜ ਜਾਇਦਾਦ ਸੀ। ਵੱਡੀ ਕੁੜੀ ਰਾਣੀ, ਰਨਦੀਪ, ਕੁਲਵੰਤ ਅਤੇ ਪ੍ਰਮਿੰਦਰ ਸੀ ਵੱਡੀ ਕੁੜੀ ਦਾ ਵਿਆਹ 1975 ਵਿੱਚ ਗੁਰਦਾਸਪੁਰ ਦੇ ਤੇਜਾ ਸਿੰਘ ਦੇ ਲੜਕੇ ਮਲਕੀਤ ਸਿੰਘ ਨਾਲ ਕਰ ਦਿੱਤਾ।

ਅਸਲ ਵਿੱਚ ਤੇਜਾ ਸਿੰਘ ਦੀ ਪਹਿਲਾ ਦੂਰ ਤੋਂ ਇਸ ਟੱਬਰ ਨਾਲ ਜਾਣ ਪਹਿਚਾਣ ਰਲਦੀ ਸੀ। ਉਸ ਨੇ ਜਾਇਦਾਦ ਦੇਖ ਕੇ ਮੁੰਡੇ ਦਾ ਰਿਸ਼ਤਾ ਲੈ ਲਿਆ। ਤੇਜਾ ਸਿੰਘ ਤੇ ਉਸ ਦੇ ਮੁੰਡੇ ਦਾ ਕੰਮ ਵੀ ਰੋਲੇ ਰੱਪੇ ਵਾਲਾ ਸੀ। ਜਮੀਨ ਜਾਂ ਪਲਾਟ ਰੌਲੇ ਵਾਲੇ ਸਸਤੇ ਰੇਟ ਤੇ ਖਰੀਦ ਕੇ ਉਨ੍ਹਾਂ ਉਤੇ ਸਰਕਾਰੀ ਜਾਂ ਆਪਣੀ ਤਾਕਤ ਨਾਲ

ਕਬਜਾ ਕਰਨਾ ਸੀ। ਇਸ ਦੇ 3 ਸੈਲਰ ਅਤੇ 4 ਗੁਦਾਮ ਵੀ ਸਨ। ਤੇਜਾ ਸਿੰਘ ਨੇ ਆਪਣੀ 150 ਏਕੜ ਜਮੀਨ ਇੱਕਠੀ ਕੀਤੀ ਹੋਈ ਸੀ ਅਤੇ 2 ਪੈਟ੍ਰੋਲ ਪੰਪ ਲਗਾਏ ਸਨ। ਤੇਜਾ ਦੀ ਵੱਡੀ ਲੜਕੀ ਦਾ ਘਰਵਾਲਾ ਫਿਰੋਜਪੁਰ ਐਸ. ਐਸ. ਪੀ. ਦੀ ਪ੍ਰਮੋਸ਼ਨ ਤੇ ਸੀ। ਇੱਧਰ ਤੇਜਾ ਸਿੰਘ ਦੇ ਲੜਕੇ ਮਲਕੀਤ ਸਿੰਘ ਦੇ ਘਰ ਇੱਕ ਲੜਕਾ ਹੋਇਆ। ਲੜਕੇ ਦੇ ਜਨਮ ਤੋਂ ਬਾਅਦ ਮਲਕੀਤ ਸਿੰਘ ਨੇ ਰਾਣੀ ਤੋਂ ਜਮੀਨ ਆਪਣੇ ਨਾਂ ਕਰਵਾਉਣ ਦੀ ਜਿੱਦ ਫੜੀ। ਇਹ ਜਿੱਦ ਇੱਥੋਂ ਤੱਕ ਪਹੁੰਚੀ। ਰਾਣੀ ਦੇ ਘਰ ਵਿੱਚ ਹੀ, ਕਈ ਕਿਸਮ ਦੇ ਉਸ ਉਤੇ ਤਸੀਹੇ ਹੋਣ ਲੱਗੇ। ਉਸ ਨੇ ਆਪਣੇ ਮਾਪਿਆ ਦੇ ਪ੍ਰੇਸ਼ਾਨ ਹੋਣ ਦੇ ਡਰੋ ਆਪਣੇ ਮਾਪਿਆ ਕੋਲ ਕਿਸੇ ਗੱਲ ਦੀ ਭਾਫ ਨਹੀਂ ਕੱਢੀ। ਮਕਲੀਤ ਸਿੰਘ ਇੱਕ ਬਦਮਾਸੀ ਕਿਸਮ ਦਾ ਬੰਦਾ ਸੀ। ਜਿਸ ਤੇ ਵਿਆਹ ਤੋਂ ਪਹਿਲਾ ਇੱਕੋ ਘਰ ਦੀਆਂ 2 ਨਬਾਲਗ ਕੁੜੀਆਂ ਅਗਵਾ ਕਰਕੇ ਬਲਾਤਕਾਰ ਦਾ ਦੋਸ਼ ਲੱਗਿਆ ਸੀ। ਪਰ ਪੈਸੇ ਅਤੇ ਸਰਕਾਰੀ ਪਹੁੰਚ ਕਰਕੇ ਬੱਚ ਗਿਆ। ਮਲਕੀਤ ਸਿੰਘ ਨੇ ਰਾਣੀ ਦਾ 3 ਲੱਖ ਦਾ ਜੀਵਨ ਬੀਮਾ ਕਰਵਾ ਦਿੱਤਾ ਅਤੇ ਪੂਰੇ 16 ਮਹੀਨਿਆਂ ਬਾਅਦ ਜੀਪ ਦਾ ਐਕਸੀਡੈਂਟ ਕਰਵਾ ਦਿੱਤਾ। ਜਿਸ ਕਾਰਣ ਰਾਣੀ ਬਹੁਤ ਜਖਮੀ ਹੋ ਗਈ। ਪਰ ਉਸ ਨੂੰ ਜਖਮੀ ਹਾਲਤ ਵਿੱਚ ਤੇਜਧਾਰ ਹਥਿਆਰ ਨਾਲ ਤੋਰ ਦਿੱਤਾ ਮੈਡੀਕਲ ਹੋਇਆ। ਮਲਕੀਤ ਸਿੰਘ ਆਪ ਚਲਦੀ ਜੀਪ ਤੋਂ ਛਾ ਮਾਰ ਗਿਆ। ਮਾਮੂਲੀ ਸੱਟਾ ਤੋਂ ਬਾਅਦ ਠੀਕ ਹੋ ਗਿਆ ਅਤੇ ਬੀਮਾ ਕੰਪਨੀ ਤੋਂ 3 ਲੱਖ ਰੁ: ਲੈ ਗਿਆ। ਇੱਧਰ ਮਲਕੀਤ ਸਿੰਘ ਨੇ ਕੁਲਵੰਤ ਨਾਲ ਵਿਆਹ ਕਰਵਾਉਣ ਦੀ ਇੱਛਾ ਪ੍ਰਗਟਾਈ। ਰਣਦੀਪ ਦਾ ਵਿਆਹ ਮਾਪਿਆ ਨੇ ਬਠਿੰਡੇ ਕਰ ਦਿੱਤਾ ਸੀ। ਘਰਦਿਆ ਨੂੰ ਅਸਲ ਕਹਾਣੀ ਦਾ ਪਤਾ ਨਾ ਹੋਣ ਕਰਕੇ ਰਾਣੀ ਦੇ ਲੜਕੇ ਦਾ ਖਿਆਲ ਕਰਕੇ ਕੁਲਵੰਤ ਦਾ ਵਿਆਹ ਮਲਕੀਤ ਨਾਲ ਕਰ ਦਿੱਤਾ।

ਇੱਧਰ ਰਣਦੀਪ ਦਾ ਘਰਵਾਲਾ ਖੇਤ ਵਿੱਚ ਸੱਪ ਲੜਨ ਕਰਕੇ 3 ਦਿਨ ਮੰਜੇ ਤੇ ਪਿਆ ਰਿਹਾ। ਅਖੀਰ ਆਪਣੇ ਪ੍ਰਾਣ ਤਿਆਗ ਗਿਆ। ਰਣਦੀਪ ਦੀ ਮਾੜੀ ਕਿਸਮਤ ਉਹ ਆਪਣੀ ਇੱਕ ਕੁੜੀ ਨਾਲ ਮਾਪੀ ਆ ਗਈ। ਰਣਦੀਪ ਦੇ ਸੱਸ ਸਹੁਰਾ ਪੁਰਣੇ ਵਿਚਾਰਾਂ ਦੇ ਹੋਣ ਕਰਕੇ ਉਹ ਆਪਣੇ ਪੁਤਰ ਦੀ ਮੌਤ ਦੀ ਜਿਮੇਵਾਰੀ ਰਣਦੀਪ ਦੇ ਸਿਰ ਹੀ ਲਾਉਂਦੇ ਸਨ। ਵੱਡੇ ਜੇਠ ਨੇ ਜਾਇਦਾਦ ਦੇ ਡਰੋ ਉਸ ਨੂੰ ਮਾਂਪੀ ਤੋਰ ਦਿੱਤਾ। ਇੱਧਰ ਮਲਕੀਤ ਸਿੰਘ ਨੇ ਫੇਰ ਕੁਲਵੰਤ ਨੂੰ ਵੀ ਜਮੀਨ ਆਪਣੇ ਨਾ ਕਰਵਾਉਣ ਦੀ ਜਿੱਦ ਫੜੀ। ਕੁਲਵੰਤ ਨੇ ਆਪਣੀ ਮਾਂ ਕੋਲ ਇਸ ਗੱਲ ਦਾ ਪ੍ਰਗਟਾਵਾ ਕੀਤਾ। ਪਰ ਕੁਲਵੰਤ ਦੇ ਮਾਮੇ ਨੇ ਦੂਰ ਅੰਦੇਸ਼ੀ ਤੋਂ ਕੰਮ ਲਿਆ ਅਤੇ ਕੁਲਵੰਤ ਨੂੰ ਇਨ੍ਹਾਂ ਗੱਲਾਂ ਦਾ ਚਾਨਣਾ ਪਾਇਆ। ਪਰ ਕੁਲਵੰਤ ਦੇ ਘਰ ਉਸ ਦੀ ਮਾਰ ਕੁਟਾਈ ਅਤੇ ਤਸੀਹੇ ਦੇਣ ਲੱਗੇ। ਪਰ ਕੁਲਵੰਤ ਆਪਣੀ ਭੇਣ ਦੇ ਲੜਕੇ ਦੇ ਮੋਹ ਕਰਕੇ ਉਸ ਨੂੰ ਛੱਡ ਨਾ ਸਕੀ।

ਸਮਾਂ ਲੰਘਦਾ ਗਿਆ ਅਖੀਰ ਮਲਕੀਤ ਨੇ ਆਪਣੇ ਸੁਹਰਿਆਂ ਤੋਂ 2 ਹਿਸੇ ਜਮੀਨ ਤਕਰੀਬਨ 48 ਏਕੜ ਕੁਲਵੰਤ ਦੇ ਨਾਂ ਲਗਵਾ ਦਿੱਤੀ। ਇੱਕ ਹਿੱਸਾ ਰਾਣੀ ਦਾ ਲੈ ਲਿਆ। ਹੌਲੀ ਹੌਲੀ ਮਲਕੀਤ ਨੇ ਇਹ ਜਮੀਨ ਆਪਣੇ ਨਾ ਕਰਵਾ ਲਈ ਹੋਲੀ

ਇੱਧਰ ਕੁਲਵੰਤ ਦੀ ਕੁੱਖ ਤੋਂ ਕੋਈ ਬੱਚਾ ਨਾਂ ਹੋਇਆ ਅਤੇ ਮਲਕੀਤ ਉਸ ਨੂੰ ਤਾਹਨੇ ਮਾਰਦਾ। ਹੁਣ ਮਲਕੀਤ ਦੀ ਨਿਗ੍ਹਾਂ ਪਰਮਿੰਦਰ ਤੇ ਸੀ। ਜਿਹੜੀ ਉਮਰ ਵਿੱਚ ਮਲਕੀਤ ਤੋਂ 10 ਸਾਲ ਛੋਟੀ ਸੀ। ਮਲਕੀਤ ਨੇ ਕੁਲਵੰਤ ਕੋਲੋਂ ਇਸ ਰਿਸ਼ਤੇ ਲਈ ਗੱਲ ਤੋਰੀ। ਲੰਮਾ ਸਮਾਂ ਕੁਲਵੰਤ ਇਸ ਨੂੰ ਟਾਲਦੀ ਰਹੀ। ਪਰ ਕੁਲਵੰਤ ਦੀ ਮਾਂ ਮੋਟੇ ਦਿਮਾਗ ਦੀ ਮਾਲਕਣ ਹੋਣ ਕਰਕੇ ਇਸ ਰਿਸ਼ਤੇ ਲਈ ਖੁਸ਼ ਸੀ।

ਪਰ ਰਣਦੀਪ ਅਤੇ ਉਸ ਦਾ ਮਾਮਾ ਇਸ ਦੇ ਉਲਟ ਸਨ। ਅਖੀਰ ਮਲਕੀਤ ਦੀ ਜਿੱਦ ਦੀ ਜਿੱਤ ਹੋ ਗਈ। ਪਰਮਿੰਦਰ ਵੀ ਉਸੇ ਘਰ ਆ ਗਈ। ਇੱਕ ਵਾਰ ਕੁਲਵੰਤ ਆਪਣੇ ਮਾਮੇ ਪਿੰਡ ਨੂੰ ਤੁਰੀ ਪਰ ਵਾਪਿਸ ਘਰ ਨਾ ਪਰਤੀ। ਕਾਫੀ ਭਜ ਦੌੜ ਤੋਂ ਬਾਅਦ ਵੀ ਉਸ ਦਾ ਪਤਾ ਨਾ ਲੱਗਾ ਸਨ 1980 ਆ ਗਿਆ। ਇੱਧਰ ਮਲਕੀਤ ਦੇ ਇੱਕ ਸ਼ਹਿਰੀ ਔਰਤ ਨਾਲ ਨਜਾਇਜ ਸਬੰਧ ਹੋ ਗਏ।

ਉਹ ਮਲਕੀਤ ਸਿੰਘ ਦਾ ਪੈਸਾ ਦੇਖ ਕੇ ਉਸ ਵੱਲ ਖਿੱਚੀ ਗਈ। ਪਰਮਿੰਦਰ ਨੇ ਅਪਾਣੇ ਮਾਮੇ ਨੂੰ ਨਾਲ ਲੈ ਕੇ ਪੂਰਾ ਜੋਰ ਸ਼ੋਰ ਨਾ ਉਸ ਦਾ ਵਿਰੋਧ ਕੀਤਾ। ਪਰ ਮਲਕੀਤ ਇਸ ਦੇ ਉਲਟ ਉਸ ਔਰਤ ਨੂੰ ਆਪਣੀ ਕੋਠੀ ਲਿਉਣ ਲੱਗਿਆ। ਇੱਕ ਦਿਨ ਮਲਕੀਤ ਜਦੋਂ ਪੂਰੇ ਨਸ਼ੇ ਵਿੱਚ ਪ੍ਰਮਿੰਦਰ ਨਾਲ ਲੜ ਰਿਹਾ ਸੀ ਤਾਂ ਉਸ ਨੇ ਨਸ਼ੇ ਵਿੱਚ ਕਹਿ ਦਿੱਤਾ ਜਿੱਥੇ ਪਹਿਲੀਆ ਦੋ ਭੇਜੀਆ ਤੈਨੂੰ ਵੀ ਉੱਥੇ ਹੀ ਭੇਜ ਦੇਵਾਂਗਾ। ਪਰਮਿੰਦਰ ਦਾ ਮੱਥਾ ਠਣਕ ਗਿਆ। ਉਹ ਤਾਂ ਪਹਿਲਾ ਹੀ ਇਸ ਰਿਸ਼ਤੇ ਨੂੰ ਮਨਜੂਰ ਨਹੀਂ ਕਰਦੀ ਸੀ। ਉਹ ਅਗਲੇ ਦਿਨ ਵੱਡੇ ਤੜਕੇ ਆਪਣੇ ਮਾਪੀ ਪਿੰਡ ਆ ਕੇ ਆਪਣੀ ਮਾਂ ਨੂੰ ਸਾਰੀ ਕਹਾਣੀ ਦੱਸ ਕੇ ਆਪਣੇ ਮਾਮੇ ਕੋਲ ਚਲੀ ਗਈ। ਹੁਣ ਮਲਕੀਤ ਦਾ ਰਾਜ ਖੁਲੱ ਗਿਆ ਸੀ। ਮਲਕੀਤ ਦਾ ਜੀਜਾ ਐਸ. ਐਸ. ਪੀ. ਹੋਣ ਕਰਕੇ ਪਹਿਲਾ ਤਾਂ ਪੁਲੀਸ ਨੇ ਐਫ. ਆਈ. ਆਰ ਦਰਜ ਨਾ ਕੀਤੀ। ਜਦੋਂ ਪੰਚਾਇਤ ਦਾ ਜੋਰ ਪਿਆ ਫੇਰ ਐਫ ਆਈ ਆਰ ਦਰਜ ਹੋਈ। ਕੁਲ 5 ਕੇਸ ਦਰਜ ਹੋਏ ਜਿਨ੍ਹਾ ਵਿੱਚ ਇੱਕ ਜਮੀਨ ਦਾ ਸੀ ਕਿਉ ਕਿ ਮਲਕੀਤ ਸਿੰਘ 3 ਹਿਸੇ ਦੀ ਜਮੀਨ ਆਪਣੇ ਨਾ ਕਰਵਾ ਗਿਆ ਸੀ।ਕੋਈ ਠੋਸ ਸਬੂਤ ਨਾ ਹੋਣ ਕਰਕੇ ਮਲਕੀਤ ਸਾਰੇ ਕੇਸਾਂ ਵਿੱਚੋਂ ਬਰੀ ਹੋ ਗਿਆ ਸੀ ਅਤੇ ਹੁਣ ਸਵੇਰੇ ਸ਼ਾਮ ਆਪਣੀ ਘਰਵਾਲੀ ਪ੍ਰਮਿੰਦਰ ਅਤੇ ਉਸ ਦੇ ਟੱਬਰ ਨੂੰ ਪੁਲੀਸ ਅਤੇ ਬਦਮਾਸ਼ਾਂ ਨਾਲ ਸਤਾਉਣ ਲੱਗਿਆ ਪ੍ਰਮਿੰਦਰ ਦੇ ਮਾਮੇ ਨੂੰ ਇੱਕ ਝੂਠਾ ਕੇਸ ਪੁਆ ਕੇ ਅੰਦਰ ਕਰ ਦਿੱਤਾ ਅਤੇ ਉਸ ਦੀ ਜਮਾਨਤ ਨਾ ਹੋਣ ਦਿੱਤੀ। ਹੁਣ ਮਲਕੀਤ ਸ਼ਰੇਆਮ ਆਪਣੇ ਸੁਹਰੇ ਟੱਬਰ ਵਿੱਚ ਇਨ੍ਹਾਂ ਤਿੰਨਾ ਨੂੰ ਬੇਇਜਤ ਕਰਨ ਲੱਗਿਆ।

ਜੇਲ੍ਹ ਵਿੱਚ ਬੰਦ ਜਸਵਿੰਦਰ ਸਿੰਘ ਜਿਹੜਾ ਇਹ ਕਹਾਣੀ ਸਾਡੀ ਖੁਫੀਆਂ ਬੰਦਿਆ ਨੂੰ ਸੁਣਾ ਰਿਹਾ ਸੀ। ਇਸ ਦਾ ਪਿਤਾ ਕਿਸੇ ਟਾਈਮ ਪ੍ਰਮਿੰਦਰ ਦੇ ਪਿਤਾ ਨਾਲ ਖੇਤਾਂ ਵਿੱਚ ਪੱਕੇ ਤੌਰ ਤੇ ਕੰਮ ਕਰਦਾ ਸੀ। ਅਤੇ ਜਸਵਿੰਦਰ ਦੀਆਂ 3 ਭੈਣਾਂ ਦੇ ਵਿਆਹ ਅਤੇ ਪ੍ਰਮਿੰਦਰ ਦੇ ਪਿਤਾ ਨੇ ਹੀ ਸਾਰਾ ਖਰਚ ਕੀਤਾ ਸੀ। ਜਸਵਿੰਦਰ ਜੇਲ ਵਿੱਚੋਂ ਭਿੰਡਰਾਂਵਾਲੇ ਦਾ ਚੇਲਾ ਬਣ ਗਿਆ ਸੀ।ਕਹਿੰਦਾ ਜਦੋਂ ਮੈਂ ਸਾਰੀ ਕਹਾਣੀ ਸੁਣੀ ਤਾਂ ਮੈਂ ਰਣਦੀਪ ਅਤੇ ਉਸ ਦੀ ਮਾਂ ਨੂੰ ਲੈ ਕੇ ਅਕਾਲ ਤਖਤ ਤੇ ਪਹੁੰਚਿਆ। ਅੱਗੇ

ਭਿੰਡਰਾਂਵਾਲੇ ਕੋਲ ਫੈਸਲੇ ਕਰਵਾਉਣ ਵਾਲਿਆ ਦੀਆਂ ਲਾਈਨਾਂ ਲੱਗੀਆਂ ਪਈਆਂ ਸਨ। ਭਿੰਡਰਾਂਵਾਲਾ ਪੱਕਾ ਖਲਨਾਇਕ ਬਣਨ ਵਾਸਤੇ ਆਪਣੇ ਚੇਲਿਆਂ ਤੋਂ ਵੱਧ ਤੋਂ ਵੱਧ ਕੇਸ ਅਕਾਲ ਤਖਤ ਤੇ ਲਿਆਉਣ ਲਈ ਕਹਿੰਦਾ ਸੀ। ਸੋ ਉਸ ਦੇ ਚੇਲੇ ਜਿਹੜੇ ਇਹੋ ਜਿਹੀਆ ਜਾਤਾ ਨਾਲ ਸਬੰਧ ਰੱਖਦੇ ਸੀ। ਪਿੰਡਾਂ ਵਿੱਚ ਕੰਮ ਕਰਕੇ ਪੇਟ ਪਾਲਣ ਨਾਲੋਂ ਭਿੰਡਰਾਂਵਾਲੇ ਦੇ ਪਿੱਠ ਲਗੂ ਬਣਨਾ ਵੱਧੀਆ ਸਮਝਦੇ ਸੀ।

ਭਿੰਡਰਾਂਵਾਲੇ ਵੀ ਇਸ ਗੱਲ ਨੂੰ ਜਾਣਦਾ ਸੀ। ਕਿ ਪੰਜਾਬ ਵਿੱਚ ਬੇਰੁਜਗਾਰੀ ਵਾਧੂ ਹੈ ਅਤੇ ਵੇਹਲੜ੍ਹਾਂ ਨੂੰ ਖੂਹ ਵਿੱਚ ਸੁਟਣਾ ਸੌਖਾ ਹੈ। ਜੋ ਜਸਵਿੰਦਰ ਸਿੰਘ ਦੀ ਕਹਾਣੀ ਮੁਤਾਬਕ ਉਨ੍ਹਾਂ ਦੀ ਸ਼ਾਮ 5 ਵਜੇ ਵਾਰੀ ਆਈ ਭਿੰਡਰਾਂਵਾਲੇ ਨੇ ਸਾਰੀ ਕਹਾਣੀ ਸੁਣਾ ਲਈ। ਉਸ ਨੇ ਉਸੇ ਟਾਈਮ ਗੁਰਦਾਸਪੁਰ ਦੇ ਡੀ. ਸੀ. ਅਤੇ ਐਸ. ਐਸ. ਪੀ. ਨੂੰ ਅਗਲੇ ਦਿਨ 11 ਵਜੇ ਅਕਾਲ ਤਖਤ ਤੇ ਪਹੁੰਚਣ ਦਾ ਹੁਕਮ ਸੁਣਾਇਆ ਅਤੇ ਸੱਚਮੁੱਚ ਹੀ ਦੋਨੇ ਅਫਸਰ ਤਕਰੀਬਨ 9 ਕੁ ਵਜੇ ਅਕਾਲ ਤਖਤ ਤੇ ਪਹੁੰਚ ਗਏ। ਹੁਣ ਤੁਸੀ ਸੋਚੋ ਇਹੋ ਜਿਹੇ ਭਿੰਡਰਾਂਵਾਲੇ ਦੇ ਹੁਕਮ ਨਾਲ ਅਗਰ ਡੀ. ਸੀ. ਜਾ ਐਸ. ਐਸ. ਪੀ. ਭੱਜੇ ਆਉਂਦੇ ਹਨ। ਉੱਥੇ ਇੱਕ ਆਮ ਆਦਮੀ ਦਾ ਕੀ ਬਣੇਗਾ ਅਤੇ ਇੱਕ ਆਮ ਆਦਮੀ ਕਿਸ ਤਰ੍ਹਾਂ ਭਿੰਡਰਾਂਵਾਲੇ ਦਾ ਮੁਕਾਬਲਾ ਕਰ ਸਕਦਾ ਹੈ।

ਇਸੇ ਤਰ੍ਹਾਂ ਭਿੰਡਰਾਂਵਾਲੇ ਨੇ ਦੋਨਾਂ ਅਫਸਰਾਂ ਤੋਂ ਮਲਕੀਤ ਸਿੰਘ ਦੇ ਕੇਸ ਜਿੱਤਣ ਦੇ ਕਾਰਣ ਅਤੇ ਹੋਰ ਜਾਣਕਾਰੀ ਲਈ ਤੇ ਦੋਨੇ ਅਫਸਰ ਚਲੇ ਗਏ। ਜਸਵਿੰਦਰ ਸਿੰਘ ਕਹਿਦਾ ਭਿੰਡਰਾਂਵਾਲੇ ਨੇ ਮੇਰੀ ਡਿਊਟੀ ਉਨ੍ਹਾਂ ਨੂੰ ਫੜ੍ਹ ਕੇ ਲਿਆਉਣ ਵਾਸਤੇ ਲਾਈ ਅਤੇ ਮੈਂ ਮਲਕੀਤ ਸਿੰਘ ਅਤੇ ਉਸ ਦੇ 3 ਵਿਅਲੜ੍ਹ ਬਾਡੀਗਾਰਡ ਅਤੇ ਉਸ ਦੇ ਪਿਉ ਨੂੰ ਫੜ ਲਿਆਦਾ ਜਦੋਂ ਮਲਕੀਤ ਤੇ ਥੋੜ੍ਹਾਂ ਤੱਸਦਦ ਕੀਤਾ। ਤਾਂ ਸਾਰੇ ਕੀਤੇ ਕਤਲ ਬੋਲਣ ਲੱਗਿਆ ਭਿੰਡਰਾਂਵਾਲੇ ਨੇ ਉਸ ਦੇ ਜਿਊਂਦੇ ਦੇ ਹੱਥ ਪੈਰ ਵਢਾ ਦਿੱਤੇ ਅਤੇ ਫੇਰ ਤੇਲ ਪਾ ਕੇ ਅੱਗ ਲਗਾ ਦਿੱਤੀ ਉਹ ਤੜਫਣ ਲੱਗਿਆ। ਬਾਡੀਗਾਰਡਾਂ ਅਤੇ ਉਸ ਦੇ ਪਿਉ ਨੂੰ 6 ਮਹੀਨੇ ਗੁਰਦੁਆਰੇ ਦੇ ਟੱਟੀ ਘਰਾਂ ਨੂੰ ਹੱਥ ਨਾਲ ਸਾਫ ਕਰਨ ਦੀ ਡਿਊਟੀ ਲਾ ਦਿੱਤੀ। ਇਸ ਤਰ੍ਹਾਂ ਭਿੰਡਰਾਂਵਾਲਾ ਸਿਰੇ ਦਾ ਜਾਲਮ ਅਤੇ ਖੂੰਖਾਰ ਅੱਤਵਾਦੀ ਬਣ ਗਿਆ ਸੀ । ਕੀ ਇਹੋ ਜਿਹੇ ਆਦਮੀ ਨੂੰ ਕੋਈ ਗਿਆਨ ਨਾ ਚੀਜ ਸੀ। ਸਾਡੇ ਗੁਰੂਆਂ ਨੇ ਸਾਨੂੰ ਮਾਫ ਕਰਨਾ ਸਿਖਾਇਆ। ਪਰ ਕਿਸੇ ਦੇ ਹੱਥ ਪੈਰ ਵੱਡ ਕੇ ਅੱਗ ਲਾ ਦੇਣੀ। ਕੀ ਇਹ ਸਾਡੇ ਸਿੱਖ ਗੁਰੂਆਂ ਦਾ ਰਾਹ ਸੀ।

ਇੱਕ ਹਰਬੰਸ ਨਾਂ ਦਾ ਆਦਮੀ ਜੋ 55 ਕੁ ਵਰ੍ਹੇ ਦਾ ਹੋਵੇਗਾ ਉਹ 5 ਸਾਲ ਦੀ ਸਜਾ ਭੁਗਤ ਰਿਹਾ ਸੀ। ਉਹ ਭਿੰਡਰਾਂਵਾਲੇ ਨੂੰ ਇੱਕ ਗਿਆਨੀ ਆਖਦਾ ਸੀ। ਜਦੋਂ ਉਸ ਕੋਲੋਂ ਅਸੀਂ ਕੋਈ ਗਿਆਨ ਦੀ ਗੱਲ ਪੁਛੀ ਤਾਂ ਉਹ ਕਹਿੰਦਾ ਇੱਕ ਵਾਰੀ ਦਿੱਲੀ ਤੋਂ ਜੀਵਨ ਸਿੰਘ ਜੋਲੀ ਨਾਂ ਦਾ ਇੱਕ ਸਰਦਾਰ ਆ ਕੇ ਭਿੰਡਰਾਂਵਾਲੇ ਨੂੰ ਕਹਿੰਦਾ ਕਿ ਪੰਥ ਵਿੱਚ ਮੀਟ ਖਾਣ ਦਾ ਬਹੁਤ ਰੌਲਾ ਪਿਆ ਹੈ। ਕਿ ਸਾਨੂੰ ਮੀਟ ਖਾ ਲੈਣਾ ਚਾਹੀਦਾ ਹੈ ਜਾਂ ਨਹੀਂ । ਮੈਨੂੰ ਕਿਸੇ ਸਰਲ ਭਾਸ਼ਾ ਵਿੱਚ ਦਸੋ।

ਭਿੰਡਰਾਂਵਾਲਾ ਕਹਿੰਦਾ ਥੱਲੇ ਗੁਰੂ ਰਾਮਦਾਸ ਲੰਗਰ ਹਾਲ ਵਿੱਚ ਚਲਿਆ ਜਾਹ। ਉਥੇ ਗੁਰਦੇਵ ਸਿੰਘ ਨਾਂ ਦਾ ਨਿੰਘ ਲੰਗਰ ਬਣਾ ਰਿਹਾ ਹੋਵੇਗਾ। ਉਸ ਨੂੰ ਜਾ ਕੇ ਕਹੀ। ਮੈਨੂੰ ਥੋੜਾ ਕਿਹਾ ਬੱਕਰੇ ਦਾ ਮੀਟ ਅਤੇ 2 ਆਂਡੇ ਚਾਹੀਦੇ ਹਨ। ਜਿਨ੍ਹਾਂ ਚਿਰ ਉਹ ਨਾ ਦੇਵੇ ਤੂੰ ਕਹੀ ਜਾਈ। ਜਦੋਂ ਦੇ ਦਿੱਤੇ ਉਦੋਂ ਥਾਲ ਵਿੱਚ ਪਵਾ ਕੇ ਸਾਡੇ ਕੋਲ ਲੈ ਆਵੀ। ਜੋਲੀ ਸੋਚਦਾ ਜਾਵੇ ਕਿ ਅੱਜ ਪਤਾ ਲੱਗ ਗਿਆ ਕਿ ਮੀਟ ਭਿੰਡਰਾਂਵਾਲਾ ਵੀ ਖਾਂ ਲੈਂਦਾ ਹੈ। ਜਦੋਂ ਜੌਲੀ ਨੇ ਗੁਰਦੇਵ ਸਿੰਘ ਕੋਲ ਜਾਂ ਕੇ ਇਹ ਗੱਲ ਕਹੀ ਤਾਂ ਉਹ ਚੁੱਪ ਰਿਹਾ। ਪਰ ਜੋਲੀ ਨੇ ਜਦੋਂ 3-4 ਵਾਰੀ ਕਿਹਾ ਤਾਂ ਗੁਰਦੇਵ ਸਿੰਘ ਨੇ ਜੌਲੀ ਨੂੰ ਚੱਕ ਕੇ ਥੱਲੇ ਸੁੱਟ ਲਿਆ ਅਤੇ ਮੂੰਹ ਤੇ ਘਸੁੰਨ ਮਾਰਨ ਲੱਗਿਆ। ਜੌਲੀ ਦੀ ਪੱਗ ਲੱਥ ਗਈ। ਜਦੋਂ ਨਾਲ ਦੇ ਸੇਵਾਦਾਰ ਨੇ ਛੁਡਾਇਆ ਤਾਂ ਉਹ ਭੱਜਿਆ ਭੱਜਿਆ ਭਿੰਡਰਾਂਵਾਲੇ ਕੋਲ ਆਇਆ ਤਾਂ ਭਿੰਡਰਾਂਵਾਲਾ ਹੱਸਣ ਲੱਗਿਆ ਅਤੇ ਕਹਿਣ ਲੱਗਿਆ ਕੀ ਜਵਾਬ ਮਿਲ ਗਿਆ।

ਭਿੰਡਰਾਂਵਾਲਾ ਕਹਿੰਦਾ ਜੇਕਰ ਗੁਰੂਆਂ ਨੇ ਮੀਟ ਖਾਣ ਦੀ ਇਜਾਜਤ ਹੁੰਦੀ ਤਾਂ ਅੱਜ ਲੰਗਰਾਂ ਵਿੱਚ ਪੱਕਣਾ ਸੀ ਅਤੇ ਮੰਗੇ ਤੇ ਮਿਲ ਜਾਣਾ ਸੀ। ਪਰ ਜੌਲੀ ਦੇ ਵਾਂਗ ਫੇਰ ਘਸੁੰਨ ਨਹੀਂ ਪੈਣੇ ਸਨ। ਕਹਿੰਦਾ ਗੁਰੂਆਂ ਨੇ ਬਿਲਕੁਲ ਸ਼ਾਕਾ ਹਾਰੀ ਲੰਗਰ ਛੱਕਣ ਦੀ ਇਜਾਜਤ ਦਿੱਤੀ ਹੈ ਇਸ ਤਰ੍ਹਾ ਹਰਬੰਸ ਸਿੰਘ ਭਿੰਡਰਾਂਵਾਲੇ ਨੂੰ ਗਿਆਨੀ ਆਖਦਾ ਸੀ। ਇਹੋ ਜਿਹਾ ਗਿਆਨ ਤਾਂ ਹਾਸੇ ਮਜਾਕ ਵਾਲਿਆ ਕੋਲ ਵੀ ਹੁੰਦਾ ਹੈ ਤਾਂ ਇਹੋ ਜਿਹੇ ਗਿਆਨ ਨੂੰ ਹਰਬੰਸ ਵਰਗਾ ਅੰਧ ਅਗਿਆਨੀ ਆਖਦਾ ਹੈ ਸੋ ਅਖੀਰ ਵਿੱਚ ਮੈਂ ਇਹੀ ਆਖਾ ਗਾ ਕਿ ਭਿੰਡਰਾਂਵਾਲਾ ਪੰਜਾਬ ਦਾ ਉਹ ਨੁਕਸਾਨ ਕਰ ਗਿਆ ਜਿਹੜਾਂ ਸਾਇਦ 100 ਸਾਲ ਵਿੱਚ ਵੀ ਪੂਰਾ ਨਾ ਹੋਵੇ।

-:ਸਿੱਟਾ:-

ਕਿਤਾਬ ਦੇ ਆਖੀਰ ਵਿੱਚ ਮੈਂ ਆਪਣੇ ਵੱਲੋਂ ਕੁਝ ਵਿਚਾਰ ਅਤੇ ਇਸ ਉਪਰੇਸ਼ਨ ਦੀ ਚਰਨ ਸੀਮਾਂ ਬਾਰੇ ਕੁਝ ਖੁਫੀਆਂ ਗੱਲਾਂ ਅਤੇ ਆਪਣੇ ਵਿਚਾਰ ਰੱਖਾਗਾ। ਸਨ 1983 ਦੇ ਸਤੰਬਰ ਮਹੀਨੇ ਵਿੱਚ ਇੰਦਰਾ ਜੀ ਨੇ ਫੌਜੀ ਅਫਸਰਾਂ ਅਤੇ ਖਾਸ ਬੁੱਧੀ ਜੀਵੀਆਂ ਨਾਲ ਮੀਟਿੰਗ ਰੱਖੀ ਜਿਸ ਵਿੱਚ ਪੰਜਾਬ ਮਸਲੇ ਬਾਰੇ ਗੱਲ ਹੋਈ। ਜਿੱਥੇ ਕੋਈ ਕਾਂਗਰਸ ਸਰਕਾਰ ਸਮਝੋਤੇ ਲਈ ਹਾਂ ਕਰਦੀ ਉੱਥੇ ਭਾਜਪਾ ਲੀਡਰ ਆਪਣੇ ਗਰਮ ਬਿਆਨ ਦਾਗ ਦਿੰਦੇ। ਜਿਸ ਦੇ ਸਿੱਟੇ ਇਦਰਾ ਗਾਂਧੀ ਦੂਸਰੀ ਪਾਰਟੀ ਨੂੰ ਉਭਰਣ ਦਾ ਮੌਕਾ ਨਹੀਂ ਦੇਣਾ ਚਾਹੰਦੇ ਸਨ। ਭਾਜਪਾ ਲੀਡਰ ਫੌਜੀ ਹਮਲੇ ਨੂੰ ਤਰਜ਼ੀਹ ਦੇ ਰਹੇ ਸਨ।

ਉਹਨਾ ਮੁਤਾਬਿਕ ਦੁਨੀਆ ਅੱਗੇ ਆਪਣੀ ਤਾਕਤ ਦੀ ਅਜਮਾਇਸ਼ ਕਰਵਾਉਣ ਦਾ ਵਧੀਆ ਤਰੀਕਾ ਅਤੇ ਵਧੀਆ ਸਮਾਂ ਦੱਸ ਰਹੇ ਸਨ ਪਰ ਇੰਦਰਾ ਜੀ ਦੂਰ-ਅੰਦੇਸ਼ੀ ਤੋਂ ਕੰਮ ਲੈ ਰਹੇ ਸਨ ਕਿਉਕਿ ਮੈਂ ਆਪਣੀ ਹੁਣ ਤੱਕ ਦੀ ਜਿੰਦਗੀ ਵਿੱਚ ਦੇਖਿਆ ਹੈ ਕਿ ਭਾਜਪਾ, ਜਨ ਸੰਗੀਏ ਇਹ ਦੂਰੋ ਖੜਕੇ ਰੌਲਾਂ ਤਾ ਬਹੁਤ ਪਾਉਦੇਂ ਹਨ ਪਰ ਜੇ ਲੜਨਾ ਪਵੇ ਤਾਂ ਫਿਰ ਜਹਾਜ਼ ਦੀ ਸਪੀਡ ਦੇ ਬਰਾਬਰ ਦੌੜਦੇ ਹਨ ਜਦ

ਇੰਦਰਾਂ ਜੀ ਨੇ ਐਮਰਜੈਸੀ ਲਗਾਈ ਤਾਂ ਭਾਜਪਾ ਲੀਡਰਾਂ ਨੇ ਬੰਬੇ ਵਿੱਚ ਆਪਣੇ ਬਿਆਨ ਦਿੱਤੇ ਜੇਕਰ ਅਸੀ ਪਾਵਰ ਵਿੱਚ ਆਏ ਤਾਂ ਅਸੀ ਹਿੰਦੁਸਤਾਨੀਆਂ ਦੇ ਹੱਕਾਂ ਦੀ ਰਾਖੀ ਕਰਾਂਗੇ। ਭਾਵ ਹਿੰਦੂ ਸ਼ਬਦ ਅੱਗੇ ਰੱਖਿਆ ਜਾਵੇਗਾ ਅਤੇ ਕਿਹਾ ਅਸੀ 1962 ਚੀਨ ਦੀ ਜੰਗ ਵਿੱਚ ਆਪਣੇ ਖੋਏ ਹੋਏ ਥਾਂ ਨੂੰ ਜੋ 90.000 ਵਰਗ ਕਿਲੋਮੀਟਰ ਬਣਦਾ ਹੈ ਆਪਣੀ ਤਾਕਤ ਦੇ ਨਾਲ ਆਪਣੀ ਸਰਕਾਰ ਦੇ ਸਮੇਂ ਵਿੱਚ ਹੀ ਵਾਪਸ ਲਵਾਂਗੇ। ਇਨਾਂ ਕਹਿਣ ਦੇ ਨਾਲ ਹੀ ਦੁਸਿਹਰਾ ਗਰਾਊਂਡ ਜੋ ਤਕਰੀਬਨ 5 ਲੱਖ ਦੇ ਇੱਕਠ ਵਿੱਚ ਤਾੜੀਆਂ ਨਾਲ ਗੂੰਜ ਉਠਿਆ। ਉਸ ਤੋਂ ਚੌਥੇ ਦਿਨ ਹੀ ਚੀਨ ਦੇ ਪ੍ਰਧਾਨ ਮੰਤਰੀ ਦਾ ਬਿਆਨ ਆ ਗਿਆ। ਉਸ ਨੇ ਇਹ ਕਹਿ ਦਿੱਤਾ

ਕਿ ਇਕ ਜਿੰਮੇਵਾਰ ਦੇਸ਼ ਦੇ ਲੀਡਰਾਂ ਨੂੰ ਇਕ ਜਿੰਮੇਵਾਰੀ ਵਾਲਾ ਬਿਆਨ ਦੇਣਾ ਚਾਹੀਦਾ ਹੈ ਇਕ ਚੂਹੇ ਦੀ ਤਰ੍ਹਾਂ ਸ਼ਰਾਬ ਪੀ ਕੇ ਬਿੱਲੀ ਖਾਣ ਬਰਾਬਰ ਹੈ, ਮੈਂ ਆਪਣੀ ਫੌਜ਼ੀ ਤਾਕਤ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ। ਦਿੱਲੀ, ਕਲੱਕਤਾ, ਬੰਬਈ, ਬੰਗਲੌਰ ਅਤੇ ਇੰਡੀਆ ਦੇ 13 ਹੋਰ ਵੱਡੇ ਸ਼ਹਿਰ ਅਸੀ ਸਿਰਫ 9 ਮਿੰਟ ਵਿੱਚ ਐਟਮ ਬੰਬਾਂ ਦੀ ਮਾਰ ਹੇਠ ਕਰ ਸਕਦੇ ਹਾਂ, ਜੋ ਕਿ ਤੀਹਰੀ ਮਿਜ਼ਾਈਲ ਪ੍ਰਣਾਲੀ ਅਧੀਨ ਹਨ, ਭਾਵੇ ਕਿ ਚੀਨ ਸਾਡੇ ਦੇਸ਼ ਨਾਲੋਂ ਕਾਫੀ ਮਜਬੂਤ ਹੈ ਉਹਨਾਂ ਕੋਲ ਐਟਮ ਬੰਬ ਲਜਾਉਣ ਵਾਲੀ ਤੀਹਰੀ ਮਿਜ਼ਾਈਲ ਤਕਨੀਕ ਹੈ ਭਾਵ ਉਹਨਾਂ ਦੀ ਮਿਜ਼ਾਈਲ ਦੇ ਨਾਲ-ਨਾਲ ਹੋਰ ਮਿਜ਼ਾਈਲ ਐਟਮ ਬੰਬ ਲਿਜਾ ਰਹੀ ਮਿਜ਼ਾਈਲ ਦੀ ਰੱਖਿਆ ਕਰਦੀਆਂ ਹਨ ਸਾਡਾ ਮਿਜ਼ਾਈਲ ਡਿਫੈਂਸ ਸਿਸਟਮ ਉਸ ਨੂੰ ਰੋਕ ਨਹੀ ਸਕਦਾ। ਇਹ ਬਿਆਨ ਆਉਣ ਤੋਂ ਬਾਅਦ ਭਾਜਪਾ ਲੀਡਰਾਂ ਨੇ ਚੀਨ ਦੇ ਰਾਜਦੂਤ ਕੋਲ ਲਿਖਤੀ ਤੌਰ ਤੇ ਮਾਫੀਨਾਮਾ ਲਿਖਿਆ ਜੇਕਰ ਇਹ ਗੱਲ ਭਿੰਡਰਾਂ ਵਾਲੇ ਜਾਂ ਇੰਦਰਾ ਗਾਧੀ ਜੀ ਤੇ ਲਾਗੂ ਕੀਤੀ ਜਾਵੇ ਤਾਂ ਭਿੰਡਰਾਂ ਵਾਲਾ ਇਹੋ ਜਿਹਾ ਬਿਆਨ ਦੇ ਦਿੰਦਾ ਫਿਰ ਉਹ ਮਰ ਤਾਂ ਜਾਦਾ ਪਰ ਮਾਫੀਨਾਮੇ ਦਾ ਸਵਾਲ ਪੈਦਾ ਨਹੀ ਹੁੰਦਾ ਜੇਕਰ ਇੰਦਰਾ ਜੀ ਹੁੰਦੇ ਤਾਂ ਉਹ ਕਦੇ ਵੀ ਇਹੋ ਜਿਹਾ ਬਿਆਨ ਨਾ ਦਿੰਦੇ।

ਉਹ ਬਹੁਤ ਦੂਰ-ਅੰਦੇਸ਼ੀ ਸਨ। ਜੇਕਰ ਇੰਡੀਆ ਕੋਲ ਫੌਜ਼ੀ ਤਾਕਤ ਚੀਨ ਨਾਲੋਂ ਜਿਆਦਾ ਹੁੰਦੀ ਫਿਰ ਵੀ ਉਹਨਾਂ ਨੇ ਇਹੋ ਜਿਹਾ ਬਿਆਨ ਨਹੀ ਦੇਣਾ ਸੀ। ਪਰ ਸਾਡੇ ਦੇਸ਼ ਦੀ ਬਹੁ-ਗਿਣਤੀ ਭਾਜਪਾ ਵਰਗੀ ਹੈ। ਇਸ ਕਰਕੇ ਸਦੀਆ ਤੱਕ ਸਾਡਾ ਦੇਸ਼ ਗੁਲਾਮ ਰਿਹਾ। ਇਹਨਾਂ ਗੱਲਾਂ ਤੋਂ ਮੇਰਾ ਭਾਵ ਸੀ ਉਸ ਸਮੇਂ ਭਾਜਪਾ ਲੀਡਰਾਂ ਨੇ ਮੱਚਦੀ ਅੱਗ ਵਿੱਚ ਆਪਣੀ ਰੋਟੀ ਸੇਕਣ ਦੀ ਸੋਚੀ ਜੋ ਮਜਬੂਰਨ ਇੰਦਰਾ ਜੀ ਅਖੀਰ ਤੱਕ ਇਸ ਲੜਾਈ ਦਾ ਹੱਲ ਲੱਭਦੇ ਰਹੇ।

ਇਸੇ ਤਰ੍ਹਾਂ ਹਮਲੇ ਤੋਂ ਬਾਅਦ ਇੰਦਰਾਂ ਜੀ ਨੇ ਭਵਿੱਖ ਦੀ ਯੋਜਣਾ ਵਾਸਤੇ ਭਾਜਪਾ ਲੀਡਰ ਫੌਜ਼ੀ ਜਰਨਲ, ਰਿਟਾਈਰ ਜੱਜ ਅਤੇ ਬੁੱਧੀ ਜੀਵੀਆਂ ਨੂੰ ਸੱਦਾ ਦਿੱਤਾ। ਜਿਹਨਾਂ ਵਿੱਚ ਹਿੰਦੂ ਧਰਮ ਦੇ ਨਿਰਮਲੇ ਸਾਧਾਂ ਨੇ ਵੀ ਹਿੱਸਾ ਲਿਆ। ਇੰਦਰਾ ਜੀ ਦੇ ਪੀ.ਏ. ਨੇ ਸੱਦੇ ਦਾ ਮਨੋਰਥ ਦੱਸਕੇ ਗੱਲਬਾਤ ਸ਼ੁਰੂ ਕੀਤੀ। ਉਹਨਾਂ ਨੇ ਭਵਿੱਖ ਦੇ ਵਿੱਚ ਇਹੋ ਜਿਹੇ ਮੱਸਲਿਆਂ ਨੂੰ ਪਹਿਲਾਂ ਹੀ ਨਜਿੱਠਣਾ, ਇਹੋ ਜਿਹੇ ਵਿਵਾਦ ਨਾ ਪੈਦਾ ਹੋਣ ਦੀ ਸਲਾਹ ਮੰਗੀ, ਸਭ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ

ਚੰਦਰ ਸ਼ੇਖਰ ਜੀ ਨੇ ਇੰਡੀਆ ਨੂੰ ਯੂਰਪ, ਰੂਸ, ਅਮਰੀਕਾ ਵਾਂਗ ਤਾਕਤਾਂ ਵੰਡਣ ਦੀ ਗੱਲ ਕਹੀ। ਭਾਵ ਸਾਰੇ ਰਾਜ ਸੁਤੰਤਰ ਹੋਣੇ ਚਾਹੀਦੇ ਹਨ। ਰਾਜਾਂ ਨੂੰ ਪੂਰਨ ਆਜਾਦੀ ਅਤੇ ਸ਼ਕਤੀ ਮਿਲਣੀ ਚਾਹੀਦੀ ਹੈ ਇਸ ਤੋਂ ਸਾਬਕਾ ਪ੍ਰਧਾਨ ਮੰਤਰੀ ਵੀ.ਪੀ. ਸਿੰਘ ਨੇ ਪਛੜੀਆਂ ਜਾਤਾਂ ਅਤੇ ਗਰੀਬ ਤਬਕੇ ਨੂੰ ਸਰਕਾਰ ਵਿੱਚ ਅੱਗੇ ਲੈ ਕੇ ਆਉਣਾ ਅਤੇ ਇਹਨਾਂ ਦੀ ਆਰਥਿਕ ਮਦਦ ਕਰਨ ਦੀ ਗੱਲ ਕਹੀ। ਸੁਰਜੀਤ ਹਰਕ੍ਰਿਸ਼ਨ ਜੀ ਨੇ ਸਾਰੀਆਂ ਜਾਈਦਾਦਾਂ ਸਰਕਾਰ ਦੇ ਅਧੀਨ ਕਰਨ ਅਤੇ ਰੁਪਏ ਦੀ ਵੰਡ ਇਕੋ ਜਿਹੀ ਹੋਣ ਲਈ ਆਪਣੇ ਵਿਚਾਰ ਰੱਖੇ ਜਨਰਲ ਸੁੰਦਰ ਜੀ, ਵੈਦਿਆ ਜੀ ਨੇ ਕਿਸੇ ਵੀ ਰਾਜ਼ ਵਿੱਚ ਗੜਬੜ ਹੋਣ ਸਾਰ ਉਸ ਰਾਜ ਦੀ ਪੁਲਿਸ ਦੀ ਸ਼ਕਤੀ ਘਟਾ ਕੇ ਕੁਝ ਸਮੇਂ ਲਈ ਫੌਜ਼ ਦੇ ਹਵਾਲੇ ਕਰਨ ਦੀ ਤਰਜ਼ੀਹ ਰੱਖੀ ਉਹਨਾਂ ਅਨੁਸਾਰ ਇਲਾਕੇ ਦੀ ਪੁਲਿਸ ਇਕ ਪਾਸੜ ਆਪਣੀ ਸ਼ਕਤੀ ਵਰਤਣ ਕਰਕੇ ਇਹੋ ਜਿਹੀਆ ਗੜਬੜੀਆਂ ਵੱਧ ਜਾਂਦੀਆ ਹਨ, ਪੁਲਿਸ ਆਪ ਮੁਹਾਰੇ ਹੋ ਜਾਂਦੀ ਹੈ ਕਾਨੂੰਨ ਆਪਣੇ ਹੱਥ ਲੇ ਲੈਂਦੀ ਹੈ ਜਦੋਂ ਕਿ ਫੌਜ਼ੀ ਜਵਾਨ ਅਤੇ ਅਫਸਰ ਅਨੁਸਾਸ਼ਨ ਵਿੱਚ ਰਹਿਣਾ ਅਤੇ ਦਿਮਾਗੀ ਤੌਰ ਤੇ ਚੁਸਤ ਚਲਾਕੀ ਦੂਰ ਰੱਖਣੀ ਆਦਿ ਇਹਨਾਂ ਦੀ ਆਦਤ ਬਣ ਜਾਂਦੀ ਹੈ, ਭਾਵੇ ਕਿ ਫੌਜ਼ ਉਪੱਰ ਹਰੇਕ ਭਾਸ਼ਾ ਵਿੱਚ ਹਾਸੇ-ਮਜ਼ਾਕ ਵਾਲੇ ਚੁਟਕਲੇ ਬਣਾਏ ਗਏ ਹਨ ਪਰ ਦੂਰ-ਅੰਦੇਸ਼ੀ ਤੋਂ ਦੇਖਿਆ ਜਾਵੇ ਇਕ ਬੇਈਮਾਨੀ ਤੋਂ ਰਹਿਤ ਇਕ ਭਲੇਮਾਨਸ ਦੀ ਉਦਹਾਰਣ ਉਚਾਰਦੇ ਹਨ। ਜਿਵੇਂ ਪੰਜਾਬੀ ਭਾਸ਼ਾ ਦਾ ਚੁਟਕਲਾ ਇਕ ਆਦਮੀ ਦਾ ਦਿਮਾਗ ਖਰਾਬ ਹੋ ਗਿਆ ਉਹ ਡਾਕਟਰ ਕੋਲ ਗਿਆ, ਡਾਕਟਰ ਨੇ ਉਸਦਾ ਦਿਮਾਗ ਆਪਣੇ ਕੋਲ ਰੱਖ ਲਿਆ ਅਤੇ ਕਿਹਾ ਦਿਮਾਗ ਨੂੰ ਪਰਸੋਂ ਲੈ ਜਾਵੀਂ ਜੱਦੋ ਤਿੰਨ ਦਿਨ ਉਹ ਆਦਮੀ ਆਪਣਾ ਦਿਮਾਗ ਨਾ ਲੈਣ ਆਇਆ ਤਾਂ ਡਾਕਟਰ ਨੇ ਉਸ ਨੂੰ ਘਰ ਫੋਨ ਕੀਤਾ ਅਤੇ ਪੁਛਿਆ ਕਿ ਦਿਮਾਗ ਲੈਣ ਨਹੀ ਆਇਆ ਤਾਂ ਉਸ ਆਦਮੀ ਨੇ ਜਵਾਬ ਦਿੱਤਾ ਕਿ ਹੁਣ ਦਿਮਾਗ ਦੀ ਲੋੜ ਨਹੀ ਰਹੀ। ਕਿਉਕਿ ਮੈਂ ਹੁਣ ਫੌਜ਼ ਵਿੱਚ ਭਰਤੀ ਹੋ ਗਿਆ ਹਾਂ। ਇਕ ਹੋਰ ਵੀ ਪੰਜਾਬੀ ਵਿੱਚ ਅਖਾਣ ਹੈ ਕਿ ਫੌਜ਼ ਵਿੱਚ ਗਏ ਦੀ ਅਕਲ ਖੋ ਲੈਂਦੇ ਹਨ ਅਤੇ ਆਉਦੇ ਦੀ ਰਫਲ ਖੋ ਲੈਂਦੇ ਹਨ। ਜਦੋਂ 5-5 ਕਿਲੋ ਭਾਰੇ ਬੂਟਾਂ ਦੇ ਸਲੂਟ ਵੱਜਦੇ ਨੇ ਤਾਂ ਕਹਿੰਦੇ ਸੱਚੀਮੁੱਚੀ ਨਾਲ ਉਚਾ ਸੁਨਣ ਲੱਗ ਪੈਂਦਾ ਹੈ। ਪਰ ਇਹ ਸਭ ਲੋਕਾਂ ਦੀਆਂ ਫਾਲਤੂ ਗੱਲੀ ਹੀ ਹਨ ਭਾਵੇ ਇਹ ਇਕ ਹਾਸਾ ਭਰਿਆ ਫੋਜੀ ਜਵਾਨ ਤੇ ਚੁਟਕਲਾ ਹੈ ਪਰ ਅਸਲੀਅਤ ਵਿੱਚ ਇਹ ਇਕ ਠੱਗੀ, ਕਪਟ ਧੋਖੇ ਤੋਂ ਦੂਰ ਰਹਿਣ ਵਾਲੇ ਦੀ ਕਲਪਨਾ ਹੈ।

ਸੋ ਆਪਾ ਗੱਲ ਕਰਦੇ ਸੀ ਇਸੇ ਤਰ੍ਹਾਂ ਹਿੰਦੂ ਨਿਰਮਲੇ ਸੰਤਾਂ ਨੇ ਗੜਬੜੀ ਇਲਾਕਿਆਂ ਵਿੱਚ ਉਥੋਂ ਦੇ ਸੰਤਾ, ਮਹਾਪੁਰਸ਼ਾਂ ਦੀਆਂ ਵਿਚਾਰਾਂ ਅਤੇ ਹੁਕਮਾਂ ਨੂੰ ਮਨਣ ਦੀ ਤਰਜ਼ੀਹ ਦਿੱਤੀ । ਭਾਜਪਾ ਲੀਡਰਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ, ਉਹਨਾਂ ਅਨੁਸਾਰ ਹਿੰਦੂ ਧਰਮ ਵਿੱਚੋਂ ਪੈਦਾ ਹੋਏ ਧਰਮਾਂ ਨੂੰ ਹਿੰਦੂ ਧਰਮ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਤਰੀਕੇ ਅਮਲ ਵਿੱਚ ਲਿਆਉਣ ਲਈ ਕਿਹਾ।

ਜਿਸ ਤਰ੍ਹਾਂ ਜੈਨੀ ਅਤੇ ਬੋਧੀ ਧਰਮ ਹੋਲੀ-ਹੋਲੀ ਹਿੰਦੂ ਧਰਮ ਵਿੱਚ ਰੱਲ ਗਿਆ ਉਹਨਾਂ ਦੀਆਂ ਰਿਸ਼ਤੇਦਾਰੀਆਂ ਸਭਿਅੱਤਾ ਹਿੰਦੂ ਧਰਮ ਵਿੱਚ ਮਿਲ ਗਈਆਂ

ਉਹਨਾਂ ਨੇ ਹਿੰਦੂ ਧਰਮ ਦੀਆਂ ਸਿਖਿਆਵਾਂ ਸਿੱਖ ਗੁਰੂਆਂ ਦੀ ਸਿਖਿਆਵਾਂ ਨਾਲ ਮਿਲਾ ਕੇ ਘੱਟ ਗਿਣਤੀ ਇਲਾਕਿਆਂ ਦੇ ਸਕੂਲਾਂ ਵਿੱਚ ਸਰਕਾਰੀ ਤੌਰ ਤੇ ਪੇਸ਼ ਕਰਨ ਦੀ ਸਕੀਮ ਦਿੱਤੀ ਅਤੇ ਸਿੱਖਾਂ ਦੇ ਗੁਰੂਆਂ ਨੂੰ ਵੀ ਹਿੰਦੂ ਧਰਮ ਦੇ ਰਿਤੀ ਰਿਵਾਜ਼ਾਂ ਹਿੰਦੂ ਇਸ਼ਟ ਦੇ ਪੁਜਾਰੀ ਹੋਣ ਭਾਵ ਦੇਵਤਿਆਂ ਆਦਿ ਦੀ ਪੂਜਾ ਕਰਨੀ ਆਦਿ ਸਕੂਲਾਂ ਵਿੱਚ ਪੇਸ਼ ਕਰਨ ਦੀ ਸਕੀਮ ਦਿੱਤੀ। ਉਹਨਾਂ ਅਨੁਸਾਰ 9 ਗੁਰੂ ਹਿੰਦੂ ਸਨ 10ਵੇਂ ਗੁਰੂ ਨੇ ਹਿੰਦੂਆਂ ਦੀ ਰਾਖੀ ਲਈ ਹਿੰਦੂਆਂ ਨੂੰ ਇਕ ਵਰਦੀ ਲਾ ਦਿੱਤੀ ਜੋ ਬਾਕੀ ਸਾਰੀ ਹਿੰਦੂ ਕੌਮ ਦੀ ਬਾਹਰਲਿਆ ਤੋਂ ਰਾਖੀ ਕਰ ਸਕਣ ਜਿਸ ਨੂੰ ਖਾਲਸਾ ਦਾ ਨਾਮ ਦਿੱਤਾ ਗਿਆ, ਉਹਨਾਂ ਅਨੁਸਾਰ ਸਿੱਖ-ਹਿੰਦੂ ਨੂੰ ਆਪਸੀ ਪਿਆਰ ਵਾਸਤੇ ਸਿੱਖ ਧਰਮ ਦੇ ਗ੍ਰੰਥਾਂ ਨੂੰ ਮੰਦਿਰਾਂ ਵਿੱਚ ਪੜਨ ਲਈ ਕਦਮ ਚੁਕੱਣੇ ਚਾਹੀਦੇ ਹਨ। ਇਸ ਦੀ ਉਦਾਹਰਣ ਉਹਨਾਂ ਨੇ ਹਿਮਾਚਲ ਦੇ ਵਿੱਚ ਮਨੀਕਰਨ ਗੁਰਦੁਆਰੇ ਦੀ ਦਿੱਤੀ। ਹਿੰਦੁਸਤਾਨ ਜਿੱਥੇ ਘੱਟ ਗਿਣਤੀ ਕੌਮਾਂ ਹਨ ਉਹਨਾਂ ਦਾ ਵਿਸ਼ਵਾਸ ਬਹੁ-ਗਿਣਤੀ ਦੇ ਧਰਮ ਵਿੱਚ ਪੈਦਾ ਕਰਨ ਲਈ ਉਹਨਾ ਕੌਮਾਂ ਦੇ ਸੰਤਾਂ ਅਤੇ ਲੀਡਰਾਂ ਨੂੰ ਨਾਲ ਰਲਾਉਣਾ ਚਾਹੀਦਾ ਹੈ ਅਤੇ ਇਹਨਾਂ ਨੂੰ ਸਰਕਾਰੀ ਤੋਰ ਤੇ ਪੂਰੀ ਮਦਦ ਦੇਣੀ ਚਾਹੀਦੀ ਹੈ। ਕਿਉਕਿ ਘੱਟ ਗਿਣਤੀਆਂ ਦਾ ਇਹਨਾਂ ਤੇ ਪਰਪੱਕ ਵਿਸ਼ਵਾਸ ਹੁੰਦਾ ਹੈ ਸਾਰੀਆਂ ਗੱਲਾਂ ਦਾ ਸਿੱਟਾ ਭਾਜਪਾ ਦੀ ਭਾਵਨਾ ਘੱਟ ਗਿਣਤੀ ਲੋਕਾਂ ਦੇ ਬਹੁ-ਗਿਣਤ ਦੇ ਲੋਕਾਂ ਨਾਲ ਨਫਰਤ ਮਿਟਾਉਣ ਲਈ ਘੱਟ ਗਿਣਤੀ ਵਿੱਚ ਘੁਸਪੈਠ ਕਰਨੀ ਚਾਹੀਦੀ ਹੈ। ਇਹ ਗੱਲਾਂ ਨੂੰ ਸੁਣ ਕੇ ਸ੍ਰੀਮਤੀ ਇੰਦਰਾ ਗਾਧੀ ਜੀ ਹੱਸ ਪਏ ਅਤੇ ਭਾਜਪਾ ਲੀਡਰਾਂ ਦੀ ਤੁਲਨਾ ਇੰਗਲੈਡ ਦੇ ਅੰਗਰੇਜ਼ਾ ਬਰਾਬਰ ਕੀਤੀ।

ਇੰਦਰਾ ਜੀ ਨੇ ਕਿਹਾ ਅਗਰ ਘੁਸਪੈਠ ਕੀਤੀ ਜਾਂਦੀ ਹੈ ਤਾਂ ਭਿੰਡਰਾਂ ਵਾਲੇ ਵਰਗੇ ਖੂੰਖਾਰ ਅੱਤਵਾਦੀ ਪੈਦਾ ਹੋ ਜਾਦੇ ਹਨ। ਇਸ ਦੇ ਉੱਤਰ ਵਿੱਚ ਆਰ.ਐਸ.ਐਸ. ਦੇ ਮੈਂਬਰ ਸੁਸ਼ੀਲ ਕੁਮਾਰ ਨੇ ਕਿਹਾ। ਘੁੱਸਪੈਠ ਕਰਨ ਦੀ ਗਤੀ ਇਕ ਬੋਹੜ ਦੇ ਦੱਰਖਤ ਦੀ ਰਫਤਾਰ ਵਾਂਗ ਹੋਣੀ ਚਾਹੀਦੀ ਹੈ। ਘੁਸਪੈਠ ਦਾ ਮਤਲਬ ਘੱਟ ਗਿਣਤੀ ਦਾ ਪਿਆਰ ਪਾਉਣਾ ਅਤੇ ਵਖਵਾਦੀ ਤਾਕਤਾਂ ਨੂੰ ਰੋਕਣਾ ਹੈ, ਆਰ.ਐਸ.ਐਸ. ਦੇ ਗੌਤਮ ਦੇਵ ਨੇ ਸਿੱਖਾਂ ਦਾ ਇੱਕ ਗ੍ਰੰਥ ਜਿਸ ਨੂੰ ਦਸਮ ਗ੍ਰੰਥ ਕਹਿੰਦੇ ਹਨ ਉਸ ਦੇ ਅਰਥਾਂ ਦੀ ਇਕ ਐਸੀ ਲੜੀ ਪੇਸ਼ ਕੀਤੀ ਜਿਸ ਤੋਂ ਭਾਜਪਾ ਦੀਆ ਉਪੱਰ ਦਿਤੀਆ ਸਾਰੀਆਂ ਕਹਾਣੀਆਂ ਸਿੱਧ ਹੋ ਗਈਆਂ।

ਉਹਨਾਂ ਅਨੁਸਾਰ ਇਸ ਦਸਮ ਗ੍ਰੰਥ ਦੇ ਅਰਥ ਇਸ ਤਰ੍ਹਾਂ ਕੀਤੇ ਜਾ ਸਕਦੇ ਹਨ ਜਿਸ ਤੋਂ ਸਿੱਧ ਹੋ ਜਾਵੇਗਾ ਕਿ ਸਿੱਖ਼ ਕੇਸਾਂ ਧਾਰੀ ਹਿੰਦੂ ਹਨ। ਇਸ ਗ੍ਰੰਥ ਦੇ ਅਰਥ ਬਦਲਾਉਣ ਵਾਲੇ 14 ਅਜਿਹੇ ਭਾਸ਼ਾਕਾਰੀ ਸਪੈਸ਼ਲਿਸਟਾਂ ਦੇ ਨਾਮ ਦਿੱਤੇ ਗਏ ਜੋ ਸੰਸਕ੍ਰਿਤ, ਫ਼ਾਰਸੀ, ਹਿੰਦੀ ਆਦਿ 8 ਭਾਸ਼ਾਵਾਂ ਵਿੱਚ ਮੈਡਲ ਜਿੱਤ ਚੁੱਕੇ ਸਨ। ਅਤੇ ਇਹ ਸਾਰੇ 14 ਦੇ 14 ਆਰ.ਐਸ.ਐਸ. ਦੇ ਮੈਂਬਰ ਸਨ। ਉਹਨਾਂ ਅਨੁਸਾਰ ਸਿੱਖ ਇਸ ਦੇ ਅਰਥਾਂ ਨੂੰ ਲੈਕੇ 2 ਧੜਿਆਂ ਵਿੱਚ ਵੰਡੇ ਜਾ ਸਕਦੇ ਹਨ।

ਪਰ ਇੰਦਰਾ ਗਾਧੀ ਜੀ ਨੇ ਇਕ ਦੂਰ ਦਰਸ਼ੀ ਤੋਂ ਕੰਮ ਲੈਂਦੇ ਹੋਏ ਇਹਨਾਂ ਸਾਰੀਆਂ ਗੱਲਾਂ ਨੂੰ ਨਕਾਰ ਦਿੱਤਾ। ਉਹਨਾਂ ਅਨੁਸਾਰ ਇਹ ਦੇਸ਼ ਦੇ ਕਾਨੂੰਨ ਅਨੁਸਾਰ

ਬਿਲਕੁਲ ਉਲੱਟ ਹਨ ਅਤੇ ਕਾਮਰੇਡ ਵੀ ਇਸ ਗੱਲ ਦਾ ਵਿਰੋਧ ਕਰਦੇ ਸਨ। ਇੰਦਰਾ ਜੀ ਅਨੁਸਾਰ ਇਸ ਤਰ੍ਹਾਂ ਕਰਨ ਨਾਲ ਕਿਸੇ ਵੀ ਟਾਈਮ ਇਕ ਬਹੁਤ ਵੱਡਾ ਭੁਚਾਲ ਉੱਠ ਖੜੇਗਾ ਕਿਉਂਕਿ ਕਿਸੇ ਦੀ ਇਸ਼ਟ ਦੇ ਨਾਂਲ ਹੇਰਫੇਰ ਕਰਨੀ ਉਸ ਕੌਮ ਦੇ ਅਨਪੜਾਂ ਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। ਜਿਸ ਤਰ੍ਹਾਂ 1978 ਅਤੇ 1992 ਤੱਕ ਪੰਜਾਬ ਵਿੱਚ ਹੋਇਆ ਅਤੇ ਇੰਦਰਾਂ ਜੀ ਨੇ ਸਭ ਦੀਆਂ ਸਲਾਹਾਂ ਲੈਕੇ 6 ਘੰਟੇ ਚੱਲੀ ਲੰਮੀ ਮੀਟਿੰਗ ਤੋਂ ਬਾਅਦ ਛੁੱਟੀ ਕਰ ਦਿੱਤੀ ਅਤੇ ਉਹ ਆਪ ਇਕ ਅਜਿਹੀ ਸਕੀਮ ਘਟੱਣ ਲਈ ਸੋਚਣ ਲੱਗੇ। ਜਿਸ ਨਾਲ ਅੱਗੇ ਤੋਂ ਕੋਈ ਮੁਸ਼ਕਿਲ ਨਾ ਆਵੇ। ਇਸ ਤੋਂ ਪਹਿਲਾ ਉਹ ਕੋਈ ਹਿੰਦੁਸਤਾਨ ਵਾਸੀਆਂ ਲਈ ਕੋਈ ਭਲੇ ਵਾਸਤੇ ਸੰਦੇਸ਼ ਲਾਉਦੇਂ ਜੋ ਗੱਦਾਰ ਅੱਤਵਾਦੀ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਸ਼੍ਰੀਮਤੀ ਇੰਦਰਾ ਗਾਧੀ ਨੂੰ ਸ਼ਹੀਦ ਕਰ ਦਿੱਤਾ।

ਇਹਨਾਂ ਦੋਨਾਂ ਅੱਤਵਾਦੀਆਂ ਨੇ ਸ਼੍ਰੀਮਤੀ ਇੰਦਰਾ ਗਾਧੀ ਜੀ ਨੂੰ ਤਾਂ ਅਕਾਲ ਤਖਤ ਦੇ ਹਮਲੇ ਦਾ ਜ਼ੁੰਮੇਵਾਰ ਠਹਿਰਾ ਦਿੱਤਾ ਪਰ ਉਸ ਵਿੱਚ ਬੈਠਾ ਦੇਸ਼ ਧਰੋਹੀ ਭਿੰਡਰਾਂ ਵਾਲਾ ਹਜ਼ਾਰਾਂ ਜਵਾਨਾਂ ਨੂੰ ਸ਼ਹੀਦ ਕਰਨ ਵਾਲਾ, ਉਸ ਨੂੰ ਬਰੀ ਕਰ ਦਿੱਤਾ। ਇਸ ਤੋਂ ਪਤਾ ਲੱਗਦਾ ਹੈ ਜੇਕਰ ਸਾਡੇ ਪੰਜਾਬੀ ਵੀਰ ਦੇਸ਼ ਲਈ ਸਰਹੱਦਾਂ ਤੇ ਲੜਕੇ ਸ਼ਹੀਦੀਆਂ ਪਾ ਲੈਂਦੇ ਹਨ ਤਾਂ ਉਸੇ ਪੰਜਾਬ ਵਿੱਚ ਸੰਤਵਤ ਸਿੰਘ ਅਤੇ ਬੇਅੰਤ ਸਿੰਘ ਵਰਗੇ ਆਪਣੀ ਗੱਦਾਰੀ ਦਾ ਸਬੂਤ ਦੇਕੇ ਹਮੇਸ਼ਾ ਲਈ ਕੰਲਕ ਖੱਟ ਲੈਂਦੇ ਹਨ।

ਭਿੰਡਰਾਂ ਵਾਲਾ ਧਰਮ ਦੇ ਤੌਰ ਤੇ ਇੱਕ ਜਾਦੂਗਰ ਦੁਨਿਆਵੀ ਤੌਰ ਤੇ ਦੇਸ਼ ਧਰੋਹੀ ਪ੍ਰਚਾਰਕ ਅਤੇ ਇਕ ਦਲੇਰ ਕਿਸਮ ਦਾ ਆਦਮੀ ਸੀ। ਧਰਮ ਦਾ ਜਾਦੂਗਰ ਇਸ ਲਈ ਸੀ ਕਿਉਂਕਿ ਉਹ ਜੋ ਵੀ ਗੱਲਾਂ ਧਰਮ ਚਲਾਉਣ ਲਈ ਕਰਦਾ ਸੀ ਉਹਨਾਂ ਗੱਲਾਂ ਵਿੱਚ ਕੀਤੇ ਨਾ ਕੀਤੇ ਵਿਗਿਆਨ ਛੁਪਿਆ ਹੋਇਆ ਸੀ ਪਰ ਅਨਪੜ ਜਨਤਾ ਉਸ ਨੂੰ ਸ਼ਕਤੀ ਵਾਲਾ ਸੰਤ ਦਾ ਖਿਤਾਬ ਦਿੰਦੀ ਸੀ। ਮੈਂ ਤੁਹਾਡੇ ਕੋਲੋ ਇਸ ਗੱਲ ਦਾ ਜਵਾਬ ਮੰਗਦਾ ਹਾਂ ਅਤੇ ਤੁਹਾਡੇ ਨਾਲ ਇਹ ਗੱਲ ਸਾਂਝੀ ਵੀ ਕਰਨਾ ਚਾਹੁੰਦਾ ਹਾਂ ਤੁਸੀ ਇਸ ਦੇ ਉੱਤਰ ਜਾਂ ਵਿਚਾਰ ਦੀ ਈ-ਮੇਲ ਜਰੂਰ ਕਰਨੀ ਤਾਂ ਜੋ ਆਪਾਂ ਲੋਕਾਂ ਨੂੰ ਸਪਸ਼ਟ ਉਤੱਰ ਦੇ ਸਕੀਏ।

ਗੱਲ ਇਸ ਤਰ੍ਹਾਂ ਹੈ ਹਮਲੇ ਤੋਂ ਬਾਅਦ ਫੜੇ ਆਦਮੀਆਂ ਦੀਆਂ ਕਾਫੀ ਦਿਨ ਪੁਛ-ਪੜਤਾਲ ਚੱਲਦੀ ਰਹੀ ਇਕ ਜਗਦੇਵ ਨਾਮ ਦਾ ਆਦਮੀ ਜੋ ਇਕ ਸਾਬਕਾ ਫੌਜੀ ਸਰਵਿਸ ਵਿੱਚੋਂ ਹੌਲਦਾਰ ਰਿਟਾਇਰ ਹੋਇਆ ਸੀ। ਮੇਰੀ ਕੁਝ ਪੁਰਾਣੀ ਜਾਣ-ਪਹਿਚਾਣ ਦਾ ਨਿਕਲਿਆ। ਮੈਂ ਪੁੱਛ-ਗਿੱਛ ਵਾਲੇ ਕੇਂਦਰ ਤੋਂ ਆਪਣੀ ਰਿਹਾ… ਵਿੱਚ ਲੈ ਆਇਆ, ਜਗਦੇਵ ਭਿੰਡਰਾਂਵਾਲਾ ਨੂੰ ਇਕ ਸ਼ਕਤੀ ਵਾਲਾ ਆਦਮੀ ਪ… ਕਰਨ ਦਾ ਯਤਨ ਕਰ ਰਿਹਾ ਸੀ। ਅਖੀਰ ਉਸ ਨੇ ਮੈਨੂੰ ਰਾਤ ਨੂੰ ਕਿਸੇ ਵੇਲੇ ਨੀਂਦ ਨਾ ਆਉਦੀ ਹੋਈ ਨੀਂਦ ਲਿਆਉਣ ਲਈ ਭਿੰਡਰਾਵਾਲੇ ਦੀ ਸ਼ਕਤੀ ਦਾ ਵਰਨਣ ਕੀਤਾ। ਮੈਂ ਵੀ ਬੜੀ ਉਤਸੁਕਤਾ ਨਾਲ ਸੁਣਨ ਲੱਗਾ।

ਉਹ ਕਹਿੰਦਾ ਭਿੰਡਰਾਂਵਾਲੇ ਅਨੁਸਾਰ ਸਿੱਖਾਂ ਦੇ 10 ਗੁਰੂ ਸਨ। 10 ਗੁਰੂਆਂ ਦੇ ਜੀਵਨ ਨਾਲ ਸੰਬਧਤ ਇੱਕ ਇੱਕ ਕਹਾਣੀ ਚੇਤੇ ਕਰ ਲਵੇ। ਜਿਵੇਂ ਬਾਬਾ ਨਾਨਕ

ਨੇ ਪੰਜਾ ਲਾਕੇ ਪੱਥਰ ਰੋਕਿਆ, ਦੂਜੇ ਗੁਰੂ ਦੀ ਕੋਈ ਵੀ ਕਹਾਣੀ, ਤੀਜੇ ਗੁਰੂ ਦੀ ਰਾਜੇ ਅਕਬਰ ਦੀ ਕਹਾਣੀ, ਪੰਜਵੇ ਗੁਰੂ ਦੀ ਸੰਮਣ ਅਤੇ ਮੂਸਣ ਨੂੰ ਜਿਉਂਦੇਂ ਕਰਨ ਦੀ ਕਹਾਣੀ ਚੇਤੇ ਕਰ ਲਵੇ। ਮੈਨੂੰ ਕੋਈ ਕਹਾਣੀ ਨਹੀ ਆਉਦੀ ਸੀ। ਜਗਦੇਵ ਨੇ ਮੈਨੂੰ ਸੁਣਾਈਆਂ। ਫਿਰ ਜੱਦੋਂ ਤੁਹਾਡਾ ਸੌਣ ਨੂੰ ਜੀਅ ਕਰਦਾ ਹੋਵੇ ਪਹਿਲੇ ਗੁਰੂ ਦੀ ਕਹਾਣੀ ਤੋਂ ਲੜੀਵਾਰ ਕਹਾਣੀਆਂ ਆਪਣੇ ਦਿਮਾਗ ਵਿੱਚ ਘੁਮਾਊ। ਭਾਵ ਬਿਸਤਰ ਤੇ ਪਏ ਹੋਏ ਪਹਿਲੀ ਕਹਾਣੀ ਤੋਂ ਸ਼ੁਰੂ ਕਰ ਲਵੋ ਹੋਰ ਕੋਈ ਗੱਲ ਦਿਮਾਗ ਵਿੱਚ ਨਾ ਆਉਣ ਦਵੋ। ਸਿਰਫ ਦੱਸ ਕਹਾਣੀਆਂ ਬਾਰੇ ਸੋਚੋ। ਤੁਸੀ 10-15 ਮਿੰਟਾਂ ਵਿੱਚ ਸੋ ਜਾਵੋਗੇ। ਜੱਦੋ ਮੈਂ ਪਹਿਲੇ ਦਿਨ ਇਹ ਗੱਲ ਵਰਤੀ ਤਾਂ ਸੱਚੀ ਹੋਈ। ਮੈਂ ਹੈਰਾਨੀ ਨਾਲ ਮਨੋ-ਵਿਗਿਆਨੀ ਡਾਕਟਰ ਕੁੰਬਲੇ ਨੂੰ ਪੁਛਿਆ ਤਾਂ ਉਸ ਨੇ ਸਾਰੀ ਵਿਗਿਆਨਿਕ ਗੱਲ ਖੋਲ ਕੇ ਤਾਰ-ਤਾਰ ਕਰ ਦਿੱਤੀ। ਪਰ ਤੁਹਾਡੇ ਵਿੱਚੋਂ ਕਈ ਭੋਲੇ-ਭਾਲੇ ਇਸ ਕਪਟ ਚਕਰਵਿਊ ਵਿੱਚ ਫੱਸ ਜਾਣਗੇ। ਪਿੱਛੇ ਲਿਖੀਆਂ ਕਹਾਣੀਆਂ ਵਿੱਚ ਥਾਂ-ਥਾਂ ਉਪੱਰ ਸਾਇੰਸ ਪਈ ਹੈ।

ਸਭ ਤੋਂ ਪਹਿਲੀ ਗੱਲ ਭਿੰਡਰਾਂਵਾਲੇ ਨੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਦਾ ਭਰਮ ਦੇਣ ਲਈ ਜਸਵਿੰਦਰ ਸਿੰਘ ਖਾਲਸੇ ਵਰਗੇ ਮੋਟੀ ਅਕਲ ਦੇ ਮਾਲਕ ਨੂੰ ਫੜਿਆ। ਜੇ ਸਚਮੁੱਚ ਰੱਬ ਮਿਲ ਜਾਦਾ ਤਾਂ ਫਿਰ ਭਿੰਡਰਾਂਵਾਲਾ ਲੋਕਾਂ ਕੋਲ ਕਿਉ ਆਪਣੇ ਪਰਦੇ ਖੋਲਦਾ ਫਿਰ ਧੀਰ ਸਿੰਘ ਖਾਲਸਾ ਦੇ ਘੱਰੋਂ ਦੁੱਖੀ ਨੂੰ ਭਿੰਡਰਾਂ ਵਾਲੇ ਵਰਗੇ ਨੇ ਕੋਈ ਦਵਾਈ ਦੇਗ ਵਿੱਚ ਪਵਾਕੇ ਉਸ ਦੇ ਮੁੰਡੇ ਨੂੰ ਖਵਾ ਦਿੱਤੀ ਅਤੇ ਧੀਰ ਸਿੰਘ ਨੂੰ ਸਦਾ ਲਈ ਗੁਲਾਮ ਬਣਾ ਲਿਆ। ਲਖਵਿੰਦਰ ਸਿੰਘ ਦੀ ਕਹਾਣੀ ਜਿਵੇਂ ਕੁੰਬੇ ਦੇ ਵੱਜੀ ਲੱਤ ਉਸ ਨੂੰ ਆ ਗਈ ਰਾਸ ਵਾਲੀ ਕਹਾਣੀ ਹੋਈ। ਭਿੰਡਰਾਂ ਵਾਲੇ ਵਾਸਤੇ ਇਹੋ ਜਿਹੇ ਆਦਮੀ ਲਾਟਰੀ ਨਿਕਲਣ ਵਾਂਗ ਸਨ। ਨਵਜੋਤ ਸਿੰਘ ਵਰਗਾ ਰੇਲ ਗੱਡੀ ਨੂੰ ਅਸਲ ਵਿੱਚ ਰੋਕਣ ਵਾਲੀਆਂ ਬਰੇਕਾਂ ਦੀ ਕਾਢ ਕੱਢਣ ਵਾਲੇ ਨੂੰ ਨਹੀਂ ਸੱਗੋਂ ਆਪਣੀ ਜਨਮ ਤੋਂ ਮਿਲੀ ਭਰਮਾਂ ਦੀ ਸਿਖਿਆਂ ਨੂੰ ਲੈਕੇ ਭਿੰਡਰਾਂਵਾਲੇ ਦੇ ਸਿਰ ਬੰਨ ਗਿਆ। ਜਸਮੇਲ ਸਿੰਘ ਵਰਗੇ ਗਰੀਬ ਭਿੰਡਰਾਂ ਵਾਲੇ ਵਰਗੇ ਕਪਟ ਦਿਮਾਗ ਨੇ ਖਰੀਦੇ ਹੋਏ ਲਗਦੇ ਸਨ। ਗੁਰਦਿਆਲ ਸਿੰਘ ਵਰਗੇ ਆਪਣੀ ਲੜਕੀ ਨੂੰ ਚੰਗੀ ਥਾਂ ਭੇਜਣ ਤੋਂ ਬਾਅਦ ਲੜਕੀ ਨੂੰ ਪਤੀ ਦੀ ਸੇਵਾ ਦਾ ਸੁਭਾਅ ਨਹੀ ਦਿੰਦੇ ਸੱਗੋਂ ਆਪਣੀ ਕਹਾਣੀ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਮਹਾਭਾਰਤ ਵਿੱਚ ਕ੍ਰਿਸ਼ਨ ਨੂੰ ਪੇਸ਼ ਕੀਤਾ ਹੈ। ਭਾਵੇਂ ਮਹਾਭਾਰਤ ਇਕ ਕਾਲਪਨਿਕ ਕਹਾਣੀ ਹੈ ਅਤੇ ਗੁਰਦਿਆਲ ਸਿੰਘ ਵਰਗੇ ਉਮਰ ਜਿਆਦਾ ਹੋਣ ਕਰਕੇ ਘਰ ਵਿੱਚ ਕੁਦਰਤੀ ਵਾਪਰੀ ਕਹਾਣੀ ਨੂੰ ਸੱਚ ਬੰਨ ਦਿੰਦੇ ਹਨ। ਬਾਕੀ ਵੀ ਸਾਰੀਆਂ ਗੱਲਾਂ ਦਾ ਅਤੇ ਸਾਰੀਆਂ ਕਹਾਣੀਆਂ ਦਾ ਜੁਆਬ ਤਰਕਸ਼ੀਲ ਸੁਸਾਇਟੀ ਜੋ ਸ਼੍ਰੀ ਲੰਕਾ ਤੋ ਚੱਲੀ ਹੈ। ਉਹ ਪੂਰੀ ਖੋਲ ਕੇ ਦੱਸ ਸਕਦੇ ਹਨ। ਬਾਕੀ ਭਿੰਡਰਾਂਵਾਲੇ ਨੇ ਪਿਛੇ ਲਿਖੇ ਹੋਏ ਲੋਕਾਂ ਦੇ ਕੰਮ ਅਤੇ ਇਨਸਾਫ ਹਨ। ਉਹ ਜਿਸ ਆਦਮੀ ਨੇ ਆਪਣੀ ਪ੍ਰਸਿਧੀ ਕਰਨੀ ਹੋਵੇ। ਪਹਿਲਾ ਲੋਕਾਂ ਦੀਆਂ ਕਮਜੋਰੀਆਂ ਨੂੰ ਫੜ ਕੇ ਪੂਰੀਆਂ ਕਰਦਾ ਹੈ। ਫੇਰ ਉਨ੍ਹਾਂ ਲੋਕਾਂ ਤੋਂ ਪੁੱਠੇ ਸਿੱਧੇ ਕੰਮ ਕਰਵਾਉਦਾ ਹੈ । ਜਿਨ੍ਹਾਂ ਲੋਕਾਂ ਦੇ ਕੰਮ ਪੂਰੇ ਹੋ ਜਾਣ ਉਹ

ਬੜੀ ਸ਼ਰਧਾ ਨਾਲ ਉਸ ਦੇ ਗੁਣ ਗਾਉਂਦੇ ਹਨ। ਜਿਵੇ ਕਿ ਤੁਸੀਂ ਪੜ੍ਹਿਆ ਹੀ ਹੈ। ਕਿ ਕਿਸ ਤਰ੍ਹਾਂ ਹਰ ਕੋਈ ਘਟਨਾ ਦਾ ਪੂਰਾ ਪੂਰਾ ਵੇਰਵਾ ਦੇ ਕੇ ਸੁਣਾਉਂਦੇ ਹਨ। ਅਖੀਰ ਵਿੱਚ ਮੈਂ ਤੁਹਾਨੂੰ ਇਹੀ ਬੇਨਤੀ ਕਰਾਂਗਾ। ਇੱਥੇ ਭਿੰਡਰਾਂਵਾਲੇ ਵਰਗੇ ਖਤਰਨਾਕ ਅੱਤਵਾਦੀ ਜੰਮੇਦੇ ਰਹਿਣ ਗੇ। ਅਜਿਹੇ ਲੀਡਰ ਵੀ ਜੰਮਦੇ ਰਹਿਣ ਗੇ ਜਿਨ੍ਹਾਂ ਨੂੰ ਸਿਰਫ ਆਪਣੀ ਕੁਰਸੀ ਪਿਆਰੀ ਹੈ ਅਤੇ ਕੁਰਬਾਨੀਆਂ ਦਾ ਮੁੱਲ ਨਹੀਂ ਪਾਉਣ ਗੇ ਅਤੇ ਸਾਡੇ ਵੱਰਗੇ ਜਰਨਲ ਅਤੇ ਸ਼ਹੀਦੀਆਂ ਪਾਉਣ ਵਾਲੇ ਫੌਜੀ ਜਵਾਨ ਵੀ ਸਮੇਂ ਸਮੇਂ ਤੇ ਇਸ ਦੇਸ਼ ਨੂੰ ਬਚਾਉਣ ਗੇ। ਸੋ ਮੈਂ ਇਹੀ ਕਹਾਂਗਾ ਕਿ ਅਸੀਂ ਇਨ੍ਹਾਂ ਗੋਰਮਿੰਟਾਂ ਤੋਂ ਬਹੁਤੀ ਵੱਡੀ ਆਸ ਨਹੀਂ ਰੱਖਦੀ। ਤੁਹਾਨੂੰ ਹੀ ਬੇਨਤੀ ਕਰਦੇ ਹਾਂ ਕਿ ਪਿਛੇ ਲਿੱਖੇ ਪਤੇ ਅਤੇ ਫੌਜੀ ਜਵਾਨਾਂ ਦੇ ਡਰਾਫਟ ਦਾ ਅਕਾਊਂਟ ਆਪ ਦੇ ਅੱਗੇ ਰੱਖਿਆ ਹੈ। ਜੇ ਕਰ ਕੋਈ ਸੱਜਣ ਇੰਡੀਆ ਆ ਕੇ ਜਵਾਨਾਂ ਦੇ ਘਰਦਿਆ ਨੂੰ ਮਦਦ ਦੇਣੀ ਚਾਹੁੰਦਾ ਹੈ। ਤਾਂ ਮੇਰੇ ਕੋਲ ਸਾਕਾ ਨੀਲਾ ਤਾਰਾ ਦੇ ਦੋਰਾਨ 15,307 ਸ਼ਹੀਦ ਜਵਾਨਾਂ ਦੇ ਪਤੇ ਹਨ ਜੋ ਮੈਂ ਆਪ ਨੂੰ ਦੇ ਸਕਦਾ ਹਾਂ।

ਸੋ ਤੁਸੀਂ "ਉਪਰੇਸ਼ਨ ਬਲੀਊ ਸਟਾਰ ਸ਼ਹੀਦੀ ਫੌਜੀ ਫੰਡ" ਦੇ ਨਾ ਤਾ ਡਰਾਫਟ ਬਣਾ ਕੇ ਅਤੇ ਜੇ ਕਰ ਮੈਨੂੰ ਕੋਈ ਮਦਦ ਦੇਣਾ ਚਾਹੁੰਦੇ ਹੋਵੋ ਤਾਂ ਮੇਰਾ ਅਕਾਊਂਟ 3654 - ਪੀ. ਟੀ ਕਿਊ 4923 ਨਾਲ ਜਰੂਰ ਲਿਖੇ ਅਤੇ ਇਸ ਪੱਤੇ ਤੇ ਭੇਜ ਸੱਕਦੇ ਹੋ। ਮੈਨੂੰ ਤੁਸੀਂ ਈ ਮੇਲ ਵੀ ਕਰ ਸਕਦੇ ਹੋ ਮੇਰਾ ਈ ਮੇਲ ਪਤਾ ਹੈ।

ਮੋਕੇ ਅਤੇ ਬਆਦ ਵਿੱਚ ਜਖਮੀਆਂ ਵਿੱਚ ਦਮ ਤੋੜ
ਕੇ ਸ਼ਹੀਦੀ ਪਾਉਣ ਵਾਲੇ ਫੌਜੀ ਜਵਾਨ ਦੀ ਗਿਣਤੀ

1) ਕੁਲ ਸ਼ਹੀਦ	15307
2) ਕੁਲ ਸ਼ਹੀਦ ਅਫਸਰ	43
3) ਕੁਲ ਜੂਨੀਅਰ ਅਫਸਰ	109
4) ਦੂਜੇ ਰੈਂਕ	332
5) ਜਖਮੀ	17897

email : Left.co.kuldeepsbrar@yahoo.co.in

ਖਾੜਕੂਆਂ ਤੋਂ ਜਪਤ ਮਾਰੂ ਹਥਿਆਰਾਂ ਵਿਚੋਂ ਕੁਝ ਕੁ




















ਮੋਰਚਾ ਸੰਭਾਲਦੇ ਭਾਰਤੀ ਫੌਜੀ ਜਵਾਨ




ਸਾਡੀ ਸੀ. ਆਈ. ਡੀ ਵਲੋਂ ਗੁਪਤ ਕੈਮਰੇ ਨਾਲ ਖਿੱਚੀ
ਫੋਟੋ ਹਮਲੇ ਦੀ ਯੋਜਨਾ ਬਣਾਉਂਦਾ ਹੋਇਆ ਭਿੰਡਰਾਂਵਾਲਾ



ਜੂਨ
1984

ਹੁਣ



ਫੌਜ ਦੀ
ਸਫਲਤਾ ਦੀ
ਕਹਾਣੀ
ਤਸਵੀਰਾਂ ਦੀ
ਜ਼ੁਬਾਨੀ

ਮੂਲ : 110/-